@Qpatrika | @qaumipatrika punjabi | instagram.com/ qaumipatrika

Largest Circulated

विश्व भर में सबसे ज्यादा पढ़ा जाने वाला

# ਕੌਮੀ ਪੱਤ੍ਰਿਕਾ

Qaumi Patrika NO.1

ਦਿੱਲੀ, ਹਿਮਾਚਲ, ਹਰਿਆਣਾ, ਪੰਜਾਬ, ਉੱਤਰ ਪ੍ਰਦੇਸ਼, ਉੱਤਰਾਖੰਡ ਤੋਂ ਪ੍ਰਸਾਰਿਤ।

Tuesday, 24 February 2026

VISIT: www.qaumipatrika.org
Email: qpatrika@gmail.com

Punjabi National Daily

ਨਵੀਂ ਦਿੱਲੀ: ਮੰਗਲਵਾਰ 24 ਫਰਵਰੀ 2026, 12 ਫੱਗਣ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81– ਸੰਪਾਦਕ – ਗੁਰਚਰਨ ਸਿੰਘ ਬੱਬਰ – ਸਾਲ – 44, ਅੰਕ 111. qpatrika@gmail.com ਫੋਨ : 9971359517 www.qaumipatrika.org

## ਗਲਗੋਟੀਆ ਯੂਨੀਵਰਸਿਟੀ ਫਿਰ ਵਿਵਾਦਾਂ ’ਚ, ਪੇਟੈਂਟ ਦੇ ‘ਨੰਬਰ ਗੇਮ’ ’ਤੇ ਖੜ੍ਹਾ ਹੋਇਆ ਸਵਾਲ

ਗ੍ਰੇਟਰ ਨੋਇਡਾ 23 ਫਰਵਰੀ। ਗ੍ਰੇਟਰ ਨੋਇਡਾ ਸਥਿਤ ਗਲਗੋਟੀਆ ਯੂਨੀਵਰਸਿਟੀ ਇੱਕ ਵਾਰ ਫਿਰ ਵੱਡੇ ਵਿਵਾਦਾਂ ਦੇ ਘੇਰੇ ਵਿੱਚ ਆ ਗਈ ਹੈ। ਹਾਲ ਹੀ ਵਿੱਚ ਹੋਏ ਇੱਕ ਏ.ਆਈ. ਸੰਮੇਲਨ ਦੌਰਾਨ ਇੱਕ ਚੀਨੀ ਉਤਪਾਦ ਨੂੰ ਆਪਣੀ ਕਾਢ (ਇਨੋਵੇਸ਼ਨ) ਦੱਸਣ ਦੇ ਦੋਸ਼ਾਂ ਤੋਂ ਬਾਅਦ ਹੁਣ ਯੂਨੀਵਰਸਿਟੀ ਵੱਲੋਂ ਕੀਤੀ ਗਈ ਪੇਟੈਂਟ ਫਾਈਲਿੰਗ ’ਤੇ ਗੰਭੀਰ ਸਵਾਲ ਖੜ੍ਹੇ ਕੀਤੇ ਜਾ ਰਹੇ ਹਨ। ਜਾਣਕਾਰੀ ਅਨੁਸਾਰ, ਯੂਨੀਵਰਸਿਟੀ ਨੇ ਪਿਛਲੇ ਸਾਲਾਂ ਦੌਰਾਨ ਹਜ਼ਾਰਾਂ ਦੀ ਗਿਣਤੀ ਵਿੱਚ ਪੇਟੈਂਟ ਅਰਜ਼ੀਆਂ ਦਾਇਰ




ਕੀਤੀਆਂ ਹਨ ਪਰ ਇਨ੍ਹਾਂ ਵਿੱਚੋਂ ਬਹੁਤ ਹੀ ਘੱਟ ਨੂੰ ਅਸਲ ਵਿੱਚ ਮਨਜ਼ੂਰੀ ਮਿਲੀ ਹੈ। ਮਾਹਿਰਾਂ ਦਾ ਦੋਸ਼ ਹੈ ਕਿ ਇਹ ਪੂਰੀ ਪ੍ਰਕਿਰਿਆ ਖੋਜ ਜਾਂ ਨਵੀਨਤਾ ਨਾਲੋਂ NIRF ਰੈਂਕਿੰਗ ਅਤੇ ©113 ਗ੍ਰੇਡਿੰਗ ਨੂੰ ਬਿਹਤਰ ਦਿਖਾਉਣ ਲਈ ਇੱਕ ‘ਨੰਬਰ ਗੇਮ’ ਦਾ ਹਿੱਸਾ ਹੋ ਸਕਦੀ ਹੈ। ਇਸ ਮਾਮਲੇ ਵਿੱਚ ਇੱਕ ਹੋਰ ਗੰਭੀਰ ਪਹਿਲੂ ਪੇਟੈਂਟ ਨਾਲ ਜੁੜੀਆਂ ਸਰਕਾਰੀ ਸਬਸਿਡੀਆਂ ਅਤੇ ਪ੍ਰੋਤਸਾਹਨ ਰਾਸ਼ੀ ਦਾ ਹੈ। ਸ਼ੱਕ ਜਤਾਇਆ ਜਾ ਰਿਹਾ ਹੈ ਕਿ ਕੀ ਬਿਨਾਂ ਕਿਸੇ ਠੋਸ ਨਵੀਨਤਾ ਦੇ ਦਾਇਰ ਕੀਤੇ ਗਏ ਪੇਟੈਂਟਾਂ ਰਾਹੀਂ ਸਰਕਾਰੀ ਧਨ ਹਾਸਲ ਕੀਤਾ ਗਿਆ ਹੈ। ਜੇਕਰ ਅਜਿਹਾ ਹੈ, ਤਾਂ ਇਹ ਜਾਂਚ ਦਾ ਵਿਸ਼ੇ ਹੈ ਕਿ ਪੇਟੈਂਟ ਸਬਸਿਡੀ ਦੇ ਨਾਂ ’ਤੇ ਕਿੰਨੀ ਸਰਕਾਰੀ ਰਾਸ਼ੀ ਖਰਚ ਹੋਈ ਜਾਂ ਉਸ ਦੀ ਦੁਰਵਰਤੋਂ ਕੀਤੀ ਗਈ। ਏ.ਆਈ. ਸੰਮੇਲਨ ਦੇ ਵਿਵਾਦ ਤੋਂ ਬਾਅਦ ਇਹ ਮਾਮਲਾ ਹੋਰ ਵੀ ਗੰਭੀਰ ਹੋ ਗਿਆ ਹੈ। ਸਿੱਖਿਆ ਸ਼ਾਸਤਰੀਆਂ ਅਤੇ ਮਾਹਿਰਾਂ ਨੇ ਮੰਗ ਕੀਤੀ ਹੈ ਕਿ ਸਰਕਾਰ ਪੇਟੈਂਟ ਫਾਈਲਿੰਗ ਲਈ ਦਿੱਤੀ ਗਈ ਆਰਥਿਕ ਸਹਾਇਤਾ ਅਤੇ ਇਸ ਦੀਆਂ ਅਸਲ ਪ੍ਰਾਪਤੀਆਂ ਦੀ ਸੁਤੰਤਰ ਅਤੇ ਨਿਰਪੱਖ ਜਾਂਚ ਕਰਵਾਏ। ਇਸ ਨਾਲ ਇਹ ਸਪੱਸ਼ਟ ਹੋ ਸਕੇਗਾ ਕਿ ਕਿਤੇ ਇਨੋਵੇਸ਼ਨ ਦੇ ਨਾਂ ’ਤੇ ਜਨਤਕ ਪੈਸੇ ਦੀ ਦੁਰਵਰਤੋਂ ਤਾਂ ਨਹੀਂ ਕੀਤੀ ਗਈ। ਫਿਲਹਾਲ ਯੂਨੀਵਰਸਿਟੀ ਪ੍ਰਸ਼ਾਸਨ ਵੱਲੋਂ ਇਸ ਪੂਰੇ ਮਾਮਲੇ ’ਤੇ ਕੋਈ ਵਿਸਤ੍ਰਿਤ ਅਧਿਕਾਰਤ ਪ੍ਰਤੀਕਿਰਿਆ ਸਾਹਮਣੇ ਨਹੀਂ ਆਈ ਹੈ।

### ਸਾਰੀਆਂ ਭਾਸ਼ਾਵਾਂ ਸਤਿਕਾਰ ਦੀਆਂ ਹੱਕਦਾਰ : ਮਮਤਾ ਬੈਨਰਜੀ

ਕੋਲਕਾਤਾ 23 ਫਰਵਰੀ। ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਕਿਹਾ ਹੈ ਕਿ ਸਾਰੀਆਂ ਭਾਸ਼ਾਵਾਂ ਬਰਾਬਰ ਸਤਿਕਾਰ ਦੀਆਂ ਹੱਕਦਾਰ ਹਨ ਤੇ ਇਹ ਕਿਸੇ ਵੀ ਤਰ੍ਹਾਂ ਦੇ ‘ਹਮਲੇ’ ਤੋਂ ਸੁਰੱਖਿਅਤ ਰਹਿਣੀਆਂ ਚਾਹੀਦੀਆਂ ਹਨ। ਸ਼ਨੀਵਾਰ ਵਾਲੇ ਦਿਨ ਅੰਤਰਰਾਸ਼ਟਰੀ ਮਾਂ-ਬੋਲੀ ਦਿਵਸ ’ਤੇ ਉਨ੍ਹਾਂ ਨੇ ਲੋਕਾਂ ਨੂੰ ਵਧਾਈ ਦਿੱਤੀ। ਇਸ ਦੌਰਾਨ ਭਾਸ਼ਾਈ ਅੰਦੋਲਨਾਂ ਦੌਰਾਨ ਸ਼ਹੀਦ ਹੋਏ ਲੋਕਾਂ ਨੂੰ ਸ਼ਰਧਾਂਜਲੀ ਭੇਟ ਕਰਦੇ ਹੋਏ ਮਮਤਾ ਬੈਨਰਜੀ ਨੇ ਕਿਹਾ ਕਿ ਮੇਰੀ ਸਰਕਾਰ ਭਾਸ਼ਾਈ ਵਨਸੁਵੰਨਤਾ ਦਾ ਸਤਿਕਾਰ ਕਰਦੀ ਹੈ ਤੇ ਉਸ ਨੇ ਕਈ ਭਾਸ਼ਾਵਾਂ ਨੂੰ ਅਧਿਕਾਰਤ ਤੌਰ ’ਤੇ ਮਾਨਤਾ ਦਿੱਤੀ ਹੈ। ਇਸ ਦੇ ਨਾਲ ਹੀ ‘ਐਕਸ’ ’ਤੇ ਇਕ ਪੋਸਟ ਸ਼ੇਅਰ ਕਰਦੇ ਹੋਏ ਮੁੱਖ ਮੰਤਰੀ ਮਮਤਾ ਨੇ ਕਿਹਾ ਕਿ ਬੰਗਾਲੀ ਨਾ ਸਿਰਫ਼ ਇਕ ਅਮੀਰ ਸਾਹਿਤਕ ਵਿਰਾਸਤ ਵਾਲੀ ਭਾਸ਼ਾ ਹੈ, ਸਗੋਂ ਸਾਰੇ ਭਾਸ਼ਾਈ ਭਾਈਚਾਰਿਆਂ ਦਾ ਸਤਿਕਾਰ ਕਰਨ ਦੀ ਇਕ ਵਿਆਪਕ ਵਚਨਬੱਧਤਾ ਦਾ ਵੀ ਹਿੱਸਾ ਹੈ। ਅਸੀਂ ਇਹ ਯਕੀਨੀ ਬਣਾਇਆ ਹੈ ਕਿ ਸੂਬੇ ਦਾ ਹਰ ਵਿਅਕਤੀ ਭਾਵੇਂ ਉਸ ਦੀ ਭਾਸ਼ਾ ਕੋਈ ਵੀ ਹੋਵੇ, ਨੂੰ ਆਪਣੀ ਮਾਂ-ਬੋਲੀ ’ਚ ਸਿੱਖਿਆ ਹਾਸਲ ਕਰਨ ਦਾ ਮੌਕਾ ਮਿਲੇ।

# ਪ੍ਰਧਾਨ ਮੰਤਰੀ ਮਾਰਕ ਕਾਰਨੀ ਦੀ ਭਾਰਤ ਫੇਰੀ ’ਤੇ ਨਜ਼ਰਾਂ! ਕੈਨੇਡਾ ਨਾਲ ਹੋ ਸਕਦੈ ਇਤਿਹਾਸਕ ਵਪਾਰਕ ਸਮਝੌਤਾ

**ਕੌਮੀ ਪੱਤ੍ਰਿਕਾ**
**ਸਿੰਮੀ ਕੌਰ ਬੱਬਰ**

ਨਵੀਂ ਦਿੱਲੀ 23 ਫਰਵਰੀ। ਭਾਰਤ ਤੇ ਕੈਨੇਡਾ ਦੇ ਆਰਥਿਕ ਸਬੰਧਾਂ ਵਿੱਚ ਇੱਕ ਵੱਡਾ ਮੋੜ ਆਉਣ ਦੀ ਉਮੀਦ ਹੈ। ਕੈਨੇਡਾ ਵਿੱਚ ਭਾਰਤ ਦੇ ਉੱਚ ਕਮਿਸ਼ਨਰ ਦਿਨੇਸ਼ ਪਟਨਾਇਕ ਨੇ ਸੰਕੇਤ ਦਿੱਤਾ ਹੈ ਕਿ ਦੋਵੇਂ ਦੇਸ਼ ਅਗਲੇ ਇੱਕ ਸਾਲ ਦੇ ਅੰਦਰ ਵਿਆਪਕ ਆਰਥਿਕ ਭਾਈਵਾਲੀ ਸਮਝੌਤੇ ’ਤੇ ਹਸਤਾਖਰ ਕਰ ਸਕਦੇ ਹਨ। ਇਹ ਅਹਿਮ ਬਿਆਨ ਕੈਨੇਡੀਅਨ ਪ੍ਰਧਾਨ ਮੰਤਰੀ ਮਾਰਕ ਕਾਰਨੀ ਦੀ ਪ੍ਰਸਤਾਵਿਤ ਭਾਰਤ ਯਾਤਰਾ ਤੋਂ ਠੀਕ ਪਹਿਲਾਂ ਆਇਆ ਹੈ। ਵਿਦੇਸ਼ ਮੰਤਰਾਲੇ ਦੇ ਅਨੁਸਾਰ, ਇਸ ਸਮਝੌਤੇ ਦਾ ਮੁੱਖ ਉਦੇਸ਼ ਸਾਲ 2030 ਤੱਕ ਦੁਵੱਲੇ ਵਪਾਰ ਨੂੰ 50 ਅਰਬ ਡਾਲਰ ਤੱਕ ਪਹੁੰਚਾਉਣਾ ਹੈ। ਜ਼ਿਕਰਯੋਗ ਹੈ ਕਿ ਇਸ ਸਮਝੌਤੇ ’ਤੇ ਗੱਲਬਾਤ ਸਭ ਤੋਂ ਪਹਿਲਾਂ 2010 ਵਿੱਚ ਸ਼ੁਰੂ ਹੋਈ ਸੀ, ਪਰ ਕਈ ਕਾਰਨਾਂ ਕਰ ਕੇ ਰੁਕ ਗਈ ਸੀ। ਹੁਣ ਬਦਲਦੇ ਹੋਏ ਗਲੋਬਲ ਹਾਲਾਤਾਂ ਅਤੇ ਰਣਨੀਤਕ ਲੋੜਾਂ ਨੂੰ ਦੇਖਦੇ ਹੋਏ ਦੋਵੇਂ ਦੇਸ਼ ਤੇਜ਼ੀ ਨਾਲ ਅੱਗੇ ਵਧਣਾ ਚਾਹੁੰਦੇ ਹਨ। ਪ੍ਰਧਾਨ ਮੰਤਰੀ ਕਾਰਨੀ ਦੀ



ਯਾਤਰਾ ਦੌਰਾਨ ਨਵੀਂ ਦਿੱਲੀ ਤੇ ਮੁੰਬਈ ’ਚ ਸੀਨੀਅਰ ਅਧਿਕਾਰੀਆਂ ਨਾਲ ਬੈਠਕਾਂ ਪ੍ਰਸਤਾਵਿਤ ਹਨ, ਜਿਸ ’ਚ ਯੂਰੇਨੀਅਮ ਤੇ ਊਰਜਾ ਸਹਿਯੋਗ, ਮਹੱਤਵਪੂਰਨ ਖਣਿਜ, ਆਰਟੀਫੀਸ਼ੀਅਲ ਇੰਟੈਲੀਜੈਂਸ (19) ਤੇ ਡਿਜੀਟਲ ਵਪਾਰ, ਖੇਤੀਬਾੜੀ ਤੇ ਨਿਵੇਸ਼ ਖੇਤਰ ਉੱਤੇ ਜ਼ੋਰ ਦਿੱਤਾ ਜਾਵੇਗਾ। ਉੱਚ ਕਮਿਸ਼ਨਰ ਪਟਨਾਇਕ ਨੇ ਦੱਸਿਆ ਕਿ ਕੈਨੇਡਾ ਇੱਕ ਵਸਤੂ ਨਿਰਯਾਤਕ ਦੇਸ਼ ਹੈ, ਜਦਕਿ ਭਾਰਤ ਇੱਕ ਵਿਸ਼ਾਲ ਖਪਤਕਾਰ ਬਾਜ਼ਾਰ ਹੈ। ਇਸ ਕਾਰਨ ਦੋਵਾਂ ਦੇਸ਼ਾਂ ਦੇ ਉਦਯੋਗਾਂ ਵਿੱਚ ਸਿੱਧੀ ਮੁਕਾਬਲੇਬਾਜ਼ੀ ਘੱਟ ਹੈ ਅਤੇ ਸਹਿਯੋਗ ਦੀਆਂ ਵਧੇਰੇ ਸੰਭਾਵਨਾਵਾਂ ਹਨ। ਉਨ੍ਹਾਂ ਇਹ ਵੀ ਸਪੱਸ਼ਟ ਕੀਤਾ ਕਿ ਇਸ ਵਾਰ ਕਸਟਮ ਪ੍ਰਕਿਰਿਆਵਾਂ ਜਾਂ ਸਰਕਾਰੀ ਖਰੀਦ ਵਰਗੇ ਮੁੱਦੇ ਵੱਡੀ ਰੁਕਾਵਟ ਨਹੀਂ ਬਣ ਰਹੇ। ਇਹ ਸਮਝੌਤਾ ਗਲੋਬਲ ਅਨਿਸ਼ਚਿਤਤਾਵਾਂ ਦੇ ਦੌਰ ਵਿੱਚ ਭਾਰਤ ਅਤੇ ਕੈਨੇਡਾ ਦੇ ਆਰਥਿਕ ਰਿਸ਼ਤਿਆਂ ਨੂੰ ਨਵੀਂ ਮਜ਼ਬੂਤੀ ਦੇਵੇਗਾ ਅਤੇ ਦੋਵਾਂ ਦੇਸ਼ਾਂ ਨੂੰ ਰਣਨੀਤਕ ਤੌਰ ’ਤੇ ਇੱਕ-ਦੂਜੇ ਦੇ ਹੋਰ ਨੇੜੇ ਲਿਆਵੇਗਾ।

# ਮੁੱਖ ਮੰਤਰੀ ਮਾਨ ਦਾ ਇਤਿਹਾਸਕ ਐਲਾਨ: ‘ਮੇਰੀ ਰਸੋਈ ਯੋਜਨਾ’ ਤਹਿਤ 40 ਲੱਖ ਪਰਿਵਾਰਾਂ ਨੂੰ ਮਿਲੇਗਾ ਮੁਫ਼ਤ ਰਾਸ਼ਨ

**ਕੌਮੀ ਪੱਤ੍ਰਿਕਾ**

ਚੰਡੀਗੜ੍ਹ, 23 ਫਰਵਰੀ: ਪੰਜਾਬ ਵਿੱਚ ਪਹਿਲੀ ਵਾਰ ਵਿਆਪਕ ਪੱਧਰ ‘ਤੇ ਖੁਰਾਕ ਅਤੇ ਪੋਸ਼ਣ ਸੁਰੱਖਿਆ ਨੂੰ ਮਜ਼ਬੂਤੀ ਦੇਣ ਦੇ ਉਦੇਸ਼ ਨਾਲ ਇਤਿਹਾਸਕ ਪਹਿਲਕਦਮੀ ਕਰਦਿਆਂ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਨੇ ਅੱਜ ‘ਮੇਰੀ ਰਸੋਈ’ ਯੋਜਨਾ ਦੀ ਸ਼ੁਰੂਆਤ ਦਾ ਐਲਾਨ ਕੀਤਾ, ਜਿਸ ਤਹਿਤ 40 ਲੱਖ ਪਰਿਵਾਰਾਂ ਨੂੰ ਅਪ੍ਰੈਲ ਤੋਂ ਤਿਮਾਹੀ ਆਧਾਰ ‘ਤੇ ਮੁਫ਼ਤ ਫੂਡ ਕਿੱਟਾਂ (ਰਾਸ਼ਨ ਕਿੱਟਾਂ) ਦੀ ਵੰਡ ਸ਼ੁਰੂ ਕੀਤੀ ਜਾਵੇਗੀ। ਦੱਸਣਯੋਗ ਹੈ ਕਿ ਇਹ ਫੂਡ ਕਿੱਟਾਂ ਕੌਮੀ ਖੁਰਾਕ ਸੁਰੱਖਿਆ ਐਕਟ ਅਧੀਨ ਦਿੱਤੀ ਜਾਂਦੀ ਕਣਕ ਤੋਂ ਵੱਖਰੇ ਤੌਰ ‘ਤੇ ਪ੍ਰਦਾਨ ਕੀਤੀਆਂ ਜਾਣਗੀਆਂ। ਇਸ ਸਕੀਮ ਦੀ ਸ਼ੁਰੂਆਤ ਕਰਦਿਆਂ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਲੋਕ ਭਲਾਈ ਸਕੀਮਾਂ ਲਈ ਸਰੋਤ ਜੁਟਾਉਣਾ ਚੰਗੀ ਤਰ੍ਹਾਂ ਜਾਣਦੀ ਹੈ, ਜੋ ਪੂਰੀ ਇਮਾਨਦਾਰੀ ਅਤੇ ਦੂਰਅੰਦੇਸ਼ੀ ਨਾਲ ਚਲਦੀ ਹੈ। ਇਸ ਗੱਲ ’ਤੇ ਜ਼ੋਰ ਦਿੰਦਿਆਂ ਕਿ ਹਰ ਬੱਚੇ ਲਈ ਪੌਸ਼ਟਿਕ ਖੁਰਾਕ ਯਕੀਨੀ ਬਣਾਉਣਾ ਸਿਰਫ਼ ਇੱਕ ਵਾਅਦਾ ਨਹੀਂ ਸਗੋਂ ਸਾਡਾ ਨੈਤਿਕ ਫਰਜ਼ ਹੈ। ਉਨ੍ਹਾਂ ਅੱਗੇ ਕਿਹਾ ਕਿ ਆਉਣ ਵਾਲੇ ਲੋਕ-ਪੱਖੀ ਬਜਟ ਵਿੱਚ ਵੀ ਸਮਾਜ ਦੇ ਹਰ ਵਰਗ ਦੇ ਹਿੱਤਾਂ ਦਾ ਖਿਆਲ ਰੱਖਦਿਆਂ ਲੋਕ ਭਲਾਈ ਉਪਰਾਲਿਆਂ ਦਾ ਦਾਇਰਾ ਹੋਰ ਵਿਸ਼ਾਲ ਕੀਤਾ ਜਾਵੇਗਾ। ਮੀਡੀਆ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ



ਸ. ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਹ ਪਹਿਲਕਦਮੀ ਪੰਜਾਬ ਦੇ ਹਰ ਪਰਿਵਾਰ ਲਈ ਖੁਰਾਕ ਤੇ ਪੋਸ਼ਣ ਸੁਰੱਖਿਆ ਨੂੰ ਯਕੀਨੀ ਬਣਾਉਣ ਸਬੰਧੀ ਪੰਜਾਬ ਸਰਕਾਰ ਦੀ ਵਚਨਬੱਧਤਾ ਨੂੰ ਦਰਸਾਉਂਦੀ ਹੈ। ਦੇਸ਼ ਨੂੰ ਅੰਨ ਉਤਪਾਦਨ ਵਿੱਚ ਆਤਮਨਿਰਭਰ ਬਣਾਉਣ ਵਿੱਚ ਪੰਜਾਬ ਦੇ ਸ਼ਾਨਦਾਰ ਯੋਗਦਾਨ ਨੂੰ ਚੇਤੇ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪੰਜਾਬ ਦੇ ਮਿਹਨਤੀ ਅਤੇ ਸਿਰੜੀ ਕਿਸਾਨਾਂ ਨੇ ਇਹ ਯਕੀਨੀ ਬਣਾਉਣ ਲਈ ਅਣਥੱਕ ਮਿਹਨਤ ਕੀਤੀ ਕਿ ਦੇਸ਼ ਵਿੱਚ ਕੋਈ ਵੀ ਭੁੱਖਾ ਨਾ ਸੌਂਵੇ। ਉਨ੍ਹਾਂ ਕਿਹਾ ਕਿ ਸਾਡੇ ਸੂਬੇ ਨੇ ਦੇਸ਼ ਦਾ ਢਿੱਡ ਭਰਨ ਵਿੱਚ ਹਮੇਸ਼ਾ ਮੋਹਰੀ ਭੂਮਿਕਾ ਨਿਭਾਈ ਹੈ। ਉਨ੍ਹਾਂ ਕਿਹਾ ਕਿ ਹਾਲਾਂਕਿ ਪੰਜਾਬ ਅੰਦਰ ਅਜੇ ਵੀ ਕੁਝ ਪਰਿਵਾਰ ਅਜਿਹੇ ਹਨ, ਜੋ ਆਪਣੀ ਰੋਜ਼ਾਨਾ ਦੇ ਰੋਜ਼ੀ-ਰੋਟੀ ਲਈ ਨਿੱਤ ਸੰਘਰਸ਼ ਕਰਦੇ ਹਨ, ਜਿਨ੍ਹਾਂ ਦੀਆਂ ਮੁਸ਼ਕਲਾਂ ਨੂੰ ਧਿਆਨ ਵਿੱਚ ਰੱਖਦਿਆਂ ਸੂਬਾ ਸਰਕਾਰ ਨੇ ‘ਮੇਰੀ ਰਸੋਈ ਯੋਜਨਾ’ ਸ਼ੁਰੂ ਕੀਤੀ ਹੈ। ਇਸ ਯੋਜਨਾ ਬਾਰੇ ਵਿਸਥਾਰ ਵਿੱਚ ਦੱਸਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਇਸ ਯੋਜਨਾ ਤਹਿਤ ਸੂਬਾ ਸਰਕਾਰ 40 ਲੱਖ ਪਰਿਵਾਰਾਂ ਨੂੰ ਫੂਡ ਕਿੱਟਾਂ ਪ੍ਰਦਾਨ ਕਰੇਗੀ। ਹਰੇਕ ਕਿੱਟ ਵਿੱਚ ਮਹੀਨਾਵਾਰ ਖਪਤ ਲਈ ਦੋ ਕਿਲੋ ਦਾਲ, ਦੋ ਕਿਲੋ ਖੰਡ, ਇੱਕ ਕਿਲੋ ਨਮਕ, 200 ਗ੍ਰਾਮ ਹਲਦੀ ਪਾਊਡਰ ਅਤੇ ਇੱਕ ਲੀਟਰ ਸਰ੍ਹੋਂ ਦਾ ਤੇਲ ਹੋਵੇਗਾ। ਇਹ ਫੂਡ ਕਿੱਟਾਂ ਰਾਸ਼ਟਰੀ ਖੁਰਾਕ ਸੁਰੱਖਿਆ ਐਕਟ ਤਹਿਤ ਯੋਗ ਲਾਭਪਾਤਰੀਆਂ ਨੂੰ ਪਹਿਲਾਂ ਵੰਡੀ ਜਾ ਰਹੀ ਕਣਕ ਤੋਂ ਵੱਖਰੇ ਤੌਰ ‘ਤੇ ਪ੍ਰਦਾਨ ਕੀਤੀਆਂ ਜਾਣਗੀਆਂ। ਉਨ੍ਹਾਂ ਅੱਗੇ ਦੱਸਿਆ ਕਿ ਮਾਰਕਫੈੱਡ ਇਸ ਪਹਿਲਕਦਮੀ ਲਈ ਨੋਡਲ ਏਜੰਸੀ ਵਜੋਂ ਕੰਮ ਕਰੇਗਾ। **Contd............page-3**

## ਝੂਠੀ ਨਿਕਲੀ ਦਿੱਲੀ ਵਿਧਾਨ ਸਭਾ ਨੂੰ ਬੰਬ ਨਾਲ ਉਡਾਉਣ ਦੀ ਧਮਕੀ

ਨਵੀਂ ਦਿੱਲੀ 23 ਫਰਵਰੀ। ਦਿੱਲੀ ਵਿਧਾਨ ਸਭਾ ਨੂੰ ਸੋਮਵਾਰ ਨੂੰ ਬੰਬ ਨਾਲ ਉਡਾਉਣ ਦੀ ਧਮਕੀ ਸੁਰੱਖਿਆ ਏਜੰਸੀਆਂ ਦੀ ਜਾਂਚ ਤੋਂ ਬਾਅਦ ਫਰਜ਼ੀ ਨਿਕਲੀ। ਫਾਇਰ ਬ੍ਰਿਗੇਡ ਵਿਭਾਗ ਨੇ ਦੱਸਿਆ ਕਿ ਦਿੱਲੀ ਵਿਧਾਨ ਸਭਾ ਨੂੰ ਬੰਬ ਨਾਲ ਉਡਾਉਣ ਦੀ ਧਮਕੀ ਵਾਲਾ ਈ-ਮੇਲ ਮਿਲਿਆ ਸੀ। ਉਨ੍ਹਾਂ ਕਿਹਾ ਕਿ ਕਰੀਬ 12 ਵਜੇ ਬੰਬ ਦੀ ਸੂਚਨਾ ਮਿਲਣ ਤੋਂ ਬਾਅਦ ਫਾਇਰ ਬ੍ਰਿਗੇਡ ਦੀ ਟੀਮ ਨੂੰ ਮੌਕੇ ’ਤੇ ਭੇਜਿਆ ਗਿਆ ਅਤੇ ਜਾਂਚ ’ਚ ਇਹ ਫਰਜ਼ੀ ਨਿਕਲੀ। ਦਿੱਲੀ ਵਿਧਾਨ ਸਭਾ ਵਲੋਂ ਦੱਸਿਆ ਗਿਆ ਕਿ ਵਿਧਾਨ ਸਭਾ ਦੇ ਸਪੀਕਰ ਵਿਜੇਂਦਰ ਗੁਪਤਾ ਨੂੰ ਵੀ ਨਿੱਜੀ ਈ-ਮੇਲ ’ਤੇ ਸੋਮਵਾਰ ਨੂੰ ਬੰਬ ਧਮਾਕੇ ਦੀ ਧਮਕੀ ਮਿਲੀ, ਜਿਸ ’ਚ ਦਿੱਲੀ ਵਿਧਾਨ ਸਭਾ ਨੂੰ ਬੰਬ ਨਾਲ ਉਡਾਉਣ ਦੀ ਗੱਲ ਕਹੀ ਗਈ ਹੈ। ਮਾਮਲੇ ਦੀ ਜਾਣਕਾਰੀ ਸੰਬੰਧਤ ਸੁਰੱਖਿਆ ਵਿਭਾਗ ਨੂੰ ਦਿੱਤੀ ਗਈ ਹੈ। ਉਨ੍ਹਾਂ ਕਿਹਾ ਕਿ ਇਸ ਸੰਬੰਧ ’ਚ ਸਪੀਕਰ ਨੇ ਦਿੱਲੀ ਪੁਲਸ ਕਮਿਸ਼ਨਰ ਨੂੰ ਪ੍ਰਾਪਤ ਈ-ਮੇਲ ਦੀ ਜਾਣਕਾਰੀ ਦਿੰਦੇ ਹੋਏ ਤੁਰੰਤ ਕਾਰਵਾਈ ਦੀ ਮੰਗ ਕੀਤੀ ਹੈ। ਇਸ ਤੋਂ ਪਹਿਲਾਂ ਅੱਜ ਧੌਲਾ ਕੁਆਂ ਸਥਿਤ ਆਰਮੀ ਪਬਲਿਕ ਸਕੂਲ ਅਤੇ ਲੋਧੀ ਰੋਡ ’ਤੇ ਏਅਰਫੋਰਸ ਬਾਲ ਭਾਰਤੀ ਸਕੂਲ ਨੂੰ ਬੰਬ ਨਾਲ ਉਡਾਉਣ ਦੀ ਧਮਕੀ ਵਾਲਾ ਈ-ਮੇਲ ਮਿਲਣ ਤੋਂ ਬਾਅਦ ਸਕੂਲ ਕੰਪਲੈਕਸਾਂ ’ਚ ਤਲਾਸ਼ੀ ਮੁਹਿੰਮ ਚਲਾਈ ਗਈ ਸੀ।

### ਜੰਮੂ-ਕਸ਼ਮੀਰ ਦੇ ਕਿਸ਼ਤਵਾੜ ’ਚ ਸੁਰੱਖਿਆ ਬਲਾਂ ਨੂੰ ਵੱਡੀ ਸਫਲਤਾ, ਮੁਕਾਬਲੇ ਦੌਰਾਨ 2 ਅੱਤਵਾਦੀ ਢੇਰ

ਨੈਸ਼ਨਲ ਡੈਸਕ 23 ਫਰਵਰੀ। ਜੰਮੂ-ਕਸ਼ਮੀਰ ਦੇ ਕਿਸ਼ਤਵਾੜ ਜ਼ਿਲ੍ਹੇ ਵਿੱਚ ਸੁਰੱਖਿਆ ਬਲਾਂ ਨੇ ਇੱਕ ਸਾਂਝੇ ਆਪ੍ਰੇਸ਼ਨ ਦੌਰਾਨ ਵੱਡੀ ਸਫਲਤਾ ਹਾਸਲ ਕਰਦਿਆਂ ਦੋ ਅੱਤਵਾਦੀਆਂ ਨੂੰ ਮਾਰ ਮੁਕਾਇਆ ਹੈ। ਐਤਵਾਰ ਨੂੰ ਹੋਈ ਇਸ ਮੁਕਾਬਲੇ ਤੋਂ ਬਾਅਦ ਸੁਰੱਖਿਆ ਬਲਾਂ ਨੇ ਮੌਕੇ ਤੋਂ 2 ਏਕੇ-47 ਰਾਈਫਲਾਂ ਅਤੇ ਹੋਰ ਹਥਿਆਰ ਵੀ ਬਰਾਮਦ ਕੀਤੇ ਹਨ। ਜਾਣਕਾਰੀ ਮੁਤਾਬਕ ਸੁਰੱਖਿਆ ਬਲਾਂ ਨੂੰ ਕਿਸ਼ਤਵਾੜ ਦੇ ਚਤਰੂ ਬੈਲਟ ਅਧੀਨ ਪੈਂਦੇ ਪਾਸੇਰਕੁਟ ਇਲਾਕੇ ਵਿੱਚ ਪਾਬੰਦੀਸ਼ੁਦਾ ਅੱਤਵਾਦੀ ਸੰਗਠਨ ਜੈਸ਼-ਏ-ਮੁਹੰਮਦ ਨਾਲ ਜੁੜੇ ਦੋ ਪਾਕਿਸਤਾਨੀ ਅੱਤਵਾਦੀਆਂ ਦੀ ਮੌਜੂਦਗੀ ਦੀ ਸੂਚਨਾ ਮਿਲੀ ਸੀ। ਇਸ ਖੁਫੀਆ ਜਾਣਕਾਰੀ ਦੇ ਆਧਾਰ ’ਤੇ ਭਾਰਤੀ ਫੌਜ, ਜੰਮੂ-ਕਸ਼ਮੀਰ ਪੁਲਿਸ ਅਤੇ ਸੀ.ਆਰ.ਪੀ.ਐੱਫ. ਦੀਆਂ ਸਾਂਝੀਆਂ ਟੁਕੜੀਆਂ ਨੇ ਇਲਾਕੇ ਵਿੱਚ ਤਲਾਸ਼ੀ ਮੁਹਿੰਮ ਸ਼ੁਰੂ ਕੀਤੀ। ਅਧਿਕਾਰੀਆਂ ਨੇ ਦੱਸਿਆ ਕਿ ਜਦੋਂ ਸੁਰੱਖਿਆ ਬਲ ਇਲਾਕੇ ਦੀ ਘੇਰਾਬੰਦੀ ਕਰ ਰਹੇ ਸਨ, ਤਾਂ ਅੱਤਵਾਦੀਆਂ ਨੇ ਗੋਲੀਬਾਰੀ ਸ਼ੁਰੂ ਕਰ ਦਿੱਤੀ। ਸਵੇਰੇ ਕਰੀਬ ਸਾਢੇ 10 ਵਜੇ ਸ਼ੁਰੂ ਹੋਇਆ ਇਹ ਮੁਕਾਬਲਾ ਕਾਫੀ ਦੇਰ ਤੱਕ ਚੱਲਿਆ, ਜਿਸ ਵਿੱਚ ਦੋਵੇਂ ਅੱਤਵਾਦੀ ਮਾਰੇ ਗਏ। ਫੌਜ ਦੀ ਵਾਈਟ ਨਾਈਟ ਕੋਰ ਨੇ ਸੋਸ਼ਲ ਮੀਡੀਆ ’ਤੇ ਇਸ ਕਾਰਵਾਈ ਦੀ ਪੁਸ਼ਟੀ ਕਰਦਿਆਂ ਦੱਸਿਆ ਕਿ ਮਾਰੇ ਗਏ ਅੱਤਵਾਦੀਆਂ ਦੀਆਂ ਲਾਸ਼ਾਂ ਬਰਾਮਦ ਕਰ ਲਈਆਂ ਗਈਆਂ ਹਨ। ਇਲਾਕੇ ਵਿੱਚ ਅਜੇ ਵੀ ਸੁਰੱਖਿਆ ਬਲਾਂ ਵੱਲੋਂ ਸਰਚ ਆਪ੍ਰੇਸ਼ਨ ਚਲਾਇਆ ਜਾ ਰਿਹਾ ਹੈ ਤਾਂ ਜੋ ਕਿਸੇ ਵੀ ਤਰ੍ਹਾਂ ਦੇ ਹੋਰ ਖ਼ਤਰੇ ਨੂੰ ਟਾਲਿਆ ਜਾ ਸਕੇ।

# ਮੁੱਖ ਮੰਤਰੀ ਯੋਗੀ ਦੇ ਸਿੰਗਾਪੁਰ ਦੌਰੇ ਦਾ ਪਹਿਲਾ ਦਿਨ ਸ.ਫਲ, 6,650 ਕਰੋੜ ਰੁਪਏ ਦੇ ਨਿਵੇਸ਼ ਸਮਝੌਤੇ

**ਕੌਮੀ ਪੱਤ੍ਰਿਕਾ**
**ਨਵਦੀਪ ਸਿੰਘ ਸਾਹਨੀ**

ਸਿੰਗਾਪੁਰ/ਲਖਨਊ 23 ਫਰਵਰੀ। ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਦੇ ਸਿੰਗਾਪੁਰ ਦੌਰੇ ਦੇ ਪਹਿਲੇ ਹੀ ਦਿਨ ਸੂਬੇ ਨੂੰ ਨਿਵੇਸ਼ ਦੇ ਖੇਤਰ ’ਚ ਇਕ ਵੱਡੀ ਸਫਲਤਾ ਹਾਸਲ ਹੋਈ ਹੈ। ਸੂਬਾ ਸਰਕਾਰ ਨੇ ਸਿੰਗਾਪੁਰ ਸਥਿਤ ਯੂਨੀਵਰਸਲ ਸਕਸੈਸ ਗਰੁੱਪ ਨਾਲ ਕੁੱਲ 6,650 ਕਰੋੜ ਰੁਪਏ ਦੇ ਤਿੰਨ ਮਹੱਤਵਪੂਰਨ ਸਮਝੌਤਾ ਪੱਤਰਾਂ ’ਤੇ ਹਸਤਾਖਰ ਕੀਤੇ ਹਨ। ਇਹ ਨਿਵੇਸ਼ ਗਰੁੱਪ ਹਾਊਸਿੰਗ, ਲੌਜਿਸਟਿਕਸ ਪਾਰਕ ਅਤੇ ਹਾਈਪਰਸਕੇਲ ਡਾਟਾ ਸੈਂਟਰ ਵਰਗੇ ਰਣਨੀਤਕ ਖੇਤਰਾਂ ਵਿੱਚ ਕੀਤਾ ਜਾਵੇਗਾ, ਜਿਸ ਨਾਲ 20,000 ਤੋਂ ਵੱਧ ਨੌਜਵਾਨਾਂ ਲਈ ਰੁਜ਼ਗਾਰ ਦੇ ਸਿੱਧੇ ਅਤੇ ਅਸਿੱਧੇ ਮੌਕੇ ਪੈਦਾ ਹੋਣਗੇ। ਅੰਤਰਰਾਸ਼ਟਰੀ ਥੀਮ ਅਧਾਰਤ ਹਾਊਸਿੰਗ ਟਾਊਨਸ਼ਿਪ: ਪਹਿਲੇ ਸਮਝੌਤੇ ਤਹਿਤ ਨੋਇਡਾ ਇੰਟਰਨੈਸ਼ਨਲ ਏਅਰਪੋਰਟ ਦੇ ਨੇੜੇ ਯਮੁਨਾ ਐਕਸਪ੍ਰੈਸਵੇਅ ਖੇਤਰ ’ਚ 100 ਏਕੜ ਜ਼ਮੀਨ ’ਤੇ ਇਕ ਹਾਊਸਿੰਗ ਟਾਊਨਸ਼ਿਪ ਵਿਕਸਿਤ ਕੀਤੀ ਜਾਵੇਗੀ। ਇਸ ’ਚ 3,500 ਕਰੋੜ ਰੁਪਏ ਦਾ ਨਿਵੇਸ਼ ਹੋਵੇਗਾ ਅਤੇ ਲਗਭਗ 12,000 ਰੁਜ਼ਗਾਰ ਪੈਦਾ ਹੋਣ ਦੀ ਉਮੀਦ ਹੈ। ਇਹ ਪ੍ਰਾਜੈਕਟ ਸਾਲ 2027 ’ਚ ਸ਼ੁਰੂ ਕਰਨ ਦੀ ਯੋਜਨਾ ਹੈ।




ਲੌਜਿਸਟਿਕਸ ਪਾਰਕ: ਦੂਜੇ ਸਮਝੌਤੇ ਅਨੁਸਾਰ ਕਾਨਪੁਰ-ਲਖਨਊ ਹਾਈਵੇਅ ’ਤੇ 50 ਏਕੜ ਵਿੱਚ 650 ਕਰੋੜ ਰੁਪਏ ਦੀ ਲਾਗਤ ਨਾਲ ਇਕ ਲੌਜਿਸਟਿਕਸ ਪਾਰਕ ਬਣਾਇਆ ਜਾਵੇਗਾ। ਇਸ ਨਾਲ 7,500 ਰੁਜ਼ਗਾਰ ਦੇ ਮੌਕੇ ਪੈਦਾ ਹੋਣਗੇ ਅਤੇ ਇਸ ਦੇ 2027 ਤੱਕ ਸ਼ੁਰੂ ਹੋਣ ਦਾ ਟੀਚਾ ਰੱਖਿਆ ਗਿਆ ਹੈ। ਹਾਈਪਰਸਕੇਲ ਡਾਟਾ ਸੈਂਟਰ ਪਾਰਕ: ਤੀਜੇ ਸਮਝੌਤੇ ਤਹਿਤ ਨੋਇਡਾ/ਗ੍ਰੇਟਰ ਨੋਇਡਾ ਖੇਤਰ ’ਚ 10 ਏਕੜ ਜ਼ਮੀਨ ’ਤੇ 40 ਮੈਗਾਵਾਟ ਦੀ ਸਮਰੱਥਾ ਵਾਲਾ ਡਾਟਾ ਸੈਂਟਰ ਸਥਾਪਤ ਕੀਤਾ ਜਾਵੇਗਾ। 2,500 ਕਰੋੜ ਰੁਪਏ ਦੇ ਇਸ ਨਿਵੇਸ਼ ਨਾਲ 1,500 ਲੋਕਾਂ ਨੂੰ ਰੁਜ਼ਗਾਰ ਮਿਲੇਗਾ ਅਤੇ ਇਹ ਪ੍ਰੋਜੈਕਟ 2028 ’ਚ ਸ਼ੁਰੂ ਹੋਵੇਗਾ। ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਨੇ ਨਿਵੇਸ਼ਕਾਂ ਨੂੰ ਭਰੋਸਾ ਦਿਵਾਇਆ ਕਿ ਸੂਬਾ ਸਰਕਾਰ ਨਿਵੇਸ਼ ਲਈ ਅਨੁਕੂਲ ਮਾਹੌਲ ਪ੍ਰਦਾਨ ਕਰਨ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਉੱਤਰ ਪ੍ਰਦੇਸ਼ ਨੂੰ ਦੇਸ਼ ਦੇ ਪ੍ਰਮੁੱਖ ਡਾਟਾ ਸੈਂਟਰ ਹੱਬ ਅਤੇ ਉਦਯੋਗਿਕ ਨਿਵੇਸ਼ ਦੀ ਮੁੱਖ ਮੰਜ਼ਿਲ ਵਜੋਂ ਸਥਾਪਤ ਕਰਨ ਲਈ ਲਗਾਤਾਰ ਕੰਮ ਕੀਤਾ ਜਾ ਰਿਹਾ ਹੈ। ਸਿੰਗਾਪੁਰ ’ਚ ਹੋਏ ਇਹ ਸਮਝੌਤੇ ਸੂਬੇ ਦੀ ਆਰਥਿਕਤਾ ਨੂੰ ਮਜ਼ਬੂਤ ਕਰਨ ਅਤੇ ਸ਼ਹਿਰੀ ਵਿਕਾਸ ਲਈ ਮੀਲ ਦਾ ਪੱਥਰ ਸਾਬਤ ਹੋਣਗੇ।

# ਜੋ ਜੋੜਨ ਦਾ ਕੰਮ ਕਰੇ ਉਹੀ ਹਿੰਦੂ : ਮੋਹਨ ਭਾਗਵਤ

ਦੇਹਰਾਦੂਨ 23 ਫਰਵਰੀ। ਰਾਸ਼ਟਰੀ ਸਵੈਮ ਸੇਵਕ ਸੰਘ (ਆਰ. ਐੱਸ. ਐੱਸ.) ਦੇ ਮੁਖੀ ਮੋਹਨ ਭਾਗਵਤ ਨੇ ਕਿਹਾ ਹੈ ਕਿ ਜੋ ਜੋੜਨ ਦਾ ਕੰਮ ਕਰੇ ਉਹੀ ਹਿੰਦੂ ਹੈ। ਇੱਕ ਸਮਾਗਮ ’ਚ ਉਨ੍ਹਾਂ



ਸੱਭਿਆਚਾਰਕ ਪਛਾਣ ਤੇ ਸ਼ਕਤੀ ਦੇ ਵਿਸ਼ੇ ਨੂੰ ਸਪੱਸ਼ਟ ਕਰਦੇ ਹੋਏ ਉਕਤ ਗੱਲ ਕਹੀ। ਉਨ੍ਹਾਂ ਕਿਹਾ ਕਿ ਦੁਨੀਆ ਸੱਚਾਈ ਨਾਲੋਂ ਸ਼ਕਤੀ ਨੂੰ ਵਧੇਰੇ ਸਮਝਦੀ ਹੈ, ਇਸ ਲਈ ਸ਼ਕਤੀ ਹਾਸਲ ਕਰਨਾ ਜ਼ਰੂਰੀ ਹੈ, ਪਰ ਇਸ ਦੀ ਵਰਤੋਂ ਮਰਿਆਦਾ ਭਰੇ ਢੰਗ ਨਾਲ ਹੋਣੀ ਚਾਹੀਦੀ ਹੈ। ਰਾਸ਼ਟਰੀ ਸਵੈਮ ਸੇਵਕ ਸੰਘ ਦੀ 100ਵੀਂ ਵਰ੍ਹੇਗੰਢ ਮਨਾਉਣ ਲਈ ਹਿਮਾਲੀਅਨ ਕਲਚਰਲ ਸੈਂਟਰ ਦੇ ਆਡੀਟੋਰੀਅਮ ’ਚ ‘ਸੰਘ ਯਾਤਰਾ : ਨਵੇਂ ਦਿਸਹਦੇ , ਨਵੇਂ ਮਾਪ’ ਵਿਸ਼ੇ ’ਤੇ ਇਕ ਵੱਡਾ ਜਨਤਕ ਸੈਮੀਨਾਰ ਤੇ ਬਹੁ-ਖੇਤਰੀ ਤਾਲਮੇਲ ਗੱਲਬਾਤ ਦਾ ਆਯੋਜਨ ਕੀਤਾ ਗਿਆ ਸੀ। ਇਸ ਸਮਾਗਮ ’ਚ ਭਾਗਵਤ ਨੇ ਕਿਹਾ ਕਿ ਸੰਘ ਦੀ ਅਸਲੀਅਤ ਨੂੰ ਬਾਹਰੋਂ ਵੇਖ ਕੇ ਸਮਝਿਆ ਨਹੀਂ ਜਾ ਸਕਦਾ। ਪੱਥ ਸੰਚਾਲਣ ਵੇਖ ਕੇ ਕੁਝ ਲੋਕ ਇਸ ਨੂੰ ਇਕ ਨੀਮ ਸੈਨਿਕ ਸੰਗਠਨ, ਦੇਸ਼ ਭਗਤੀ ਦੇ ਗੀਤ ਸੁਣਨ ਤੋਂ ਬਾਅਦ ਇਕ ਸੰਗੀਤਕ ਗਰੁੱਪ ਤੇ ਇਸ ਦੇ ਸੇਵਾ ਕਾਰਜ ਵੇਖਣ ਤੋਂ ਬਾਅਦ ਇਕ ਸੇਵਾ ਖੇਤਰ ਸੰਗਠਨ ਸਮਝਦੇ ਹਨ। ਹਾਲਾਂਕਿ, ਆਰ. ਐੱਸ. ਐੱਸ. ਇਨ੍ਹਾਂ ਹੱਦਾਂ ਤੋਂ ਪਰੇ ਇਕ ਵਿਸ਼ਾਲ ਸਮਾਜਿਕ ਸ਼ਕਤੀ ਹੈ। ਇਕ ਉਦਾਹਰਣ ਦਿੰਦੇ ਹੋਏ ਉਨ੍ਹਾਂ ਕਿਹਾ ਕਿ ਜਿਸ ਤਰ੍ਹਾਂ ਖੰਡ ਦੀ ਮਿਠਾਸ ਨੂੰ ਸਮਝਣ ਲਈ ਇਸ ਦਾ ਸੁਆਦ ਲੈਣਾ ਚਾਹੀਦਾ ਹੈ, ਉਸੇ ਤਰ੍ਹਾਂ,ਸੰਘ ਨੂੰ ਸਮਝਣ ਲਈ ਇਸ ਦੇ ਕੰਮ ’ਚ ਹਿੱਸਾ ਲੈਣਾ ਚਾਹੀਦਾ ਹੈ। ਮੋਹਨ ਭਾਗਵਤ ਨੇ ਕਿਹਾ ਕਿ ਸਮਾਜਿਕ ਬੁਰਾਈਆਂ ਤੇ ਵਿਤਕਰੇ ਦੀ ਜੜ੍ਹ ਪ੍ਰਣਾਲੀ ਨਹੀਂ ਸਗੋਂ ਮਨ ਹੈ। ਹਨੇਰਾ ਕੁੱਟਣ ਨਾਲ ਨਹੀਂ ਸਗੋਂ ਦੀਵਾ ਜਗਾਉਣ ਜਾਂ ਰੋਸ਼ਨੀ ਕਰਨ ਨਾਲ ਦੂਰ ਹੁੰਦਾ ਹੈ। ਇਸੇ ਤਰ੍ਹਾਂ ਵਿਤਕਰਾ ਵਿਹਾਰ ’ਚ ਤਬਦੀਲੀ ਕਰਨ ਨਾਲ ਹੀ ਖਤਮ ਹੋਵੇਗਾ।

## ਇਕ ਕਰੋੜ ਦੇ ਇਨਾਮੀ ਦੇਵਜੀ ਸਣੇ 19 ਨਕਸਲੀਆਂ ਨੇ ਕੀਤਾ ਆਤਮਸਮਰਪਣ

ਹੈਦਰਾਬਾਦ 23 ਫਰਵਰੀ। ਚੋਟੀ ਦੇ ਨਕਸਲੀ ਤਿਪਿਰੀ ਤਿਰੂਪਤੀ ਉਰਫ ਦੇਵਜੀ (62) ਨੇ 18 ਹੋਰ ਨਕਸਲੀਆਂ ਨਾਲ ਤੇਲੰਗਾਨਾ ਪੁਲਸ ਦੇ ਸਾਹਮਣੇ ਆਤਮਸਮਰਪਣ ਕਰ ਦਿੱਤਾ ਹੈ। ਉਸ ’ਤੇ ਇਕ ਕਰੋੜ ਰੁਪਏ ਦਾ ਇਨਾਮ ਰੱਖਿਆ ਗਿਆ ਸੀ। ਪੁਲਸ ਦੇ ਇਕ ਸੀਨੀਅਰ



ਅਧਿਕਾਰੀ ਨੇ ਐਤਵਾਰ ਨੂੰ ਇਹ ਜਾਣਕਾਰੀ ਦਿੱਤੀ। ਉਨ੍ਹਾਂ ਨੇ ਦੱਸਿਆ ਕਿ ਦੇਵਜੀ ਤੇਲੰਗਾਨਾ ਦੇ ਜਗਤਿਆਲ ਜ਼ਿਲੇ ਦਾ ਨਿਵਾਸੀ ਹੈ ਅਤੇ ਉਸ ਦਾ ਆਤਮਸਮਰਪਣ ਪਾਬੰਦੀਸ਼ੁਦਾ ਮਾਓਵਾਦੀ ਸੰਗਠਨ ਲਈ ਇਕ ਝਟਕਾ ਮੰਨਿਆ ਜਾ ਸਕਦਾ ਹੈ। ਮੰਨਿਆ ਜਾਂਦਾ ਹੈ ਕਿ ਦੇਵਜੀ ਨੇ ਭਾਰਤੀ ਕਮਿਊਨਿਸਟ ਪਾਰਟੀ-ਮਾਓਵਾਦੀ (ਭਾਕਪਾ-ਮਾਓਵਾਦੀ) ਦੇ ਸਵਰਗੀ ਜਨਰਲ ਸਕੱਤਰ ਨੰਬਾਲਾ ਕੇਸ਼ਵ ਰਾਓ ਉਰਫ ਬਸਵਰਾਜੂ ਦੀ ਜਗ?ਹਾ ਲਈ ਸੀ, ਜਿਸ ਦੀ ਮਈ 2025 ’ਚ ਮੌਤ ਹੋ ਗਈ ਸੀ। ਚੋਟੀ ਦੇ ਮਾਓਵਾਦੀ ਮੱਲਾ ਰਾਜੀ ਰੈੱਡੀ ਨੇ ਵੀ ਆਤਮਸਮਰਪਣ ਕਰ ਦਿੱਤਾ ਹੈ। ਇਨ੍ਹਾਂ ਨਕਸਲੀਆਂ ਦਾ ਆਤਮਸਮਰਪਣ ਕੇਂਦਰ ਸਰਕਾਰ ਵੱਲੋਂ ਦੇਸ਼ ਤੋਂ ਨਕਸਲਵਾਦ ਨੂੰ ਖ਼ਤਮ ਕਰਨ ਲਈ ਨਿਰਧਾਰਿਤ ਮਾਰਚ 2026 ਦੀ ਸਮਾਂ-ਹੱਦ ਤੋਂ ਕੁਝ ਦਿਨ ਪਹਿਲਾਂ ਹੋਇਆ ਹੈ।

# ਫਰੀਦਕੋਟ ’ਚ ਵਪਾਰ ਮੰਡਲ ਦੀ ਮੀਟਿੰਗ, ਵਪਾਰੀਆਂ ਦੀਆਂ ਮੰਗਾਂ ਸਬੰਧੀ ਮੁੱਖ ਮੰਤਰੀ ਨੂੰ ਮੰਗ ਪੱਤਰ ਭੇਜਣ ਦਾ ਫ਼ੈਸਲਾ

**ਕੌਮੀ ਪੱਤ੍ਰਿਕਾ**
**ਤੇਜਿੰਦਰ ਕੌਰ ਬੱਬਰ**

ਫਰੀਦਕੋਟ 23 ਫਰਵਰੀ। ਜ਼ਿਲ੍ਹਾ ਵਪਾਰ ਮੰਡਲ ਵੱਲੋਂ ਅੱਜ ਇਕ ਅਹਿਮ ਮੀਟਿੰਗ ਆਯੋਜਿਤ ਕੀਤੀ ਗਈ, ਜਿਸ ਵਿੱਚ ਬਹੁ ਗਿਣਤੀ ਵਿੱਚ ਵਪਾਰੀਆਂ ਨੇ ਸ਼ਮੂਲੀਅਤ ਕਰਦੇ ਹੋਏ ਆਪਣੀਆਂ ਲੰਬੇ ਸਮੇਂ ਤੋਂ ਲਟਕ ਰਹੀਆਂ ਸਮੱਸਿਆਵਾਂ ਅਤੇ ਮੰਗਾਂ ‘ਤੇ ਵਿਸਥਾਰ ਨਾਲ ਚਰਚਾ ਕੀਤੀ। ਮੀਟਿੰਗ ਦੀ ਅਗਵਾਈ ਜ਼ਿਲ੍ਹਾ ਵਪਾਰ ਮੰਡਲ ਅਤੇ ਸਵਰਨਕਾਰ ਸੰਘ ਦੇ ਪ੍ਰਧਾਨ ਰਾਜਨ ਠਾਕੁਰ ਅਤੇ ਪੈਟਰਨ ਅਤੇ ਚੇਅਰਮੈਨ ਵਪਾਰ ਮੰਡਲ ਵਰਿੰਦਰ ਸ਼ਾਹ ਨੇ ਕੀਤੀ। ਇਸ ਮੌਕੇ ਪੁਰਾਣੀ ਦਾਣਾ ਮੰਡੀ ਅਤੇ ਐਸ ਐਸ ਜੈਨ ਸਭਾ ਦੇ ਪ੍ਰਧਾਨ ਰਿਸ਼ਬ ਜੈਨ, ਕਰਿਆਨਾ ਐਸੋਸਿਏਸ਼ਨ ਦੇ ਪ੍ਰਧਾਨ ਕਾਮਰੇਡ ਸ਼ਾਮ ਸੁੰਦਰ,ਪ੍ਰਦੀਪ ਬਾਂਸਲ, ਰੰਮੀ ਸ਼ਾਹ, ਚੰਦਨ ਕਾਮਰੇਡ,ਸੰਤਵਿੰਦਰ ਸਿੰਘ,ਰਮੇਸ਼ ਗੇਰਾ ਸਟੇਟ ਸੈਕਟਰੀ ਪੰਜਾਬ ਵਪਾਰ ਮੰਡਲ,ਜਗਜੀਵਨ ਸਰਾਫ ਸਟੇਟ ਸੈਕਟਰੀ ਪੰਜਾਬ ਵਪਾਰ ਮੰਡਲ,ਰਜਨੀਸ਼ ਗਰੋਵਰ ਲੀਗਲ ਐਡਵਾਇਜਰ ਵਪਾਰ ਮੰਡਲ,ਆਰ ਪ੍ਰਿੰਸ ਨਰੂਲਾ ਸਟੇਟ ਸੈਕਟਰੀ,ਪ੍ਰਦੱਮਨ ਸਿੰਘ, ਗੋਰਾ ਮੋਂਗਾ, ਗੋਗਾ ਪ੍ਰਧਾਨ,ਰਜਿੰਦਰ ਖੰਨਾ ਵਾਇਸ ਪ੍ਰਧਾਨ ਸਵਰਨਕਾਰ ਸੰਘ,ਰਿੰਕੂ ਭੰਮ,ਸੁਖਮੰਦਰ ਸਿੰਘ ਖੋਸਾ,ਸਤਨਾਮ ਸਿੰਘ,ਜਤਿੰਦਰ ਸਿੰਘ,ਕੋਮਲ ਨਾਗਪਾਲ, ਚੰਦਰੇਖਰ,ਸੁਖਦੇਵ ਸ਼ਰਮਾਂ,ਗਗਨ ਮੋਂਗਾ ਅਤੇ ਜੈਤੋ ਵਪਾਰ ਮੰਡਲ ਦੇ ਔਹਦੇਦਾਰ ਅਤੇ ਕੋਟਕਪੂਰਾ ਤੋਂ ਵੀ ਵਿਸ਼ੇਸ਼ ਤੋਰ ਤੇ ਕਰਿਆਨਾ ਐਸੋਸਿਏਸ਼ਨ ਦੇ ਪ੍ਰਧਾਣ ਉਂਕਾਰ ਗੋਇਲ ਵੀ ਹਾਜਰ ਸਨ। ਮੀਟਿੰਗ ਦੌਰਾਨ ਵਪਾਰੀਆਂ ਨੇ ਇੱਕਸੁਰ ਹੋ ਕੇ ਕਿਹਾ ਕਿ ਸਰਕਾਰ ਵੱਲੋਂ ਟੈਕਸਾਂ ਦੇ ਰੂਪ ਵਿੱਚ ਵਪਾਰੀ ਵਰਗ ਤੋਂ ਵੱਡੀ ਆਮਦਨ ਇਕੱਠੀ ਕੀਤੀ ਜਾਂਦੀ ਹੈ ਪਰ ਇਸ ਦੇ ਬਦਲੇ ਉਨ੍ਹਾਂ ਨੂੰ ਨਾ ਤਾਂ ਯੋਗ ਸਹੂਲਤਾਂ ਮਿਲ ਰਹੀਆਂ ਹਨ ਅਤੇ ਨਾ ਹੀ ਭਵਿੱਖ ਲਈ ਕੋਈ ਭਰੋਸਾ ਦਿੱਤਾ ਗਿਆ ਹੈ। ਵਪਾਰੀਆਂ ਨੇ ਸਰਕਾਰ ਨੂੰ ਸਪਸ਼ਟ ਕੀਤਾ ਕਿ ਉਨ੍ਹਾਂ ਦੀਆਂ ਜਾਇਜ਼ ਮੰਗਾਂ ਨੂੰ ਅਣਦੇਖਾ ਕਰਨਾ ਹੁਣ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਮੀਟਿੰਗ ਵਿੱਚ ਇਹ ਫ਼ੈਸਲਾ ਕੀਤਾ ਗਿਆ ਕਿ ਮੁੱਖ ਮੰਤਰੀ ਪੰਜਾਬ ਨੂੰ ਇਕ ਵਿਸਥਾਰਪੂਰਕ ਮੰਗ ਪੱਤਰ ਭੇਜਿਆ ਜਾਵੇ, ਜਿਸ ਵਿੱਚ ਵਪਾਰੀਆਂ ਦੀਆਂ ਮੁੱਖ ਮੰਗਾਂ ਸ਼ਾਮਲ ਕੀਤੀਆਂ ਗਈਆਂ ਹਨ। ਮੰਗਾਂ ਵਿੱਚ ਵਪਾਰੀਆਂ ਲਈ ਲਾਜ਼ਮੀ ਪੈਨਸ਼ਨ ਸਕੀਮ ਲਾਗੂ ਕਰਨ, ਦੁਕਾਨਾਂ ਨੂੰ ਅੱਗ ਜਾਂ ਹੋਰ ਹਾਦਸਿਆਂ ਕਾਰਨ ਹੋਏ ਨੁਕਸਾਨ ਦਾ ਪੂਰਾ ਮੁਆਵਜ਼ਾ ਦੇਣ, ਵਪਾਰੀਆਂ ਦੀ ਸੁਰੱਖਿਆ ਯਕੀਨੀ ਬਣਾਉਣ ਅਤੇ ਗੁੰਡਾਗਰਦੀ ਤੇ ਲੁੱਟਖੋਹ ‘ਤੇ ਸਖ਼ਤ ਕਾਰਵਾਈ ਕਰਨ ਦੀ ਮੰਗ ਪ੍ਰਮੁੱਖ ਹੈ। ਇਸ ਤੋਂ ਇਲਾਵਾ ਪ੍ਰਾਪਰਟੀ ਟੈਕਸ ਖਤਮ ਕਰਨ, ਪਲਾਸਟਿਕ ਲਿਫ਼ਾਫਿਆਂ ਦੇ ਮਾਮਲੇ ਵਿੱਚ ਛੋਟੇ ਦੁਕਾਨਦਾਰਾਂ ਨੂੰ ਤੰਗ ਨਾ ਕਰਨ, ਕਰਿਆਨਾ ਦੁਕਾਨਦਾਰਾਂ ਨੂੰ ਬੇਵਜ?ਹਾ ਸੈਂਪਲਿੰਗ ਦੇ ਨਾਂ ‘ਤੇ ਦਬਾਅ ਹੇਠ ਨਾ ਰੱਖਣ ਅਤੇ ਮਿਊਂਸਪਲ ਕਮੇਟੀ ਦੀਆਂ ਦੁਕਾਨਾਂ ਵਿੱਚ ਬੈਠੇ ਕਿਰਾਏਦਾਰਾਂ ਨੂੰ ਮਾਲਕੀ ਹੱਕ ਦੇਣ ਦੀ ਪ੍ਰਕਿਰਿਆ ਸ਼ੁਰੂ ਕਰਨ ਦੀ ਮੰਗ ਵੀ ਜ਼ੋਰ ਨਾਲ ਉਠਾਈ ਗਈ। ਵਪਾਰੀਆਂ ਨੇ ਇਹ ਵੀ ਮੰਗ ਕੀਤੀ ਕਿ ਪੰਜ ਲੱਖ ਤੱਕ ਦੀ ਅਬਾਦੀ ਵਾਲੇ ਸ਼ਹਿਰਾਂ ਵਿੱਚ ਵੱਡੇ ਮਾਲਾਂ ‘ਤੇ ਪਾਬੰਦੀ ਲਗਾਈ ਜਾਵੇ ਤਾਂ ਜੋ ਛੋਟੇ ਵਪਾਰੀਆਂ ਦੀ ਰੋਜ਼ੀ-ਰੋਟੀ ਬਚ ਸਕੇ। ਇਸ ਦੇ ਨਾਲ ਹੀ ਫਰੀਦਕੋਟ ਨੂੰ ਪਿੱਛੜਾ ਇਲਾਕਾ ਦੱਸਦੇ ਹੋਏ ਇੱਥੇ ਵੱਡੇ ਉਦਯੋਗਿਕ ਪ੍ਰੋਜੈਕਟ ਲਗਾਉਣ ਅਤੇ ਬੰਦ ਪਈ ਸ਼ੂਗਰ ਮਿਲ ਨੂੰ ਤੁਰੰਤ ਚਾਲੂ ਕਰਨ ਦੀ ਮੰਗ ਵੀ ਰੱਖੀ ਗਈ। ਮੀਟਿੰਗ ਵਿੱਚ ਰਾਤ ਸਮੇਂ ਪੁਲਿਸ ਪੈਟਰੋਲਿੰਗ ਵਧਾਉਣ ‘ਤੇ ਵੀ ਜ਼ੋਰ ਦਿੱਤਾ ਗਿਆ, ਤਾਂ ਜੋ ਵਪਾਰੀ ਨਿਰਭੀਕ ਹੋ ਕੇ ਆਪਣਾ ਕਾਰੋਬਾਰ ਚਲਾ ਸਕਣ।



# ਮੱਧ ਪ੍ਰਦੇਸ਼ 'ਚ ਹੜਤਾਲ ਦਾ ਅੰਸ਼ਕ ਪ੍ਰਭਾਵ, 25000 ਸਿਵਲੀਅਨ ਡਿਫੈਂਸ ਕਰਮਚਾਰੀ ਕੰਮ ਤੋਂ ਹੋਏ ਲੇਟ

**ਕੌਮੀ ਪਤ੍ਰਿਕਾ**

ਭੋਪਾਲ 23 ਫਰਵਰੀ। ਕੇਂਦਰ ਸਰਕਾਰ ਦੀਆਂ ਨੀਤੀਆਂ ਦੇ ਵਿਰੋਧ ਵਿੱਚ ਵੀਰਵਾਰ ਨੂੰ ਮਜ਼ਦੂਰ ਯੂਨੀਅਨਾਂ ਵੱਲੋਂ ਬੁਲਾਈ ਗਈ ਦੇਸ਼ ਵਿਆਪੀ ਹੜਤਾਲ ਦਾ ਮੱਧ ਪ੍ਰਦੇਸ਼ ਵਿੱਚ ਅੰਸ਼ਕ ਪ੍ਰਭਾਵ ਪਿਆ। ਹਾਲਾਂਕਿ ਇਸ ਦੌਰਾਨ ਰਾਜ ਭਰ ਦੇ ਰੱਖਿਆ ਅਦਾਰਿਆਂ ਵਿੱਚ ਕੰਮ ਕਰਨ ਵਾਲੇ 25,000 ਤੋਂ ਵੱਧ ਸਿਵਲੀਅਨ ਕਰਮਚਾਰੀ ਕੇਂਦਰ ਸਰਕਾਰ ਦੀਆਂ ਨੀਤੀਆਂ ਦੇ ਸਮਰਥਨ ਅਤੇ ਵਿਰੋਧ ਵਿੱਚ ਇੱਕ ਘੰਟਾ ਦੇਰੀ ਨਾਲ ਕੰਮ 'ਤੇ ਪਹੁੰਚੇ। ਦੇਸ਼ ਭਰ ਦੀਆਂ ਵੱਖ-ਵੱਖ ਮਜ਼ਦੂਰ ਯੂਨੀਅਨਾਂ ਨੇ ਕੇਂਦਰ ਸਰਕਾਰ ਦੀਆਂ ਮਜ਼ਦੂਰ ਵਿਰੋਧੀ, ਕਿਸਾਨ ਵਿਰੋਧੀ ਅਤੇ ਦੇਸ਼ ਵਿਰੋਧੀ ਕਾਰਪੋਰੇਟ ਨੀਤੀਆਂ ਦੇ ਵਿਰੋਧ ਵਿੱਚ ਇੱਕ ਦਿਨ ਦੀ ਹੜਤਾਲ ਕੀਤੀ ਹੈ। ਆਲ ਇੰਡੀਆ ਡਿਫੈਂਸ ਇੰਪਲਾਈਜ਼ ਫੈਡਰੇਸ਼ਨ (19456) ਦੇ ਪ੍ਰਧਾਨ ਐਸ.ਐਨ. ਪਾਠਕ ਨੇ ਫ਼ੋਨ ਰਾਹੀਂ ਦੱਸਿਆ ਕਿ ਰਾਜ ਦੀਆਂ ਛੇ ਆਰਡੀਨੈਂਸ ਫੈਕਟਰੀਆਂ ਵਿੱਚ ਤਾਇਨਾਤ 25,000 ਤੋਂ ਵੱਧ ਸਿਵਲੀਅਨ ਕਾਮੇ ਵਿਰੋਧ ਵਜੋਂ ਇੱਕ ਘੰਟਾ ਦੇਰੀ ਨਾਲ ਡਿਊਟੀ 'ਤੇ ਪਹੁੰਚੇ। ਉਨ੍ਹਾਂ ਕਿਹਾ, ਅਸੀਂ ਪੂਰਾ ਦਿਨ ਹੜਤਾਲ ਨਹੀਂ ਕਰ ਸਕਦੇ, ਕਿਉਂਕਿ ਰੱਖਿਆ ਉਤਪਾਦਨ ਅਤੇ ਇਸ ਨਾਲ ਸਬੰਧਤ ਕੰਮ ਜ਼ਰੂਰੀ ਸੇਵਾਵਾਂ ਦੀ ਸ਼੍ਰੇਣੀ ਵਿੱਚ ਆਉਂਦੇ ਹਨ। ਪਾਠਕ ਨੇ ਕਿਹਾ ਕਿ ਕਾਮਿਆਂ ਨੂੰ ਸਵੇਰੇ 8 ਵਜੇ ਆਪਣੀ ਡਿਊਟੀ ਸ਼ੁਰੂ ਕਰਨੀ ਚਾਹੀਦੀ ਸੀ ਪਰ ਉਨ੍ਹਾਂ ਨੇ ਸਵੇਰੇ 9 ਵਜੇ ਕੰਮ ਸ਼ੁਰੂ ਕਰ ਦਿੱਤਾ। ਮੱਧ ਪ੍ਰਦੇਸ਼ ਵਿੱਚ ਕੁਝ ਥਾਵਾਂ 'ਤੇ ਵੱਖ-ਵੱਖ ਯੂਨੀਅਨਾਂ ਨਾਲ ਜੁੜੇ ਵਰਕਰ ਵਿਰੋਧ ਪ੍ਰਦਰਸ਼ਨ ਕਰਦੇ ਅਤੇ ਸਰਕਾਰ ਵਿਰੋਧੀ ਨਾਅਰੇ ਲਗਾਉਂਦੇ ਦੇਖੇ ਗਏ। ਹਾਲਾਂਕਿ, ਰਾਜ ਭਰ ਵਿੱਚ ਬਾਜ਼ਾਰ, ਸਕੂਲ ਅਤੇ ਕਾਲਜ ਖੁੱਲ੍ਹੇ ਰਹੇ। ਹੜਤਾਲ ਦਾ ਸੱਦਾ ਦੇਣ ਵਾਲੇ ਕੇਂਦਰੀ ਟਰੇਡ ਯੂਨੀਅਨਾਂ ਦੇ ਸਾਂਝੇ ਫੋਰਮ ਨੇ ਦਾਅਵਾ ਕੀਤਾ ਕਿ ਇਸ ਅੰਦੋਲਨ ਨੂੰ ਲਗਭਗ 30 ਕਰੋੜ ਮਜ਼ਦੂਰਾਂ ਦਾ ਸਮਰਥਨ ਪ੍ਰਾਪਤ ਹੈ।



ਮਜ਼ਦੂਰ ਯੂਨੀਅਨਾਂ ਨੇ ਵੀ ਰਾਜਧਾਨੀ ਭੋਪਾਲ ਦੇ ਪ੍ਰੈਸ ਕੰਪਲੈਕਸ ਵਿਖੇ ਵਿਰੋਧ ਪ੍ਰਦਰਸ਼ਨ ਕੀਤਾ ਅਤੇ ਸਰਕਾਰ ਵਿਰੋਧੀ ਨਾਅਰੇਬਾਜ਼ੀ ਕੀਤੀ। ਸੈਂਟਰ ਆਫ਼ ਇੰਡੀਅਨ ਟ?ਰੇਡ ਯੂਨੀਅਨਜ਼ ਦੇ ਮੱਧ ਪ੍ਰਦੇਸ਼ ਦੇ ਜਨਰਲ ਸਕੱਤਰ ਪ੍ਰਮੋਦ ਪ੍ਰਧਾਨ ਨੇ ਕਿਹਾ ਕਿ ਰਾਸ਼ਟਰੀਕ੍ਰਿਤ ਬੈਂਕਾਂ, ਆਮਦਨ ਕਰ ਵਿਭਾਗ, ਬੀਮਾ ਖੇਤਰ ਅਤੇ ਹੋਰਾਂ ਦੇ ਕਰਮਚਾਰੀਆਂ ਨੇ ਵਿਰੋਧ ਪ੍ਰਦਰਸ਼ਨ ਵਿੱਚ ਹਿੱਸਾ ਲਿਆ। ਉਨ੍ਹਾਂ ਕਿਹਾ ਕਿ ਮਜ਼ਦੂਰਾਂ ਨੇ ਸਵੇਰੇ ਭੋਪਾਲ ਵਿੱਚ ਸਰਕਾਰੀ ਮਾਲਕੀ ਵਾਲੀ ਭਾਰਤ ਹੈਵੀ ਇਲੈਕਟ੍ਰੀਕਲਜ਼ ਲਿਮਟਿਡ ਦੇ ਗੇਟ 'ਤੇ ਵੀ ਪ੍ਰਦਰਸ਼ਨ ਕੀਤਾ। ਉਨ੍ਹਾਂ ਕਿਹਾ, ਅਸੀਂ ਦਿਨ ਭਰ ਵਿਰੋਧ ਪ੍ਰਦਰਸ਼ਨ ਕਰਨ ਜਾ ਰਹੇ ਹਾਂ। ਆਂਗਣਵਾੜੀ ਵਰਕਰਾਂ ਦਾ ਵਿਰੋਧ ਦੁਪਹਿਰ 1:30 ਵਜੇ ਭੋਪਾਲ ਕਲੈਕਟਰੇਟ ਨੇੜੇ ਸ਼ੁਰੂ ਹੋਵੇਗਾ। ਜਬਲਪੁਰ ਦੇ ਸਿਵਿਕ ਸੈਂਟਰ ਇਲਾਕੇ ਵਿੱਚ ਇੱਕ ਵਿਰੋਧ ਰੈਲੀ ਲਈ ਟ?ਰੇਡ ਯੂਨੀਅਨਾਂ ਨਾਲ ਜੁੜੇ ਲੋਕ ਇਕੱਠੇ ਹੋਣੇ ਸ਼ੁਰੂ ਹੋ ਗਏ ਹਨ। ਟਰੇਡ ਯੂਨੀਅਨਾਂ ਦੀਆਂ ਤੁਰੰਤ ਮੰਗਾਂ ਵਿੱਚ ਚਾਰ ਕਿਰਤ ਕੋਡ ਅਤੇ ਨਿਯਮਾਂ ਨੂੰ ਰੱਦ ਕਰਨਾ, ਸੀਡਜ਼ ਬਿੱਲ ਅਤੇ ਬਿਜਲੀ ਸੋਧ ਬਿੱਲ ਅਤੇ ਟਰਾਂਸਫਾਰਮਿੰਗ ਇੰਡੀਆ ਲਈ ਪ੍ਰਮਾਣੂ ਊਰਜਾ ਦੀ ਸਸਟੇਨੇਬਲ ਹਾਰਨੈਸਿੰਗ ਐਂਡ ਐਡਵਾਂਸਮੈਂਟ (ਸ਼ਾਂਤੀ) ਐਕਟ ਸ਼ਾਮਲ ਹਨ। ਟਰੇਡ ਯੂਨੀਅਨਾਂ ਮਨਰੇਗਾ ਦੀ ਬਹਾਲੀ ਅਤੇ ਵਿਕਾਸ ਭਾਰਤ ਰੁਜ਼ਗਾਰ ਇਵੇਵੀ ਮਿਸ਼ਨ (ਗ੍ਰਾਮੀਣ) ਐਕਟ, 2025 ਨੂੰ ਰੱਦ ਕਰਨ ਦੀ ਵੀ ਮੰਗ ਕਰ ਰਹੀਆਂ ਹਨ। ਇਸ ਸਾਂਝੇ ਪਲੇਟਫਾਰਮ ਵਿੱਚ ਇੰਡੀਅਨ ਨੈਸ਼ਨਲ ਟ?ਰੇਡ ਯੂਨੀਅਨ ਕਾਂਗਰਸ, ਆਲ ਇੰਡੀਆ ਟ?ਰੇਡ ਯੂਨੀਅਨ ਕਾਂਗਰਸ, ਹਿੰਦ ਮਜ਼ਦੂਰ ਸਭਾ, ਸੈਂਟਰ ਆਫ਼ ਇੰਡੀਅਨ ਟ?ਰੇਡ ਯੂਨੀਅਨਜ਼ ਆਲ ਇੰਡੀਆ ਯੂਨਾਈਟਿਡ ਟ?ਰੇਡ ਯੂਨੀਅਨ ਸੈਂਟਰ, ਸੈਲਫ-ਇੰਪਲਾਇਡ ਵੂਮੈਨਜ਼ ਐਸੋਸੀਏਸ਼ਨ ਆਲ ਇੰਡੀਆ ਸੈਂਟਰਲ ਕੌਂਸਲ ਆਫ਼ ਟ?ਰੇਡ ਯੂਨੀਅਨਜ਼ ਲੇਬਰ ਪ੍ਰੋਗਰੈਸਿਵ ਫੈਡਰੇਸ਼ਨ ਅਤੇ ਯੂਨਾਈਟਿਡ ਟ?ਰੇਡ ਯੂਨੀਅਨ ਕਾਂਗਰਸ ਸ਼ਾਮਲ ਹਨ।

# ਕੋਟੀਆਂ-ਸਵੈਟਰ ਵੇਚਣ ਵਾਲੇ ਪ੍ਰਵਾਸੀਆਂ ਨਾਲ ਵੱਡੀ ਲੁੱਟ

**ਕੌਮੀ ਪਤ੍ਰਿਕਾ**

ਪਾਤੜਾਂ 23 ਫਰਵਰੀ। ਪਾਤੜਾਂ ਪੁਲਸ ਨੇ ਕੋਟੀਆਂ-ਸਵੈਟਰ ਵੇਚਣ ਵਾਲੇ 2 ਪ੍ਰਵਾਸੀਆਂ ਪਾਸੋਂ 5 ਲੱਖ 37 ਹਜ਼ਾਰ ਰੁਪਏ ਦੀ ਲੁੱਟ-ਖੋਹ ਕਰਨ ਵਾਲੇ 2 ਵਿਅਕਤੀਆਂ ਖ਼ਿਲਾਫ ਕੇਸ ਦਰਜ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਅਬਦੁੱਲ ਰਹਿਮਾਨ ਭੱਟ ਵਾਸੀ ਪਿੰਡ ਨਾਨੀਬੁੱਗ ਜ਼ਿਲਾ ਕੁੱਲਗਾਮ (ਜੰਮੂ-ਕਸ਼ਮੀਰ) ਹਾਲ ਆਬਾਦ ਸਾਗਰ ਬਸਤੀ ਪਾਤੜਾਂ ਨੇ ਸ਼ਿਕਾਇਤ ਦਰਜ ਕਰਵਾਉਂਦਿਆਂ ਦੱਸਿਆ ਕਿ ਉਹ ਕੋਟੀਆਂ, ਸਵੈਟਰ, ਲੋਈਆਂ ਵਗੈਰਾ ਵੇਚਣ ਦਾ ਕੰਮ ਕਰਦਾ ਹੈ, ਜਦੋਂ ਮਿਤੀ 21-1-2026 ਨੂੰ ਸ਼ਾਮ ਲਗਭਗ ਸਾਢੇ 6 ਵਜੇ ਉਹ ਆਪਣੇ ਕੰਮਕਾਰ ਤੋਂ ਵਾਪਸ ਆਇਆ ਤਾਂ ਕਮਰੇ ਦੇ ਬਾਹਰ ਦੋਸ਼ੀ ਸ਼ੌਕੀਨ ਅਤੇ ਸ਼ਾਹਿਦ ਆਪਣੇ ਮੋਟਰਸਾਈਕਲ 'ਤੇ ਆਏ ਅਤੇ ਉਸ ਨੂੰ ਕੱਪੜੇ ਲੈਣ ਲਈ ਕਹਿਣ ਲੱਗੇ, ਜਿਸ 'ਤੇ ਉਹ ਉਨ੍ਹਾਂ ਨੂੰ ਕਮਰੇ ਅੰਦਰ ਲੈ ਗਿਆ ਪਰ ਕਮਰੇ ਦੇ ਅੰਦਰ ਜਾਣ ਤੋਂ ਬਾਅਦ ਉਨ੍ਹਾਂ ਨੇ ਉਸ ਦੀ ਕੁੱਟਮਾਰ ਸ਼ੁਰੂ ਕਰ ਦਿੱਤੀ ਅਤੇ ਚਾਕੂ ਦਿਖਾ ਕੇ ਕਮਰੇ ਦੀ ਫਰੋਲਾ-ਫਰਾਲੀ ਸ਼ੁਰੂ ਕਰ ਦਿੱਤੀ। ਉਹ, ਉਸ ਦੇ ਬੈਗ 'ਚੋਂ 4 ਲੱਖ 9 ਹਜ਼ਾਰ ਰੁਪਏ ਅਤੇ ਉਸ ਦੇ ਦੋਸਤ ਸਜ਼ਾਦ ਅਹਿਮਦ ਦੇ ਕਮਰੇ 'ਚੋਂ 1 ਲੱਖ 28 ਹਜ਼ਾਰ 5 ਸੌ ਰੁਪਏ ਕੱਢ ਕੇ ਫ਼ਰਾਰ ਹੋ ਗਏ। ਪੁਲਸ ਨੇ ਪੀੜਤ ਦੇ ਬਿਆਨਾਂ 'ਤੇ ਕਥਿਤ ਦੋਸ਼ੀਆਨ ਸ਼ੌਕੀਨ ਪੁੱਤਰ ਯਾਮੀਨ ਵਾਸੀ ਆਦਮਪੁਰ ਪਾਲੜੀ ਜ਼ਿਲਾ ਮੁਜ਼ੱਫਰਨਗਰ ਯੂ. ਪੀ., ਸ਼ਾਹਿਦ ਪੁੱਤਰ ਸਾਦਿਕ




ਵਾਸੀ ਪਿੰਡ ਬੁਦੀਨਾ ਖੁਰਦ ਜ਼ਿਲਾ ਮੁਜ਼ੱਫਰਨਗਰ ਯੂ. ਪੀ. ਅਤੇ ਅਣਪਛਾਤੇ ਵਿਅਕਤੀ ਖ਼ਿਲਾਫ ਮੁਕੱਦਮਾ ਨੰਬਰ 36, ਮਿਤੀ 8-2-2026, ਧਾਰਾ 309(4), 115(2), 351(3), 3(5) ਬੀ. ਐੱਨ. ਐੱਸ. ਤਹਿਤ ਥਾਣਾ ਪਾਤੜਾਂ ਵਿਖੇ ਕੇਸ ਦਰਜ ਕਰ ਕੇ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

## ਏਆਈ ਸਬੰਧੀ ਅੰਤਰਰਾਸ਼ਟਰੀ ਸੰਮੇਲਨ 'ਚ ਸ਼ਰੋਮਣੀ ਕਮੇਟੀ ਨੁਮਾਇੰਦਿਆਂ ਨੇ ਕੀਤੀ ਸ਼ਿਰਕਤ

### ਧਾਰਮਿਕ ਖੇਤਰ ਵਿਚਲੀ ਸਮੱਗਰੀ ਦੇ ਦੁਰਉਪਯੋਗ ਨੂੰ ਰੋਕਣ ਲਈ ਸੁਰੱਖਿਆ ਉਪਾਅ ਲਾਗੂ ਕਰਨ ਲਈ ਤਕਨੀਕੀ ਕੰਪਨੀਆਂ ਨਾਲ ਕੀਤੀ ਚਰਚਾ

**ਕ੍ਰਿਸ਼ਨ ਸਿੰਘ ਦੁਸਾਂਝ**

ਅੰਮ੍ਰਿਤਸਰ, 23 ਫ਼ਰਵਰੀ: ਆਰਟੀਫੀਸ਼ਲ ਇੰਟੈਲੀਜੈਂਸ (ਏਆਈ) ਸਬੰਧੀ ਬੀਤੇ ਦਿਨੀਂ ਦਿੱਲੀ ਵਿਖੇ ਹੋਏ ਅੰਤਰਰਾਸ਼ਟਰੀ ਸੰਮੇਲਨ ਮੌਕੇ ਸ਼?ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੇ ਨਿਰਦੇਸ਼ਾਂ ਅਨੁਸਾਰ ਸ਼?ਰੋਮਣੀ ਕਮੇਟੀ ਦੇ ਨੁਮਾਇੰਦਿਆਂ ਨੇ ਸ਼ਮੂਲੀਅਤ ਕਰਕੇ ਅੰਤਰਰਾਸ਼ਟਰੀ ਕੰਪਨੀਆਂ ਦੇ ਅਧਿਕਾਰੀਆਂ ਨਾਲ ਰਾਬਤਾ ਕੀਤਾ ਅਤੇ ਸਿੱਖ ਧਰਮ ਨਾਲ ਸਬੰਧਤ ਮਾਮਲਿਆਂ ਨੂੰ ਉਭਾਰਿਆ। ਇਸ ਦੌਰਾਨ ਸ਼?ਰੋਮਣੀ ਕਮੇਟੀ ਦੇ ਨੁਮਾਇੰਦਿਆਂ ਨੇ ਏਆਈ ਤਕਨੀਕ ਨਾਲ ਧਾਰਮਿਕ ਖੇਤਰ ਵਿਚਲੀ ਸਮੱਗਰੀ ਦੇ ਦੁਰਉਪਯੋਗ ਨੂੰ ਰੋਕਣ ਲਈ ਸੁਰੱਖਿਆ ਉਪਾਅ ਲਾਗੂ ਕਰਨ ਲਈ ਆਖਿਆ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸ਼?ਰੋਮਣੀ ਕਮੇਟੀ ਦੇ ਮੀਤ ਸਕੱਤਰ ਸ. ਹਰਭਜਨ ਸਿੰਘ ਵਕਤਾ ਨੇ ਦੱਸਿਆ ਕਿ 16 ਫ਼ਰਵਰੀ ਤੋਂ 20 ਫ਼ਰਵਰੀ ਤੱਕ ਹੋਏ ਇਸ ਸੰਮੇਲਨ ਵਿਚ ਸ਼?ਰੋਮਣੀ ਕਮੇਟੀ ਵੱਲੋਂ ਸਿਸਟਮ ਐਡਮਿਨਿਸਟਰੇਟਰ ਸ. ਕਰਮਵੀਰ ਸਿੰਘ ਦੀ ਅਗਵਾਈ ਹੇਠ ਨੁਮਾਇੰਦੇ ਸ਼ਾਮਲ ਹੋਏ ਸਨ। ਸ. ਵਕਤਾ ਨੇ ਦੱਸਿਆ ਕਿ ਸ਼?ਰੋਮਣੀ ਕਮੇਟੀ ਜਿਥੇ ਏਆਈ ਤਕਨੀਕ ਨਾਲ ਸਿੱਖ ਵਿਰੋਧੀ ਗਤੀਵਿਧੀਆਂ ਨੂੰ ਰੋਕਣ ਲਈ ਯਤਨਸ਼ੀਲ ਹੈ, ਉਥੇ ਹੀ ਗੁਰਬਾਣੀ ਅਤੇ ਸਿੱਖ ਇਤਿਹਾਸ ਨਾਲ ਸਬੰਧਤ ਡਾਟਾ ਬੈਂਕ ਤਿਆਰ ਕਰਨ ਲਈ ਵੀ ਕਾਰਜਸ਼ੀਲ ਹੈ। ਉਨ੍ਹਾਂ ਕਿਹਾ ਕਿ ਸ਼?ਰੋਮਣੀ ਕਮੇਟੀ ਦੇ ਨੁਮਾਇੰਦਿਆਂ ਨੇ ਇਸ ਕਾਨਫ਼ਰੰਸ ਦੌਰਾਨ ਪ੍ਰਮੁੱਖ ਕੰਪਨੀਆਂ ਜਿਨ੍ਹਾਂ ਵਿਚ ਗੂਗਲ, ਮੈਟਾ ਤੇ ਓਪਨ ਏਆਈ ਆਦਿ ਸ਼ਾਮਲ ਹਨ ਦੇ ਅਧਿਕਾਰੀਆਂ ਨਾਲ ਰਾਬਤਾ ਕਰਦਿਆਂ ਆਪਣੇ ਸਿਸਟਮ ਵਿਚ ਅਜਿਹੇ ਕੀਵਰਡ ਸ਼ਾਮਲ ਕਰਨ ਲਈ ਆਖਿਆ, ਜਿਨ੍ਹਾਂ ਜਰੀਏ ਧਰਮ ਦੇ ਵਿਰੁੱਧ ਕਿਸੇ ਵੀ ਗਤੀਵਿਧੀ ਨੂੰ ਰੋਕਿਆ ਜਾ ਸਕੇ। ਉਨ੍ਹਾਂ ਕਿਹਾ ਕਿ ਸ਼?ਰੋਮਣੀ ਕਮੇਟੀ ਨੇ ਪੰਜਾਬੀ ਅਤੇ ਗੁਰਮੁੱਖੀ ਭਾਸ਼ਾ ਨਾਲ ਸਬੰਧਤ ਪ੍ਰਮਾਣਿਕ ਡਾਟਾ ਨੂੰ ਸ਼ਾਮਲ ਕਰਨ ਅਤੇ ਪਵਿੱਤਰ ਚਿੰਨਾਂ ਤੇ ਧਾਰਮਿਕ ਪਛਾਣ ਦੇ ਦੁਰਉਪਯੋਗ ਨੂੰ ਰੋਕਣ ਲਈ ਤਕਨੀਕੀ ਸੁਰੱਖਿਆ ਉਪਾਅ ਲਾਗੂ ਕਰਨ ਲਈ ਵੀ ਆਪਣੀ ਗੱਲ ਰੱਖੀ ਹੈ। ਵਕਤਾ ਨੇ ਕਿਹਾ ਕਿ ਇਨ੍ਹਾਂ ਕੰਪਨੀਆਂ ਦੇ ਅਧਿਕਾਰੀਆਂ ਨੇ ਸ਼?ਰੋਮਣੀ ਕਮੇਟੀ ਦੇ ਪੱਖ ਨੂੰ ਬੜੀ ਗੰਭੀਰਤਾ ਨਾਲ ਸੁਣਿਆ ਅਤੇ ਹਰ ਸੰਭਵ ਹੱਲ ਲਈ ਯਤਨਸ਼ੀਲ ਰਹਿਣ ਦਾ ਭਰੋਸਾ ਦਿੱਤਾ ਹੈ। ਉਨ੍ਹਾਂ ਕਿਹਾ ਕਿ ਆਧੁਨਿਕ ਤਕਨਾਲੋਜੀ ਦੇ ਇਸ ਯੁੱਗ ਵਿਚ ਧਾਰਮਿਕ ਅਜ਼ਾਦੀ, ਮਰਯਾਦਾ ਅਤੇ ਸੰਵੇਦਨਸ਼ੀਲਤਾ ਦੀ ਰੱਖਿਆ ਕਰਨਾ ਸਾਰਿਆਂ ਦੀ ਸਾਂਝੀ ਜ਼ੁੰਮੇਵਾਰੀ ਹੈ। ਸ਼?ਰੋਮਣੀ ਕਮੇਟੀ ਇਸ ਖੇਤਰ ਵਿਚ ਨਿਰੰਤਰ ਕਾਰਜਸ਼ੀਲ ਹੈ ਅਤੇ ਲੋੜ ਅਨੁਸਾਰ ਸਮੇਂ-ਸਮੇਂ 'ਤੇ ਇਸ ਖੇਤਰ ਵਿਚ ਮਾਹਿਰਾਂ ਦੀ ਸਲਾਹ ਅਨੁਸਾਰ ਯਤਨ ਜਾਰੀ ਰਹਿਣਗੇ। ਉਨ੍ਹਾਂ ਕਿਹਾ ਕਿ ਜਲਦ ਹੀ ਇਸ ਸਬੰਧ ਵਿਚ ਸ਼?ਰੋਮਣੀ ਕਮੇਟੀ ਵੱਲੋਂ ਵੱਖ-ਵੱਖ ਸੰਸਥਾਵਾਂ, ਅਦਾਰਿਆਂ ਅਤੇ ਨਿੱਜੀ ਤੌਰ 'ਤੇ ਕਾਰਜ ਕਰਦੇ ਲੋਕਾਂ ਨਾਲ ਰਾਬਤਾ ਕਰਕੇ ਇਸ ਆਧੁਨਿਕ ਤਕਨੀਕ ਦੇ ਸਦਉਪਯੋਗ ਨੂੰ ਯਕੀਨੀ ਬਨਾਉਣ ਲਈ ਯਤਨ ਵੀ ਕੀਤੇ ਜਾਣਗੇ।

## ਪ੍ਰੀਖਿਆ ਦੇ ਤਣਾਅ ਲਈ ਇਕ ਹੋਰ ਜਾਨ, 10ਵੀਂ ਦੀ ਵਿਦਿਆਰਥਣ ਨੇ ਕੀਤੀ ਖ਼ੁਦਕੁਸ਼ੀ

ਇਟਾਵਾ 23 ਫਰਵਰੀ। ਉੱਤਰ ਪ੍ਰਦੇਸ਼ ਦੇ ਇਟਾਵਾ ਦੀ ਫਰੈਂਡਜ਼ ਕਾਲੋਨੀ ਇਲਾਕੇ 'ਚ ਇਕ ਦਰਦਨਾਕ ਘਟਨਾ ਸਾਹਮਣੇ ਆਈ ਹੈ। ਇੱਥੇ 10ਵੀਂ ਜਮਾਤ ਦੀ ਇਕ ਵਿਦਿਆਰਥਣ ਨੇ ਫਾਹਾ ਲੈ ਕੇ ਖੁਦਕੁਸ਼ੀ ਕਰ ਲਈ। ਪੁਲਸ ਨੇ ਸ਼ਨੀਵਾਰ ਨੂੰ ਇਹ ਜਾਣਕਾਰੀ ਦਿੱਤੀ। ਮ੍ਰਿਤਕਾ ਦੀ ਪਛਾਣ 15 ਸਾਲਾ ਅਨੁਸ਼ਕਾ ਗੌਤਮ ਵਜੋਂ ਹੋਈ ਹੈ, ਜੋ 17 ਫਰਵਰੀ ਨੂੰ ਕੇਂਦਰੀ ਸੈਕੰਡਰੀ ਸਿੱਖਿਆ ਬੋਰਡ (ਸੀਬੀਐੱਸਈ) ਦੀ ਗਣਿਤ ਦੀ ਪ੍ਰੀਖਿਆ ਦੇਣ ਤੋਂ ਬਾਅਦ ਮਾਨਸਿਕ ਤਣਾਅ 'ਚ ਸੀ। ਥਾਣਾ ਇੰਚਾਜਰਜ (ਐੱਸਐੱਚਓ) ਅਮਿਤ ਕੁਮਾਰ ਮਿਸ਼ਰਾ ਅਨੁਸਾਰ, ਘਟਨਾ ਸ਼ੁੱਕਰਵਾਰ ਸ਼ਾਮ ਦੀ ਹੈ, ਜਦੋਂ ਕੁੜੀ ਘਰ 'ਚ ਇਕੱਲੀ ਸੀ। ਉਸ ਦੀ ਮਾਂ ਅਤੇ ਭਰਾ ਬਾਜ਼ਾਰ ਗਏ ਸਨ। ਥਾਣਾ ਇੰਚਾਰਜ ਨੇ ਦੱਸਿਆ,''ਜਦੋਂ ਪਰਿਵਾਰ ਵਾਲੇ ਸ਼ਾਮ 7 ਵਜੇ ਘਰ ਆਏ ਤਾਂ ਉਨ੍ਹਾਂ ਨੇ ਅਨੁਸ਼ਕਾ ਨੂੰ ਫਾਹੇ ਨਾਲ ਲਟਕਦੀ ਦੇਖਿਆ। ਸੂਚਨਾ ਮਿਲਣ 'ਤੇ ਪੁਲਸ ਦੀ ਇਕ ਟੀਮ ਮੌਕੇ 'ਤੇ ਪਹੁੰਚੀ ਅਤੇ ਲਾਸ਼ ਨੂੰ ਪੋਸਟਮਾਰਟਮ ਲਈ ਭੇਜਿਆ।'' ਸ਼ੁਰੂਆਤੀ ਜਾਂਚ ਅਤੇ ਪਰਿਵਾਰ ਦੇ ਬਿਆਨਾਂ ਤੋਂ ਪਤਾ ਲੱਗਦਾ ਹੈ ਕਿ ਅਨੁਸ਼ਕਾ ਗਣਿਤ ਦੇ ਪੇਪਰ 'ਚ ਆਪਣੇ ਪ੍ਰਦਰਸ਼ਨ ਤੋਂ ਬਹੁਤ ਪਰੇਸ਼ਾਨ ਸੀ। ਉਸ ਦੇ ਪਰਿਵਾਰ ਨੇ ਉਸ ਨੂੰ ਕਾਫ਼ੀ ਸਮਝਾਇਆ ਅਤੇ ਦਿਲਾਸਾ ਦੇਣ ਦੀ ਕੋਸ਼ਿਸ਼ ਵੀ ਕੀਤੀ, ਇਸ਼ ਦੇ ਬਾਵਜੂਦ ਉਹ ਤਣਾਅ 'ਚ ਸੀ। ਮੰਨਿਆ ਜਾਂਦਾ ਹੈ ਕਿ ਇਸੇ ਕਾਰਨ ਉਸ ਨੇ ਇਹ ਕਦਮ ਚੁੱਕਿਆ। ਮਾਮਲੇ 'ਚ ਅੱਗੇ ਦੀ ਜਾਂਚ ਜਾਰੀ ਹੈ।

## ਰੈਸਤਰਾਂ 'ਚ ਖਾਣਾ ਪਰੋਸਦੇ ਨੇ 'ਭੂਤ'! ਵੀਡੀਓ ਵਾਇਰਲ ਦੇਖ ਰਹਿ ਜਾਓਗੇ ਹੈਰਾਨ

ਨੈਸ਼ਨਲ ਡੈਸਕ 23 ਫਰਵਰੀ। ਉੱਤਰ ਪ੍ਰਦੇਸ਼ ਦੇ ਵਾਰਾਣਸੀ 'ਚ ਇਕ ਅਜਿਹਾ ਅਨੋਖਾ ਰੈਸਟੋਰੈਂਟ ਖੁੱਲ੍ਹਿਆ ਹੈ, ਜੋ ਆਪਣੀ ਡਰਾਉਣੀ ਥੀਮ ਕਾਰਨ ਸੋਸ਼ਲ ਮੀਡੀਆ 'ਤੇ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ। ਇਸ ਰੈਸਟੋਰੈਂਟ ਦੀ ਖਾਸੀਅਤ ਇਹ ਹੈ ਕਿ ਇੱਥੇ ਖਾਣਾ ਕੋਈ ਆਮ ਇਨਸਾਨ ਨਹੀਂ, ਸਗੋਂ ਭੂਤਾਂ ਦੇ ਪਹਿਰਾਵੇ 'ਚ ਵੇਟਰ ਪਰੋਸਦੇ ਹਨ। ਇਸ ਰੈਸਟੋਰੈਂਟ ਦਾ ਨਾਮ 'ਕੰਕਾਲ ਹਾਰਰ ਰੈਸਟੋਰੈਂਟ' ਹੈ, ਜਿਸ ਨੂੰ ਪੂਰੀ ਤਰ੍ਹਾਂ ਇਕ ਭੂਤੀਆ ਹਵੇਲੀ ਵਾਂਗ ਸਜਾਇਆ ਗਿਆ ਹੈ। ਵਾਇਰਲ ਹੋ ਰਹੀ ਵੀਡੀਓ 'ਚ ਦੇਖਿਆ ਜਾ ਸਕਦਾ ਹੈ ਕਿ ਜਦੋਂ ਇਕ ਵੇਟਰ ਭੂਤ ਬਣ ਕੇ ਟੇਬਲ 'ਤੇ ਖਾਣਾ ਲੈ ਕੇ ਆਉਂਦਾ ਹੈ, ਤਾਂ ਉੱਥੇ ਬੈਠਾ ਪਰਿਵਾਰ ਡਰ ਨਾਲ ਕੰਬ ਜਾਂਦਾ ਹੈ। ਵੀਡੀਓ 'ਚ ਇਕ ਲੜਕੀ ਜਦੋਂ ਭੂਤ ਬਣੇ ਵੇਟਰ ਨਾਲ ਹੱਥ ਮਿਲਾਉਣ ਦੀ ਕੋਸ਼ਿਸ਼ ਕਰਦੀ ਹੈ, ਤਾਂ ਉਹ ਡਰ ਕੇ ਤੁਰੰਤ ਆਪਣਾ ਹੱਥ ਪਿੱਛੇ ਖਿੱਚ ਲੈਂਦੀ ਹੈ। ਇਹ ਵੀਡੀਓ ਇੰਸਟਾਗ੍ਰਾਮ 'ਤੇ ਨਾਮ ਦੀ ਆਈਡੀ ਤੋਂ ਸਾਂਝੀ ਕੀਤੀ ਗਈ ਹੈ, ਜਿਸ ਨੂੰ ਹੁਣ ਤੱਕ 59 ਲੱਖ (5.9 ਮਿਲੀਅਨ) ਤੋਂ ਵੱਧ ਵਾਰ ਦੇਖਿਆ ਜਾ ਚੁੱਕਾ ਹੈ। ਇਸ ਵੀਡੀਓ ਨੂੰ 1.83 ਲੱਖ ਤੋਂ ਵੱਧ ਲੋਕਾਂ ਨੇ ਲਾਈਕ ਕੀਤਾ ਹੈ ਅਤੇ ਹਜ਼ਾਰਾਂ ਲੋਕਾਂ ਨੇ ਇਸ 'ਤੇ ਵੱਖ-ਵੱਖ ਤਰ੍ਹਾਂ ਦੀਆਂ ਪ੍ਰਤੀਕਿਰਿਆਵਾਂ ਦਿੱਤੀਆਂ ਹਨ। ਰੈਸਟੋਰੈਂਟ ਦੀ ਇਸ ਅਨੋਖੀ ਥੀਮ ਨੂੰ ਦੇਖ ਕੇ ਲੋਕ ਹੈਰਾਨ ਹਨ। ਇੱਕ ਯੂਜ਼ਰ ਨੇ ਮਜ਼ਾਕੀਆ ਲਹਿਜੇ ਵਿਚ ਲਿਖਿਆ, ਇੱਥੇ ਜੇ ਕੋਈ ਇਕੱਲਾ ਖਾਣਾ ਖਾਏਗਾ, ਤਾਂ ਉਸ ਦੀ ਭੁੱਖ ਹੀ ਮਿਟ ਜਾਵੇਗੀ। ਇਕ ਹੋਰ ਯੂਜ਼ਰ ਨੇ ਲਿਖਿਆ ਕਿ ਇੱਥੇ ਤਾਂ ਡਰ ਦੇ ਮਾਰੇ ਖਾਣਾ ਹੀ ਨਹੀਂ ਖਾਧਾ ਜਾਵੇਗਾ। ਬਹੁਤ ਸਾਰੇ ਲੋਕ ਕੁਮੈਂਟ ਕਰਕੇ ਵਾਰਾਣਸੀ ਵਿੱਚ ਇਸ ਰੈਸਟੋਰੈਂਟ ਦੀ ਸਹੀ ਲੋਕੇਸ਼ਨ ਬਾਰੇ ਵੀ ਪੁੱਛ ਰਹੇ ਹਨ।

## ਨੌਜਵਾਨ ਬਣਿਆ ਹੈਵਾਨ, ਲਿਵ-ਇਨ ਪਾਰਟਨਰ ਦੀ ਕੀਤੀ ਬੁਰੀ ਤਰ੍ਹਾਂ ਕੁੱਟਮਾਰ, ਹਾਲਤ ਗੰਭੀਰ

ਗੁਰੂਗ੍ਰਾਮ 23 ਫਰਵਰੀ। ਹਰਿਆਣਾ ਦੇ ਗੁਰੂਗ੍ਰਾਮ 'ਚ 19 ਸਾਲਾ ਵਿਦਿਆਰਥਣ ਨੂੰ ਉਸ ਦੇ ਲਿਵ-ਇਨ ਪਾਰਟਨਰ ਨੇ ਬੇਰਹਿਮੀ ਨਾਲ ਕੁੱਟਿਆ, ਜਿਸ ਤੋਂ ਬਾਅਦ ਉਸ ਨੂੰ ਗੰਭੀਰ ਹਾਲਤ 'ਚ ਦਿੱਲੀ ਸਥਿਤ ਅਖਿਲ ਭਾਰਤੀ ਆਯੂਰਵਿਗਿਆਨ ਸੰਸਥਾ (ਏਮਜ਼) 'ਚ ਦਾਖ਼ਲ ਕਰਵਾਇਆ ਗਿਆ। ਪੁਲਸ ਨੇ ਸ਼ੁੱਕਰਵਾਰ ਨੂੰ ਦੱਸਿਆ ਕਿ ਦੋਸ਼ੀ ਨੂੰ ਗ੍ਰਿਫ਼ਤਾਰ ਕਰ ਲਿਆ ਹੈ, ਜਿਸ ਦੀ ਪਛਾਣ ਦਿੱਲੀ ਵਾਸੀ ਸ਼ਿਵਮ (19) ਵਜੋਂ ਹੋਈ ਹੈ। ਪੀੜਤਾ ਉੱਤਰੀ ਤ੍ਰਿਪੁਰਾ ਦੀ ਰਹਿਣ ਵਾਲੀ ਹੈ ਅਤੇ ਗੁਰੂਗ੍ਰਾਮ ਦੇ ਜੀਡੀ ਗੋਇਨਕਾ ਯੂਨੀਵਰਸਿਟੀ 'ਚ ਜੈਵ ਤਕਨਾਲੋਜੀ (ਬਾਇਓਟੈਕਨਾਲੋਜੀ) ਦੀ ਵਿਦਿਆਰਥਣ ਹੈ। ਪੁਲਸ ਅਨੁਸਾਰ, ਦੋਵਾਂ ਦੀ ਮੁਲਾਕਾਤ ਸਤੰਬਰ 2025 'ਚ ਹੋਈ ਸੀ ਅਤੇ ਉਹ ਪਿਛਲੇ ਕੁਝ ਮਹੀਨਿਆਂ ਤੋਂ ਸੈਕਟਰ 69 ਸਥਿਤ ਇਕ ਪੀਜੀ ਰਿਹਾਇਸ਼ 'ਚ ਇਕੱਠੇ ਰਹਿ ਰਹੇ ਸਨ। ਉਨ੍ਹਾਂ ਦੇ ਵਿਆਹ ਨੂੰ ਲੈ ਕੇ ਪਰਿਵਾਰਾਂ ਵਿਚਾਲੇ ਗੱਲਬਾਤ ਚੱਲ ਰਹੀ ਸੀ। ਵੀਰਵਾਰ ਰਾਤ ਦੋਵਾਂ ਵਿਚਾਲੇ ਕਹਾਸੁਣੀ ਹੋਈ, ਜਿਸ ਤੋਂ ਬਾਅਦ ਦੋਸ਼ੀ ਨੇ ਕੁੜੀ 'ਤੇ ਹਮਲਾ ਕਰ ਕੇ ਉਸ ਨੂੰ ਗੰਭੀਰ ਰੂਪ ਨਾਲ ਜ਼ਖ਼ਮੀ ਕਰ ਦਿੱਤਾ। ਵੀਰਵਾਰ ਦੇਰ ਰਾਤ ਕੁੜੀ ਦੀ ਮਾਂ ਦੀ ਸੂਚਨਾ 'ਤੇ ਪੁਲਸ ਪੀਜੀ ਪਹੁੰਚੀ ਅਤੇ ਕੁੜੀ ਨੂੰ ਬਚਾਇਆ। ਪੁਲਸ ਡਿਪਟੀ ਕਮਿਸ਼ਨਰ ਹਿਤੇਸ਼ ਯਾਦਵ ਨੇ ਦੱਸਿਆ,''ਦੋਸ਼ੀ ਨੇ ਗੁੱਸੇ 'ਚ ਆ ਕੇ ਪੀੜਤਾ 'ਤੇ ਬੇਰਹਿਮੀ ਨਾਲ ਹਮਲਾ ਕੀਤਾ। ਸ਼ੁਰੂਆਤੀ ਜਾਂਚ 'ਚ ਪਤਾ ਲੱਗਾ ਹੈ ਕਿ ਦੋਸ਼ੀ ਨੂੰ ਆਪਣੀ ਲਿਵ-ਇਨ ਪਾਰਟਨਰ ਦੇ ਚਰਿੱਤਰ 'ਤੇ ਸ਼ੱਕੀ ਸੀ। ਦੋਸ਼ੀ ਸ਼ਿਵਮ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ ਅਤੇ ਉਸ ਤੋਂ ਪੁੱਛ-ਗਿੱਛ ਕੀਤੀ ਜਾ ਰਹੀ ਹੈ। ਅਸੀਂ ਹਾਦਸੇ ਵਾਲੀ ਜਗ?ਹਾ ਤੋਂ ਸਬੂਤ ਵੀ ਜੁਟਾ ਲਏ ਹਨ ਅਤੇ ਸੀਸੀਟੀਵੀ ਕੈਮਰਿਆਂ ਦੀ ਫੁਟੇਜ ਦੀ ਜਾਂਚ ਕਰ ਰਹੇ ਹਾਂ।'' ਉਨ੍ਹਾਂ ਦੱਸਿਆ ਕਿ ਬਾਦਸ਼ਾਹਪੁਰ ਥਾਣੇ 'ਚ ਐੱਫਆਈਆਰ ਦਰਜ ਕੀਤੀ ਗਈ ਹੈ।

# ਬਟਾਲਾ 'ਚ ਆਵਾਰਾ ਕੁੱਤਿਆਂ ਦੀ ਦਹਿਸ਼ਤ, ਦਰਜਨ ਦੇ ਕਰੀਬ ਲੋਕਾਂ ਨੂੰ ਬਣਾਇਆ ਸ਼ਿਕਾਰ

**ਕੌਮੀ ਪਤ੍ਰਿਕਾ**

ਬਟਾਲਾ 23 ਫਰਵਰੀ। ਆਵਾਰਾ ਕੁੱਤਿਆਂ ਦੀ ਸਮੱਸਿਆ ਦਿਨੋਂ-ਦਿਨ ਗੰਭੀਰ ਹੁੰਦੀ ਜਾ ਰਹੀ ਹੈ। ਮਾਨਯੋਗ ਹਾਈਕੋਰਟ ਦੀ ਸਖ਼ਤੀ ਦੇ ਬਾਵਜੂਦ ਪੰਜਾਬ ਅੰਦਰ ਆਵਾਰਾ ਕੁੱਤਿਆਂ ਦਾ ਕਹਿਰ ਜਾਰੀ ਹੈ। ਤਾਜ਼ਾ ਮਾਮਲੇ 'ਚ ਬਟਾਲਾ ਦੇ ਅਰਬਨ ਅਸਟੇਟ ਅਤੇ ਅਰਬਨ ਅਸਟੇਟ ਲੇਬਰ ਕਾਲੋਨੀ 'ਚ ਆਵਾਰਾ ਕੁੱਤਿਆਂ ਨੇ ਦਰਜਨ ਦੇ ਕਰੀਬ ਲੋਕਾਂ ਨੂੰ ਵੱਢ ਕੇ ਜ਼ਖ਼ਮੀ ਕਰ ਦਿੱਤਾ ਹੈ, ਜਿਸ ਕਾਰਨ ਇਲਾਕਾ ਨਿਵਾਸੀਆਂ 'ਚ ਭਾਰੀ ਦਹਿਸ਼ਤ ਪਾਈ ਜਾ ਰਹੀ ਹੈ। ਲੇਬਰ ਕਾਲੋਨੀ ਦੇ ਵਸਨੀਕਾਂ ਅਵਤਾਰ ਸਿੰਘ, ਜੋਗਿੰਦਰ ਸਿੰਘ, ਜਗਰੂਪ ਸਿੰਘ ਅਤੇ ਬਲਜਿੰਦਰ ਕੌਰ ਨੇ ਦੱਸਿਆ ਕਿ ਪਿਛਲੇ ਕੁਝ ਦਿਨਾਂ 'ਚ ਕੁੱਤਿਆਂ ਨੇ ਕਈ ਲੋਕਾਂ ਨੂੰ ਆਪਣਾ ਸ਼ਿਕਾਰ ਬਣਾਇਆ ਹੈ। ਲੋਕ ਆਪਣੇ ਪੱਧਰ 'ਤੇ ਇਲਾਜ ਕਰਵਾਉਣ ਲਈ ਮਜਬੂਰ ਹਨ। ਉਨ੍ਹਾਂ ਕਿਹਾ ਕਿ ਕੁੱਤਿਆਂ ਦੀ ਦਹਿਸ਼ਤ ਇੰਨੀ ਜ਼ਿਆਦਾ ਹੈ ਕਿ ਦੇਰ-ਸਵੇਰ ਘਰੋਂ ਬਾਹਰ ਨਿਕਲਣਾ ਵੀ ਮੁਸ਼ਕਲ ਹੋ ਗਿਆ ਹੈ। ਮਾਪਿਆਂ ਅਨੁਸਾਰ ਬੱਚਿਆਂ ਨੂੰ ਸਕੂਲ ਭੇਜਣ ਵੇਲੇ ਵੀ ਹਮੇਸ਼ਾ ਡਰ ਬਣਿਆ ਰਹਿੰਦਾ ਹੈ



ਅਤੇ ਉਨ੍ਹਾਂ ਨੂੰ ਪੂਰੀ ਨਿਗਰਾਨੀ ਹੇਠ ਭੇਜਣਾ ਪੈਂਦਾ ਹੈ। ਮੁਹੱਲਾ ਨਿਵਾਸੀਆਂ ਨੇ ਇਸ ਸਬੰਧੀ ਨਗਰ ਨਿਗਮ ਬਟਾਲਾ ਨੂੰ ਲਿਖਤੀ ਸ਼ਿਕਾਇਤ ਵੀ ਭੇਜੀ ਹੈ। ਇਸੇ ਦੌਰਾਨ ਗੁਰਦੁਆਰਾ ਸਾਹਿਬ ਅਰਬਨ ਅਸਟੇਟ ਦੇ ਪ੍ਰਧਾਨ ਮਨਬੀਰ ਸਿੰਘ ਰੰਧਾਵਾ ਅਤੇ ਅਰਬਨ ਅਸਟੇਟ ਦੇ ਪ੍ਰਧਾਨ ਰਣਦੀਪ ਸਿੰਘ ਬੇਦੀ ਨੇ ਨਗਰ ਨਿਗਮ ਦੇ ਉੱਚ ਅਧਿਕਾਰੀਆਂ ਨੂੰ ਅਪੀਲ ਕੀਤੀ ਹੈ ਕਿ ਇਸ ਸਮੱਸਿਆ ਦਾ ਸਥਾਈ ਹੱਲ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਕਈ ਵਾਰ ਅਵਾਰਾ ਕੁੱਤਿਆਂ ਦੇ ਕਾਰਨ ਕੀਮਤੀ ਜਾਨਾਂ ਵੀ ਚਲੀਆਂ ਜਾਂਦੀਆਂ ਹਨ, ਇਸ ਲਈ ਸਿਵਲ ਪ੍ਰਸ਼ਾਸਨ ਨੂੰ ਤੁਰੰਤ ਹਰਕਤ ਵਿੱਚ ਆਉਣਾ ਚਾਹੀਦਾ ਹੈ। ਇਸ ਮੌਕੇ ਰਮਨ ਕੁਮਾਰ, ਸੁਖਵਿੰਦਰ ਕੌਰ, ਜਗਮੋਹਣ ਸਿੰਘ, ਜੋਰਾਵਰ ਸਿੰਘ, ਅਮਰਜੀਤ ਸਿੰਘ, ਜਸਵੰਤ ਸਿੰਘ, ਪਵਿੱਤਰ ਸਿੰਘ, ਅਰਜਨ ਸਿੰਘ, ਪਲਵਿੰਦਰ ਸਿੰਘ ਅਤੇ ਕੁਲਵਿੰਦਰ ਕੌਰ ਸਮੇਤ ਹੋਰ ਵੀ ਕਈ ਮੁਹੱਲਾ ਨਿਵਾਸੀ ਹਾਜ਼ਰ ਸਨ।

## ਭਿਆਨਕ ਸੜਕ ਹਾਦਸਾ: ਟਰੈਕਟਰ ਟੋਏ 'ਚ ਡਿੱਗਣ 4 ਲੋਕਾਂ ਦੀ ਮੌਤ

ਬਾਗਲਕੋਟ 23 ਫਰਵਰੀ। ਕਰਨਾਟਕ ਦੇ ਬਾਗਲਕੋਟ ਜ਼ਿਲ੍ਹੇ 'ਚ ਸ਼ੁੱਕਰਵਾਰ ਦੇਰ ਰਾਤ ਇਕ ਟਰੈਕਟਰ ਦੇ ਟੋਏ 'ਚ ਡਿੱਗਣ ਨਾਲ 2 ਸਾਲ ਦੇ ਬੱਚੇ ਸਣੇ 4 ਲੋਕਾਂ ਦੀ ਮੌਤ ਹੋ ਗਈ। ਪੁਲਸ ਨੇ ਦੱਸਿਆ,''ਇਹ ਹਾਦਸਾ ਦੇਰ ਰਾਤ ਕਰੀਬ 2 ਵਜੇ ਉਦੋਂ ਹੋਇਆ ਜਦੋਂ ਗੰਨੇ ਦੀ ਕੱਟਾਈ ਦਾ ਕੰਮ ਖ਼ਤਮ ਹੋਣ ਤੋਂ ਬਾਅਦ ਕੁਝ ਲੋਕ ਟਰੈਕਟਰ 'ਤੇ ਵਾਪਸ ਆ ਰਹੇ ਸਨ ਅਤੇ ਇਸ ਦੌਰਾਨ ਟਰਾਲੀ ਵੱਖ ਹੋ ਕੇ ਟੋਏ 'ਚ ਜਾ ਡਿੱਗੀ।'' ਪੁਲਸ ਅਨੁਸਾਰ ਇਹ ਹਾਦਸਾ ਬਾਗਲਕੋਟ ਜ਼ਿਲ੍ਹੇ ਦੇ ਜਮਖੰਡੀ ਤਾਲੁਕ 'ਚ ਕੱਟੇ ਕੇਰੇ ਨੇੜੇ ਵਾਪਰੀ। ਮ੍ਰਿਤਕਾਂ ਦੀ ਪਛਾਣ ਮਹਾਰਾਸ਼ਟਰ ਦੇ ਯਵਤਮਾਲ ਜ਼ਿਲ੍ਹੇ ਦੇ ਬੁਸਾ ਤਾਲੁਕ ਸਥਇਤ ਗੁਪਵਾਡੀ ਦੇ ਵਾਸੀ ਮਨੀਸ਼ ਪਾਂਡੇ (23), 2 ਸਾਲ ਦੀ ਹਲਾਕੀ ਪਾਂਡੇ, ਲਕਸ਼ਮੀ ਚਿਰਮੜੀ (27) ਅਤੇ ਰੇਖਾ ਭੁਕੇ ਵਜੋਂ ਹੋਈ ਹੈ। ਪੁਲਸ ਨੇ ਕਿਹਾ,''ਸਾਰੇ ਮਹਾਰਾਸ਼ਟਰ ਦੇ ਪ੍ਰਵਾਸੀ ਮਜ਼ਦੂਰ ਸਨ। ਹਾਦਸੇ ਦੇ ਸਮੇਂ ਟਰੈਕਟਰ 'ਚ ਕਰੀਬ 20 ਲੋਕ ਸਵਾਰ ਸਨ।'' ਪੁਲਸ ਨੇ ਦੱਸਿਆ ਕਿ ਘਟਨਾ ਦੀ ਸੂਚਨਾ ਮਿਲਦੇ ਹੀ ਜਮਖੰਡੀ ਥਾਣੇ ਦੇ ਪੁਲਸ ਕਰਮੀ ਮੌਕੇ 'ਤੇ ਪਹੁੰਚੇ ਅਤੇ ਲਾਸ਼ਾਂ ਨੂੰ ਪੋਸਟਮਾਰਟਮ ਲਈ ਭੇਜ ਦਿੱਤਾ। ਪੁਲਸ ਨੇ ਕਿਹਾ,''ਮਾਮਲਾ ਦਰਜ ਕਰ ਲਿਆ ਗਿਆ ਹੈ ਅਤੇ ਜਾਂਚ ਜਾਰੀ ਹੈ।''

## ਗੁਆਂਢੀ ਦੇ ਘਰ ਪਾਣੀ ਭਰਨ ਗਏ ਭੈਣ-ਭਰਾ ਦੀ ਹੋਈ ਦਰਦਨਾਕ ਮੌਤ ! ਪੂਰੇ ਇਲਾਕੇ 'ਚ ਫੈਲਿਆ ਸੋਗ

ਨੈਸ਼ਨਲ ਡੈਸਕ 23 ਫਰਵਰੀ। ਉੱਤਰ ਪ੍ਰਦੇਸ਼ ਤੋਂ ਇਕ ਸਨਸਨੀਖੇਜ਼ ਖਬਰ ਸਾਹਮਣੇ ਆਈ ਹੈ, ਜਿੱਥੋਂ ਦੇ ਫਤਿਹਪੁਰ ਜ਼ਿਲ੍ਹੇ ਦੇ ਰਾਧਾ ਨਗਰ ਖੇਤਰ ਵਿੱਚ ਮੰਗਲਵਾਰ ਰਾਤ ਇੱਕ ਵੱਡਾ ਹਾਦਸਾ ਵਾਪਰ ਗਿਆ। ਇੱਥੇ ਗੁਆਂਢੀ ਦੇ ਘਰ ਪਾਣੀ ਭਰਨ ਗਏ ਦੋ ਸਕੇ ਭੈਣ-ਭਰਾ ਦੀ ਖੁੱਲ੍ਹੇ ਸੈਪਟਿਕ ਟੈਂਕ ਵਿੱਚ ਡਿੱਗਣ ਕਾਰਨ ਦਰਦਨਾਕ ਮੌਤ ਹੋ ਗਈ। ਬੜਨਪੁਰ ਪਿੰਡ ਵਿੱਚ ਝੁੱਗੀ ਵਿੱਚ ਰਹਿਣ ਵਾਲੇ ਰਾਕੇਸ਼ ਸ਼ਰਮਾ ਦੀ ਧੀ ਸ਼ਿਵਾਂਸ਼ੀ (7 ਸਾਲ) ਅਤੇ ਬੇਟਾ ਸ਼ਤਰੂਘਨ (5 ਸਾਲ) ਮੰਗਲਵਾਰ ਰਾਤ ਕਰੀਬ 9 ਵਜੇ ਗੁਆਂਢ ਵਿੱਚ ਪਾਣੀ ਲੈਣ ਗਏ ਸਨ। ਸਫ਼ਾਈ ਲਈ ਖੁੱਲ੍ਹੇ ਛੱਡੇ ਗਏ ਸੈਪਟਿਕ ਟੈਂਕ ਵਿੱਚ ਅਚਾਨਕ ਪੈਰ ਫਿਸਲਣ ਕਾਰਨ ਦੋਵੇਂ ਅੰਦਰ ਜਾ ਡਿੱਗੇ। ਟੈਂਕ ਵਿੱਚ ਪਾਣੀ ਭਰਿਆ ਹੋਣ ਕਾਰਨ ਦੋਵੇਂ ਮਾਸੂਮ ਬੱਚੇ ਬਾਹਰ ਨਹੀਂ ਨਿਕਲ ਸਕੇ ਅਤੇ ਦਮ ਘੁੱਟਣ ਤੇ ਡੁੱਬਣ ਕਾਰਨ ਉਨ੍ਹਾਂ ਦੀ ਮੌਤ ਹੋ ਗਈ। ਘਟਨਾ ਦੀ ਸੂਚਨਾ ਮਿਲਦੇ ਹੀ ਪੁਲਸ ਮੌਕੇ 'ਤੇ ਪਹੁੰਚੀ ਅਤੇ ਬੱਚਿਆਂ ਦੀਆਂ ਦੇਹਾਂ ਨੂੰ ਕਬਜ਼ੇ ਵਿੱਚ ਲੈ ਕੇ ਪੋਸਟਮਾਰਟਮ ਲਈ ਭੇਜ ਦਿੱਤਾ। ਇਸ ਹਾਦਸੇ ਤੋਂ ਬਾਅਦ ਪੂਰੇ ਪਿੰਡ ਵਿੱਚ ਸੋਗ ਦੀ ਲਹਿਰ ਹੈ ਅਤੇ ਪਰਿਵਾਰ ਦਾ ਰੋ-ਰੋ ਕੇ ਬੁਰਾ ਹਾਲ ਹੈ। ਫਿਲਹਾਲ ਪੁਲਸ ਮਾਮਲੇ ਦੀ ਜਾਂਚ ਕਰ ਰਹੀ ਹੈ,

# ਰੋਜ਼ ਮੌਤ ਨਾਲ 'ਹੱਥ ਮਿਲਾ ਕੇ' ਲੰਘਦੇ ਨੇ ਲੋਕ ! ਇੰਜੀਨੀਅਰਾਂ ਨੇ ਕਰ 'ਤਾ ਅਜੀਬੋ-ਗਰੀਬ ਕਾਰਨਾਮਾ

**ਕੌਮੀ ਪਤ੍ਰਿਕਾ**

ਨੈਸ਼ਨਲ ਡੈਸਕ। ਮੱਧ ਪ੍ਰਦੇਸ਼ ਦੀ ਰਾਜਧਾਨੀ ਭੋਪਾਲ ਵਿੱਚ ਵਿਕਾਸ ਦਾ ਇੱਕ ਅਜਿਹਾ ਅਨੋਖਾ ਅਤੇ ਖ਼ਤਰਨਾਕ ਨਮੂਨਾ ਸਾਹਮਣੇ ਆਇਆ ਹੈ, ਜਿਸ ਨੂੰ ਦੇਖ ਕੇ ਹਰ ਕੋਈ ਹੈਰਾਨ ਹੈ। ਸ਼ਹਿਰ ਦੇ ਕਰੋਂਦ ਇਲਾਕੇ ਦੀ ਵਿਨਾਇਕ ਕਾਲੋਨੀ ਵਿੱਚ ਪ੍ਰਸ਼ਾਸਨ ਨੇ ਇੱਕ ਹਾਈ ਟੈਂਸ਼ਨ ਬਿਜਲੀ ਦੇ ਟਾਵਰ ਦੇ ਹੇਠਾਂ ਹੀ ਪੱਕੀ ਸੜਕ ਬਣਾ ਦਿੱਤੀ ਹੈ। ਸੋਸ਼ਲ ਮੀਡੀਆ 'ਤੇ ਲੋਕ ਇਸ ਨੂੰ ਮਜ਼ਾਕ ਵਿੱਚ 'ਭੋਪਾਲ ਦਾ ਐਫਿਲ ਟਾਵਰ' ਕਹਿ ਰਹੇ ਹਨ, ਪਰ ਸਥਾਨਕ ਲੋਕਾਂ ਲਈ ਇਹ ਕਿਸੇ ਵੱਡੇ ਖ਼ਤਰੇ ਤੋਂ ਘੱਟ ਨਹੀਂ ਹੈ। ਇਸ ਸੜਕ ਦੀ ਹਾਲਤ ਇਹ ਹੈ ਕਿ ਲੋਕਾਂ ਨੂੰ ਟਾਵਰ ਦੇ ਚਾਰਾਂ ਪੈਰਾਂ ਦੇ ਵਿਚਕਾਰੋਂ ਲੰਘਣਾ ਪੈਂਦਾ ਹੈ। ਇੱਥੋਂ ਪੈਦਲ ਚੱਲਣ ਵਾਲੇ, ਮੋਟਰਸਾਈਕਲ ਸਵਾਰ ਅਤੇ ਕਾਰਾਂ ਵਾਲੇ ਆਪਣੀ ਜਾਨ ਜ਼ੋਖ਼ਮ ਵਿੱਚ ਪਾ ਕੇ ਗੁਜ਼ਰਦੇ ਹਨ। ਸਥਾਨਕ ਨਿਵਾਸੀਆਂ ਦਾ ਕਹਿਣਾ ਹੈ ਕਿ ਬਾਰਿਸ਼ ਦੇ ਦਿਨਾਂ ਵਿੱਚ ਸਥਿਤੀ ਹੋਰ ਵੀ ਭਿਆਨਕ ਹੋ ਜਾਂਦੀ ਹੈ, ਕਿਉਂਕਿ ਪਾਣੀ ਕਾਰਨ ਕਰੰਟ ਫੈਲਣ ਦਾ ਡਰ ਬਣਿਆ ਰਹਿੰਦਾ ਹੈ। ਵੱਡੀਆਂ ਗੱਡੀਆਂ



ਤਾਂ ਇੱਥੋਂ ਨਹੀਂ ਲੰਘ ਸਕਦੀਆਂ, ਪਰ ਦੋਪਹੀਆ ਵਾਹਨ ਚਾਲਕਾਂ ਕੋਲ ਇਸ ਤੋਂ ਇਲਾਵਾ ਕੋਈ ਹੋਰ ਰਸਤਾ ਨਹੀਂ ਹੈ। ਹੈਰਾਨੀ ਦੀ ਗੱਲ ਇਹ ਹੈ ਕਿ ਜਦੋਂ ਇਸ ਸਬੰਧੀ ਸੂਬੇ ਦੇ ਊਰਜਾ ਮੰਤਰੀ ਪ੍ਰਦਿਊਮਨ ਸਿੰਘ ਤੋਮਰ ਨਾਲ ਸੰਪਰਕ ਕੀਤਾ ਗਿਆ ਤਾਂ ਉਨ੍ਹਾਂ ਨੂੰ ਇਸ ਮਾਮਲੇ ਬਾਰੇ ਕੋਈ ਜਾਣਕਾਰੀ ਹੀ ਨਹੀਂ ਸੀ। ਜਾਣਕਾਰੀ ਮਿਲਣ ਤੋਂ ਬਾਅਦ ਉਨ੍ਹਾਂ ਦੱਸਿਆ ਕਿ ਹਾਈ ਟੈਂਸ਼ਨ ਲਾਈਨ ਨੂੰ ਸ਼ਿਫਟ ਕਰਨਾ ਇੰਨਾ ਸੌਖਾ ਨਹੀਂ ਹੈ। ਇਸ ਲਈ ਵੱਡੇ ਬਜਟ ਦੀ ਲੋੜ ਹੁੰਦੀ ਹੈ ਅਤੇ ਇਹ ਕਾਰਵਾਈ ਉਦੋਂ ਹੀ ਕੀਤੀ ਜਾਂਦੀ ਹੈ ਜਦੋਂ ਉੱਥੋਂ ਰੇਲਵੇ ਲਾਈਨ ਕੱਢਣੀ ਹੋਵੇ ਜਾਂ ਨਗਰ ਨਿਗਮ ਨੂੰ ਕੋਈ ਖਾਸ ਵਿਕਾਸ ਕਾਰਜ ਕਰਨਾ ਹੋਵੇ। ਇਸ ਟਾਵਰ ਦੇ ਵਿਚਕਾਰੋਂ ਲੰਘਦੀ ਸੜਕ ਦੀਆਂ ਤਸਵੀਰਾਂ ਹੁਣ ਇੰਟਰਨੈੱਟ 'ਤੇ ਤੇਜ਼ੀ ਨਾਲ ਵਾਇਰਲ ਹੋ ਰਹੀਆਂ ਹਨ। ਲੋਕ ਪ੍ਰਸ਼ਾਸਨ ਦੀ ਇਸ 'ਲਾਪਰਵਾਹੀ ਵਾਲੀ ਯੋਜਨਾਬੰਦੀ' 'ਤੇ ਸਵਾਲ ਚੁੱਕ ਰਹੇ ਹਨ। ਇਹ ਟਾਵਰ ਇਸ ਗੱਲ ਦਾ ਪ੍ਰਤੀਕ ਬਣ ਗਿਆ ਹੈ ਕਿ ਕਿਵੇਂ ਲੋਕਾਂ ਦੀ ਸੁਰੱਖਿਆ ਨੂੰ ਨਜ਼ਰਅੰਦਾਜ਼ ਕਰਕੇ ਵਿਕਾਸ ਦੇ ਨਾਂ 'ਤੇ ਕਰੰਟ ਦੀ ਤਲਵਾਰ ਲਟਕਾ ਦਿੱਤੀ ਗਈ ਹੈ।

## ਪੁਲਸ ਨੇ ਸਿੰਬਲ ਚੌਂਕ 'ਚ ਨਾਕਾਬੰਦੀ ਕਰ ਕੇ ਵਾਹਨਾਂ ਦੀ ਕੀਤੀ ਚੈਕਿੰਗ

ਬਟਾਲਾ 23 ਫਰਵਰੀ। ਥਾਣਾ ਸਿਵਲ ਲਾਈਨ ਦੀ ਪੁਲਸ ਵੱਲੋਂ ਐੱਸ. ਐੱਚ. ਓ. ਨਿਰਮਲ ਸਿੰਘ ਦੀ ਅਗਵਾਈ 'ਚ ਸਥਾਨਕ ਸਿੰਬਲ ਚੌਂਕ 'ਚ ਨਾਕਾਬੰਦੀ ਕਰਕੇ ਵਾਹਨਾਂ ਦੀ ਚੈਕਿੰਗ ਕੀਤੀ ਗਈ। ਇਸ ਮੁਹਿੰਮ ਦੌਰਾਨ ਅਧੂਰੇ ਦਸਤਾਵੇਜ਼ਾਂ ਵਾਲੇ ਅਤੇ ਨਿਯਮਾਂ ਦੀ ਉਲੰਘਣਾ ਕਰਨ ਵਾਲੇ ਵਾਹਨ ਚਾਲਕਾਂ ਦੇ ਚਲਾਨ ਕੱਟੇ ਗਏ। ਇਸ ਸਬੰਧੀ ਐੱਸ. ਐੱਚ. ਓ. ਨਿਰਮਲ ਸਿੰਘ ਨੇ ਦੱਸਿਆ ਕਿ ਐੱਸ. ਐੱਸ. ਪੀ. ਬਟਾਲਾ ਡਾ. ਮਹਿਤਾਬ ਸਿੰਘ ਅਤੇ ਡੀ. ਐੱਸ. ਪੀ. ਸਿਟੀ ਸੰਜੀਵ ਕੁਮਾਰ ਦੇ ਨਿਰਦੇਸ਼ਾਂ ਤਹਿਤ ਇਹ ਕਾਰਵਾਈ ਅਮਲ 'ਚ ਲਿਆਂਦੀ ਗਈ ਹੈ। ਉਨ੍ਹਾਂ ਦੱਸਿਆ ਕਿ ਚੈਕਿੰਗ ਦੌਰਾਨ ਟ?ਰੈਫਿਕ ਨਿਯਮਾਂ ਦਾ ਉਲੰਘਣ ਕਰਨ ਵਾਲੇ 10 ਵਾਹਨ ਚਾਲਕਾਂ ਦੇ ਚਲਾਨ ਕੱਟੇ ਗਏ ਹਨ। ਉਨ੍ਹਾਂ ਕਿਹਾ ਕਿ ਬਟਾਲਾ ਪੁਲਸ ਵੱਲੋਂ ਸ਼ਹਿਰ ਦੇ ਵੱਖ-ਵੱਖ ਇਲਾਕਿਆਂ 'ਚ ਨਾਕਾਬੰਦੀ ਕਰ ਕੇ ਜਿੱਥੇ ਵਾਹਨਾਂ ਦੀ ਪੜਤਾਲ ਕੀਤੀ ਜਾ ਰਹੀ ਹੈ, ਉੱਥੇ ਹੀ ਸਮਾਜ ਵਿਰੋਧੀ ਅਨਸਰਾਂ 'ਤੇ ਵੀ ਸਖ਼ਤ ਨਜ਼ਰ ਰੱਖੀ ਜਾ ਰਹੀ ਹੈ। ਐੱਸ. ਐੱਚ. ਓ. ਨੇ ਸਪੱਸ਼ਟ ਕੀਤਾ ਕਿ ਸ਼ਹਿਰ 'ਚ ਕਿਸੇ ਵੀ ਵਿਅਕਤੀ ਨੂੰ ਟ?ਰੈਫਿਕ ਨਿਯਮਾਂ ਦੀ ਉਲੰਘਣਾ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ ਅਤੇ ਅਜਿਹਾ ਕਰਨ ਵਾਲਿਆਂ




ਵਿਰੁੱਧ ਸਖ਼ਤ ਕਾਰਵਾਈ ਹੋਵੇਗੀ। ਉਨ੍ਹਾਂ ਕਿਹਾ ਕਿ ਪੁਲਸ ਲੋਕਾਂ ਦੀ ਜਾਨ-ਮਾਲ ਦੀ ਰਾਖੀ ਲਈ ਵਚਨਬੱਧ ਹੈ। ਇਸ ਮੌਕੇ ਐੱਸ. ਆਈ. ਗੁਰਮੀਤ ਸਿੰਘ, ਐੱਸ. ਆਈ. ਨਰਜੀਤ ਸਿੰਘ, ਚੌਂਕੀ ਇੰਚਾਰਜ ਏ. ਐੱਸ. ਆਈ. ਰਾਜਬੀਰ ਸਿੰਘ, ਏ. ਐੱਸ. ਆਈ. ਗੁਰਜੀਤ ਸਿੰਘ, ਏ. ਐੱਸ. ਆਈ. ਸੁਖਵਿੰਦਰ ਸਿੰਘ ਅਤੇ ਐੱਚ. ਸੀ. ਪਰਮਪ੍ਰੀਤ ਸਿੰਘ ਆਦਿ ਹਾਜ਼ਰ ਸਨ।

# ਆਨਲਾਈਨ ਗੇਮ ਨੇ ਮਿਲਾਏ ਦਿਲ: ਕਰਨਾਟਕ ਤੋਂ ਨੌਜਵਾਨ ਨੂੰ ਮਿਲਣ ਪੰਜਾਬ ਪਹੁੰਚੀ 2 ਬੱਚਿਆਂ ਦੀ ਮਾਂ

**ਕੌਮੀ ਪਤ੍ਰਿਕਾ**

ਅਬੋਹਰ 23 ਫਰਵਰੀ। ਕਰਨਾਟਕ ਦੀ ਇਕ ਵਿਆਹੁਤਾ ਔਰਤ ਨੂੰ ਇਕ ਆਨਲਾਈਨ ਗੇਮ ਰਾਹੀਂ ਅਬੋਹਰ ਦੇ ਇਕ ਨੌਜਵਾਨ ਨਾਲ ਪਿਆਰ ਹੋ ਗਿਆ ਅਤੇ ਆਪਣੇ ਪਰਿਵਾਰ ਨਾਲ ਝੂਠ ਬੋਲਣ ਤੋਂ ਬਾਅਦ ਉਹ ਆਪਣੇ ਦੋ ਮਾਸੂਮ ਬੱਚਿਆਂ ਨਾਲ ਅਬੋਹਰ ਚਲੀ ਆਈ। ਜਦੋਂ ਲੜਕੀ ਦੇ ਮਾਪਿਆਂ ਨੇ ਕਰਨਾਟਕ ਪੁਲਸ ਕੋਲ ਆਪਣੀ ਧੀ ਅਤੇ ਬੱਚਿਆਂ ਦੇ ਲਾਪਤਾ ਹੋਣ ਦੀ ਸ਼ਿਕਾਇਤ ਦਰਜ ਕਰਵਾਈ, ਤਾਂ ਪੁਲਸ ਕੱਲ ਅਬੋਹਰ ਪਹੁੰਚੀ ਅਤੇ ਸਿਟੀ ਪੁਲਸ ਸਟੇਸ਼ਨ ਨੰਬਰ 2 ਦੀ ਪੁਲਸ ਨਾਲ ਮੁੰਡੇ ਦੇ ਘਰ ਗਈ ਤੇ ਲੜਕੀ ਦਾ ਬਿਆਨ ਦਰਜ ਕੀਤਾ ਪਰ ਉਸ ਨੇ ਵਾਪਸ ਜਾਣ ਤੋਂ ਇਨਕਾਰ ਕਰ ਦਿੱਤਾ। ਜਾਣਕਾਰੀ ਅਨੁਸਾਰ ਲੱਗਭਗ 19 ਸਾਲ ਦੀ ਚਾਂਦਨੀ ਨੇ ਕਿਹਾ ਕਿ ਉਹ ਕਰਨਾਟਕ ਦੀ ਰਹਿਣ ਵਾਲੀ ਹੈ ਅਤੇ ਲੱਗਭਗ ਚਾਰ ਸਾਲ ਪਹਿਲਾਂ ਉਸੇ ਰਾਜ ਦੇ ਇਕ ਨੌਜਵਾਨ ਨਾਲ ਵਿਆਹ ਕਰਵਾ ਲਿਆ ਸੀ। ਉਸ ਦੇ ਪਤੀ ਦੀ ਮੌਤ ਲੱਗਭਗ ਇਕ ਸਾਲ ਪਹਿਲਾਂ ਹੋਈ ਸੀ ਅਤੇ ਉਹ ਆਪਣੇ ਮਾਪਿਆਂ ਨਾਲ ਰਹਿਣ ਲਈ ਵਾਪਸ ਚਲੀ ਗਈ ਸੀ। ਚਾਂਦਨੀ ਨੇ ਦੱਸਿਆ ਕਿ ਉਹ ਘੱਟ ਪੜ੍ਹੀ-ਲਿਖੀ ਹੈ ਅਤੇ ਆਪਣੇ ਖਾਲੀ ਸਮੇਂ 'ਚ ਆਪਣੇ ਮੋਬਾਈਲ ਫੋਨ 'ਤੇ ਫਰੀ ਫਾਇਰ ਗੇਮ ਖੇਡਣ ਲੱਗ ਪਈ। ਉਸ ਸਮੇਂ ਦੌਰਾਨ ਉਸ ਦੀ ਮੁਲਾਕਾਤ ਅਬੋਹਰ ਦੇ ਠਾਕਰ ਆਬਾਦੀ ਮੇਨ ਰੋਡ ਦੇ ਰਹਿਣ ਵਾਲੇ ਕਮਲ ਦੇ ਪੁੱਤਰ ਸੋਨੂੰ ਨਾਲ ਹੋਈ ਅਤੇ ਇਹ ਜਾਣ-ਪਛਾਣ ਹੌਲੀ-ਹੌਲੀ ਪਿਆਰ 'ਚ ਬਦਲ ਗਈ। ਉਸ ਨੇ ਦੱਸਿਆ ਕਿ ਲੱਗਭਗ ਪੰਜ ਮਹੀਨਿਆਂ ਦੇ ਪ੍ਰੇਮ ਸਬੰਧ ਤੋਂ ਬਾਅਦ ਉਨ੍ਹਾਂ ਨੇ ਵਿਆਹ ਕਰਨ ਦਾ ਫੈਸਲਾ ਕੀਤਾ। ਉਸ ਨੇ ਦੱਸਿਆ ਕਿ ਉਹ 8 ਜਨਵਰੀ ਨੂੰ ਕਰਨਾਟਕ ਤੋਂ ਅਬੋਹਰ ਲਈ ਰਵਾਨਾ ਹੋਈ, ਆਪਣੀ ਮਾਂ ਨੂੰ ਦੱਸਿਆ ਕਿ ਉਹ ਕਿਸੇ ਕੰਮ ਲਈ ਸ਼ਹਿਰ ਤੋਂ ਬਾਹਰ ਜਾ ਰਹੀ ਹੈ। ਦਿੱਲੀ ਪਹੁੰਚ ਕੇ ਉਸ ਨੇ ਸੋਨੂੰ ਨੂੰ ਫੋਨ ਕੀਤਾ, ਆਪਣੇ ਮੋਬਾਈਲ ਫੋਨ ਦਾ ਸਿਮ ਕਾਰਡ ਤੋੜ ਦਿੱਤਾ ਅਤੇ 12 ਜਨਵਰੀ ਨੂੰ ਉਸ ਦੇ ਨਾਲ ਅਬੋਹਰ ਵਾਪਸ ਆ ਗਈ। ਸੋਨੂੰ ਦੀ ਮਾਂ ਨੇ ਦੱਸਿਆ ਕਿ ਉਸ ਦੇ ਅੱਠ ਬੱਚੇ ਹਨ, ਸੋਨੂੰ 19 ਸਾਲ ਦੀ ਉਮਰ 'ਚ ਸਭ ਤੋਂ ਵੱਡਾ ਹੈ ਜਦੋਂ ਕਿ ਸਭ ਤੋਂ ਛੋਟਾ ਲੱਗਭਗ ਤਿੰਨ ਸਾਲ ਦਾ ਹੈ। ਉਹ ਪਿਛਲੇ 18 ਸਾਲਾਂ ਤੋਂ ਕਿਰਾਏ ਦੇ ਘਰ 'ਚ ਰਹਿ ਰਹੇ ਹਨ। ਉਸ ਦਾ ਪਤੀ ਅਤੇ ਪੁੱਤਰ ਦੋਵੇਂ ਬੇਲਪੁਰੀ ਸਟਾਲ ਚਲਾਉਂਦੇ ਹਨ ਅਤੇ ਮੂਲ ਰੂਪ 'ਚ ਉੱਤਰ ਪ੍ਰਦੇਸ਼ ਦੇ ਗੋਰਖਪੁਰ ਤੋਂ ਹਨ। ਉਸ ਨੇ ਕਿਹਾ ਕਿ ਉਸ ਦੇ ਪੁੱਤਰ ਨੇ ਲੜਕੀ ਨੂੰ ਇੱਥੇ ਲਿਆ ਕੇ ਕੋਈ ਗਲਤੀ ਨਹੀਂ ਕੀਤੀ, ਉਸ ਦਾ ਪੁੱਤਰ ਖੁਸ਼ ਹੈ। ਕੱਲ ਕਰਨਾਟਕ ਪੁਲਸ ਸਿਟੀ ਪੁਲਸ ਸਟੇਸ਼ਨ ਨੰਬਰ 2, ਅਬੋਹਰ ਦੀ ਸਹਾਇਤਾ ਨਾਲ ਨੌਜਵਾਨ ਦੇ ਘਰ ਪਹੁੰਚੀ ਅਤੇ ਪ੍ਰਮੁੱਖ ਲੋਕਾਂ ਅਤੇ ਲੜਕੀ ਦੇ ਬਿਆਨ ਦਰਜ ਕੀਤੇ। ਹਾਲਾਂਕਿ ਲੜਕੀ ਨੇ ਆਪਣੇ ਮਾਪਿਆਂ ਕੋਲ ਜਾਣ ਤੋਂ ਇਨਕਾਰ ਕਰ ਦਿੱਤਾ। ਕਰਨਾਟਕ ਪੁਲਸ ਨੇ ਉਸ ਦਾ ਬਿਆਨ ਦਰਜ ਕੀਤਾ ਅਤੇ ਖਾਲੀ ਹੱਥ ਵਾਪਸ ਪਰਤ ਗਈ।

## ਰਾਜਨੀਤਕ ਇੱਛਾਵਾਂ ਅੱਗੇ ਅਫ਼ਸਰਸ਼ਾਹੀ ਨੂੰ ਝੁਕਦਿਆਂ ਵੇਖ ਕੇ ਹੋਈ ਹੈਰਾਨੀ

ਚੰਡੀਗੜ੍ਹ/ਜਲੰਧਰ 23 ਫਰਵਰੀ। ਪੰਜਾਬ ਭਾਜਪਾ ਪ੍ਰਧਾਨ ਸੁਨੀਲ ਜਾਖੜ ਨੇ ਆਮ ਆਦਮੀ ਪਾਰਟੀ ਦੀ ਰੈਲੀ 'ਚ ਮੁੱਖ ਸਕੱਤਰ ਅਤੇ ਡੀ. ਜੀ. ਪੀ. ਦੀ ਮੌਜੂਦਗੀ 'ਤੇ ਸਵਾਲ ਚੁੱਕੇ ਹਨ। ਉਨ੍ਹਾਂ ਕਿਹਾ ਕਿ ਇਹ ਵੇਖ ਕੇ ਬੜੀ ਹੈਰਾਨੀ ਹੋਈ ਕਿ ਭਾਰਤ ਦਾ 'ਸਟੀਲ ਫਰੇਮ' ਆਖੀ ਜਾਂਦੀ ਨੌਕਰਸ਼ਾਹੀ ਹੁਣ ਰਾਜਨੀਤਕ ਇੱਛਾਵਾਂ ਅੱਗੇ ਝੁਕ ਰਹੀ ਹੈ। ਕੀ ਇਹ ਆਲ ਇੰਡੀਆ ਸਰਵਿਸ ਰੂਲਜ਼ ਦੀ ਘੋਰ ਉਲੰਘਣਾ ਨਹੀਂ ਹੈ? ਉਨ੍ਹਾਂ ਕਿਹਾ ਕਿ ਉਹ ਮੁੱਖ ਮੰਤਰੀ ਭਗਵੰਤ ਮਾਨ ਦੇ ਜਲਦੀ ਸਿਹਤਯਾਬ ਹੋਣ ਦੀ ਕਾਮਨਾ ਕਰਦੇ ਹਨ ਪਰ ਇਸ ਗੱਲ ਤੋਂ ਹੈਰਾਨ ਹਨ ਕਿ ਜਦ ਵੀ ਉਨ੍ਹਾਂ ਨੂੰ ਇਲਾਜ ਲਈ ਹਸਪਤਾਲ ਜਾਣਾ ਪੈਂਦਾ ਹੈ ਤਾਂ ਇਸ ਨੂੰ ਉਨ੍ਹਾਂ ਦੀ ਬੀਮਾਰੀ ਨਾਲ ਜੋੜ ਕੇ ਵੇਖਣ ਦੀ ਬਜਾਏ ਇਸ ਦੇ ਹੋਰ ਅਰਥ ਨਿਕਲਣ ਲੱਗਦੇ ਹਨ। ਅੰਗਰੇਜ਼ੀ ਕਹਾਵਤ ਦਾ ਹਵਾਲਾ ਦਿੰਦੇ ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਨੂੰ ਇਹ ਯਾਦ ਰੱਖਣਾ ਚਾਹੀਦਾ ਹੈ ਕਿ ਜੋ ਵਿਅਕਤੀ ਉੱਚੇ ਅਤੇ ਜ਼ਿੰਮੇਵਾਰ ਅਹੁਦੇ ਜਾਂ ਮਰਿਆਦਾ ਵਾਲੀ ਪੁਜ਼ੀਸ਼ਨ 'ਤੇ ਹੋਵੇ, ਉਸ ਦਾ ਵਰਤਾਓ ਸ਼ੱਕ ਤੋਂ ਪਰ੍ਹੇ ਹੋਣਾ ਚਾਹੀਦਾ ਹੈ।

ਕੌਮੀ ਪਤ੍ਰਿਕਾ

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿੰਗ ਪ੍ਰੈਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689, 011-23315814

Mob. : 9971359517, 9312262300

E-mail address: qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

ਕੌਮੀ ਪਤ੍ਰਿਕਾ

*ਨੌਜਵਾਨ ਰਾਸ਼ਟਰ ਦਾ ਭਵਿੱਖ ਹੁੰਦੇ ਹਨ। ਵਿਦਿਆਰਥੀਆਂ ਵੱਲ ਧਿਆਨ ਦੇਣਾ ਅਤੇ ਉਨ੍ਹਾਂ ਨੂੰ ਪੜ੍ਹਾਈ ਪ੍ਰਤੀ ਪ੍ਰੇਰਿਤ ਕਰਨ ਲਈ ਅਧਿਆਪਕ ਦੀ ਅਹਿਮ ਭੂਮਿਕਾ ਹੁੰਦੀ ਹੈ...*

# ਵਿਦਿਆਰਥੀਆਂ ਲਈ ਮਿਸਾਲ ਬਣਨ ਅਧਿਆਪਕ

ਵਿਜੈ ਗਰਗ



ਅਧਿਆਪਕ, ਬੱਚਿਆਂ ਦਾ ਭਵਿੱਖ ਸੰਵਾਰਨ 'ਚ ਆਪਣੀ ਅਹਿਮ ਭੂਮਿਕਾ ਨਿਭਾਉਂਦਾ ਹੈ। ਉਸ ਦੁਆਰਾ ਸਿਖਾਏ ਪਾਠ ਨੂੰ ਵਿਦਿਆਰਥੀ ਆਪਣੇ ਜੀਵਨ 'ਚ ਹਮੇਸ਼ਾ ਯਾਦ ਰੱਖਦਾ ਹੈ। ਇਸ ਲਈ ਅਧਿਆਪਕ ਨੂੰ ਇਹ ਚਾਹੀਦਾ ਹੈ ਕਿ ਉਹ ਵਿਸ਼ਿਆਂ ਤੋਂ ਹੱਟ ਕੇ ਵੀ ਬੱਚਿਆਂ ਨੂੰ ਜਾਣਕਾਰੀ ਦੇਣ। ਵਿਦਿਆਰਥੀਆਂ ਨੂੰ 'ਸਵੱਛ ਅਭਿਆਨ', 'ਬੇਟੀ ਬਚਾਓ, ਬੇਟੀ ਪੜ੍ਹਾਓ', ਬਾਰੇ ਦੱਸਣਾ ਚਾਹੀਦਾ ਹੈ ਜਾਂ ਕਿਸੇ ਸਥਾਨਕ ਸਰਗਰਮੀਆਂ ਵਰਗੇ ਰਾਸ਼ਟਰੀ ਮਿਸ਼ਨਾਂ ਵਿਚ ਹਿੱਸਾ ਲੈਣ ਲਈ ਪ੍ਰੇਰਿਤ ਕਰਨਾ ਚਾਹੀਦਾ ਹੈ।

### ਆਜ਼ਾਦੀ ਦੀ ਭਾਵਨਾ

ਵਿਦਿਆਰਥੀਆਂ ਨੂੰ ਇਹ ਫ਼ੈਸਲਾ ਕਰਨ ਦੀ ਆਜ਼ਾਦੀ ਦਿੱਤੀ ਜਾਣੀ ਚਾਹੀਦੀ ਹੈ ਕਿ ਉਨ੍ਹਾਂ ਦਾ ਭਵਿੱਖ ਕੀ ਹੋਣਾ ਚਾਹੀਦਾ ਹੈ। ਨੌਜਵਾਨ ਦਿਮਾਗ਼ ਹਮੇਸ਼ਾਂ ਆਜ਼ਾਦੀ ਵੱਲ ਆਕਰਸ਼ਿਤ ਹੁੰਦੇ ਹਨ ਅਤੇ ਉਹ ਇਸ ਸਿੱਖਿਆ ਦੇ ਪੈਟਰਨ ਨੂੰ ਪਸੰਦ ਕਰਨਗੇ।

### ਨੈਤਿਕ ਸਿਖਲਾਈ

ਕਿਸੇ ਵੀ ਅਧਿਐਨ ਜਾਂ ਸਿਖਲਾਈ ਦੇ ਨਾਲ ਮਾਪਿਆਂ ਅਤੇ ਅਧਿਆਪਕਾਂ ਦਾ ਫ਼ਰਜ਼ ਹੈ ਕਿ ਵਿਦਿਆਰਥੀਆਂ ਨੂੰ ਨੈਤਿਕ ਸਿਖਲਾਈ ਦਿੱਤੀ ਜਾਵੇ। ਨੈਤਿਕ ਮੁੱਲ ਬੱਚਿਆਂ ਨੂੰ ਸਹੀ ਅਤੇ ਗ਼ਲਤ ਵਿਚਕਾਰ ਫ਼ਰਕ ਕਰਨ ਵਿਚ ਸਹਾਇਤਾ ਕਰਨਗੇ ਅਤੇ ਆਪਣੇ ਫ਼ੈਸਲੇ ਲੈਣ ਵਿਚ ਉਨ੍ਹਾਂ ਦੀ ਮਦਦ ਕਰਨਗੇ।

### ਉੱਚ ਪ੍ਰਾਪਤੀ ਯੋਗ ਟੀਚੇ ਬਣਾਓ

ਚੁਣੌਤੀਆਂ ਦਿਲਚਸਪ ਹੁੰਦੀਆਂ ਹਨ ਪਰ ਵਿਦਿਆਰਥੀਆਂ ਨੂੰ ਉਤਸ਼ਾਹਿਤ ਅਤੇ ਆਸ਼ਾਵਾਦੀ ਮਹਿਸੂਸ ਕਰਾਉਣ ਲਈ ਅਧਿਆਪਕਾਂ ਨੂੰ ਅੱਗੇ ਆਉਣਾ ਚਾਹੀਦਾ ਹੈ। ਵਿਦਿਆਰਥੀਆਂ ਨੂੰ ਚੁਣੌਤੀਆਂ ਪ੍ਰਤੀ ਹਮੇਸ਼ਾਂ ਤਿਆਰ ਹੋਣਾ ਚਾਹੀਦਾ ਹੈ। ਜੋ ਵਿਦਿਆਰਥੀਆਂ ਦੇ ਮਨੋਬਲ ਨੂੰ ਉੱਚਾ ਰੱਖਦਾ ਹੈ।

### ਵਿਸ਼ੇ ਤੋਂ ਬਾਹਰਲੀ ਜਾਣਕਾਰੀ

ਵਿਦਿਆਰਥੀਆਂ 'ਚ ਹਮੇਸ਼ਾ ਸਿੱਖਣ ਦੀ ਚੁਸਤੀ ਹੋਣੀ ਚਾਹੀਦੀ ਹੈ। ਅਧਿਆਪਕਾਂ ਤੇ ਮਾਪਿਆਂ ਦਾ ਇਹ ਫ਼ਰਜ਼ ਬਣਦਾ ਹੈ ਕਿ ਉਹ ਬੱਚਿਆਂ ਨੂੰ ਪੜ੍ਹਾਈ ਤੋਂ ਨਾਲ-ਨਾਲ ਹੋਰ ਵਿਸ਼ਿਆਂ ਬਾਰੇ ਵੀ ਗਿਆਨ ਦੇਣ। •

*'ਨਕਲ' ਸ਼ਬਦ ਸੁਣਦਿਆਂ ਹੀ ਸਭ ਤੋਂ ਪਹਿਲਾਂ ਦਿਮਾਗ਼ ਵਿਚ ਇਮਤਿਹਾਨਾਂ ਵਿਚ ਵਿਦਿਆਰਥੀਆਂ ਵੱਲੋਂ ਕੀਤੀ ਜਾਂਦੀ ਨਕਲ ਦਾ ਖ਼ਿਆਲ ਆਉਂਦਾ ਹੈ। ਅੱਜ ਅਸੀਂ ਇਮਤਿਹਾਨਾਂ 'ਚ ਹੋਣ ਵਾਲੀ ਨਕਲ ਬਾਰੇ ਨਹੀਂ, ਬਲਕਿ ਨਕਲ ਹੋਰ ਵੀ ਕਈ ਚੀਜ਼ਾਂ ਦੀ ਹੁੰਦੀ ਹੈ ਉਸ ਬਾਰੇ ਗੱਲ ਕਰਦੇ ਹਾਂ..*

# ਨਕਲ ਕਰੋ ਚੰਗੇ ਗੁਣਾਂ ਦੀ

ਰਾਜਾ ਬੜੈਚ

9914488265





ਨਕਲ ਦਾ ਮਤਲਬ ਹੁੰਦਾ ਹੈ ਕਿਸੇ ਵੀ ਜੀਵਤ ਵਸਤੂ ਵੱਲ ਵੇਖ ਕੇ ਉਸ ਵਾਂਗ ਕਰਨ ਦੀ ਜਾਂ ਬਣਨ ਦੀ ਕੋਸ਼ਿਸ਼ ਕਰਨਾ। ਜਿਵੇਂ ਨਿੱਕਾ ਹੁੰਦਾ ਬੱਚਾ ਆਪਣੇ ਮਾਂ ਜਾਂ ਬਾਪ ਦੁਆਰਾ ਉਚਾਰੇ ਸ਼ਬਦਾਂ ਦੀ ਨਕਲ ਕਰ ਕੇ ਹੀ ਬੋਲਣਾ ਸਿੱਖਦਾ ਹੈ। ਨਕਲ ਕਰ ਕੇ ਹੀ ਇਨਸਾਨ ਨੇ ਪੰਛੀਆਂ ਵਾਂਗ ਉੱਡਣ ਦੀ ਚਾਹਤ ਪੂਰੀ ਕਰਨ ਲਈ, ਹਵਾਈ ਜਹਾਜ਼ ਦੀ ਖੋਜ ਕੀਤੀ ਤਾਂ ਜੋ ਉਹ ਵੀ ਪੰਛੀਆਂ ਵਾਂਗ ਅਸਮਾਨ 'ਤੇ ਉੱਡ ਸਕੇ। ਇਸ ਤਰ੍ਹਾਂ ਕਿਸੇ ਨੂੰ ਵੇਖ ਕੇ ਉਸ ਵਾਂਗ ਕਰਨ ਜਾਂ ਬਣਨ ਦੀ ਕੋਸ਼ਿਸ਼ ਦਾ ਨਾਂ ਹੀ ਨਕਲ ਹੈ।

ਹੁਣ ਗੱਲ ਕਰਦੇ ਹਾਂ ਬੱਚਿਆਂ ਦੇ ਇਮਤਿਹਾਨਾਂ ਬਾਰੇ। ਬੱਚਿਆਂ ਦੇ ਇਮਤਿਹਾਨ ਸ਼ੁਰੂ ਹੋਣ ਵਾਲੇ ਹਨ ਜਾਂ ਕੁਝ ਦੇ ਸ਼ੁਰੂ ਹੋ ਵੀ ਗਏ ਹਨ। ਕਈ ਬੱਚੇ ਮਿਹਨਤ ਨਾਲ ਦਿਨ ਰਾਤ ਪੜ੍ਹਾਈ ਕਰ ਰਹੇ ਹਨ ਤਾਂ ਜੋ ਇਮਤਿਹਾਨਾਂ ਵਿਚ ਚੰਗੇ ਨੰਬਰ ਲੈ ਕੇ ਪਾਸ ਹੋ ਸਕਣ ਪਰ ਕਈ ਬੱਚੇ ਅਜਿਹੇ ਵੀ ਹੋਣਗੇ ਜੋ ਇਮਤਿਹਾਨਾਂ ਵਿਚ ਨਕਲ ਕਰਨ ਲਈ ਪਰਚੀਆਂ ਬਣਾਉਣ ਜਾਂ ਹੋਰ ਕਿਸੇ ਵਿਦਿਆਰਥੀ ਤੋਂ ਨਕਲ ਮਾਰ ਕੇ ਪਾਸ ਹੋਣ ਦੀ ਸੋਚ ਰਹੇ ਹਨ। ਮੈਂ ਉਨ੍ਹਾਂ ਬੱਚਿਆਂ ਨੂੰ ਕਹਿਣਾ ਚਾਹਾਂਗਾ ਕਿ ਤੁਸੀਂ ਨਕਲ ਜ਼ਰੂਰ ਕਰੋ ਪਰ ਪਰਚੀਆਂ ਜਾਂ ਨਾਲ ਦੇ ਵਿਦਿਆਰਥੀ ਤੋਂ ਨਹੀਂ। ਤੁਸੀਂ ਅੱਜ ਤੋਂ ਹੀ ਨਕਲ ਕਰਨੀ ਸ਼ੁਰੂ ਕਰ ਦੇਣੀ ਹੈ ਪਰ ਨਕਲ ਕਰਨੀ ਹੈ, ਉਨ੍ਹਾਂ ਵਿਦਿਆਰਥੀਆਂ ਦੇ ਚੰਗੇ ਗੁਣਾਂ ਦੀ, ਜੋ ਦਿਨ ਰਾਤ ਮਿਹਨਤ ਨਾਲ ਪੜ੍ਹਾਈ ਕਰ ਰਹੇ ਹਨ। ਉਨ੍ਹਾਂ ਵਿਦਿਆਰਥੀਆਂ ਵਾਂਗ ਮਿਹਨਤ ਕਰਨ ਦੇ ਗੁਣ ਦੀ ਨਕਲ ਕਰਨਾ ਅੱਜ ਤੋਂ ਹੀ ਸ਼ੁਰੂ ਕਰ ਦੇਵੋ ਤਾਂ ਜੋ ਇਮਤਿਹਾਨਾਂ ਵਿਚ ਤੁਸੀਂ ਪੂਰੇ ਵਿਸ਼ਵਾਸ ਨਾਲ ਸਾਰੇ ਸਵਾਲਾਂ ਦੇ ਜਵਾਬ ਆਪਣੇ ਬਲਬੂਤੇ 'ਤੇ ਦੇ ਸਕੋ।

ਨਕਲ ਉਸਾਰੂ ਹੋਣੀ ਚਾਹੀਦੀ ਹੈ। ਤੁਸੀਂ ਚੰਗੇ ਵਿਦਿਆਰਥੀਆਂ ਦੇ ਚੰਗੇ ਗੁਣਾਂ ਦੀ ਨਕਲ ਕਰੋਗੇ ਤਾਂ ਇਕ ਦਿਨ ਤੁਹਾਡਾ ਨਾਂ ਵੀ ਹੁਸ਼ਿਆਰ ਵਿਦਿਆਰਥੀਆਂ ਵਿਚ ਗਿਣਿਆ ਜਾਵੇਗਾ। ਚੰਗੇ ਵਿਦਿਆਰਥੀਆਂ ਵਿਚ ਤੁਹਾਡਾ ਆਪਣਾ ਇਕ ਮੁਕਾਮ ਹੋਵੇਗਾ। ਇਮਤਿਹਾਨ ਵਿਚ ਪਰਚੀ ਜਾਂ ਕਿਸੇ ਨਾਲ ਦੇ ਵਿਦਿਆਰਥੀ ਤੋਂ ਨਕਲ ਕਰ ਕੇ ਤੁਸੀਂ ਮੌਜੂਦਾ ਜਮਾਤ ਵਿੱਚੋਂ ਤਾਂ ਪਾਸ ਹੋ ਜਾਵੋਗੇ ਪਰ ਜੋ ਜ਼ਿੰਦਗੀ ਦੇ ਅਸਲੀ ਇਮਤਿਹਾਨ ਆਉਣ ਵਾਲੇ ਸਮੇਂ ਵਿਚ ਆਉਣੇ ਹਨ ਉਨ੍ਹਾਂ ਵਿਚ ਪਾਸ ਨਹੀਂ ਹੋ ਸਕੋਗੇ। ਜ਼ਿੰਦਗੀ ਦੇ ਇਮਤਿਹਾਨ ਅਸਲ ਗਿਆਨ ਨਾਲ ਹੀ ਪਾਸ ਹੋ ਸਕਦੇ ਹਨ। ਡੰਗ ਟਪਾਊ ਪਰਚੀ ਜਾਂ ਨਾਲ ਦੇ ਵਿਦਿਆਰਥੀ ਦੇ ਪੇਪਰ ਦੀ ਨਕਲ ਕਰਕੇ ਤੁਸੀਂ ਗਿਆਨ ਹਾਸਿਲ ਕਰਨ ਦਾ ਇਹ ਕੀਮਤੀ ਸਮਾਂ ਗਵਾ ਲਵੋਗੇ।

ਜ਼ਿੰਦਗੀ ਵਿਚ ਇਕ ਸਮਾਂ ਅਜਿਹਾ ਆਵੇਗਾ ਜਦੋਂ ਤੁਸੀਂ ਸੋਚੋਗੇ ਕਿ ਜੇ ਅੱਜ ਕੋਲ ਗਿਆਨ ਹੁੰਦਾ ਤੇ ਮੈਂ ਜ਼ਿੰਦਗੀ ਦੀਆਂ ਮੁਸ਼ਕਿਲਾਂ ਨਾਲ ਨਜਿੱਠ ਸਕਦਾ ਅਤੇ ਦੁਨੀਆ 'ਤੇ ਮੇਰਾ ਵੀ ਨਾਂ ਬਣ ਸਕਦਾ। ਨਕਲ ਕਰ ਕੇ ਡਿਗਰੀ ਪ੍ਰਾਪਤ ਕਰ ਲਵੋਗੇ ਪਰ ਉਹ ਇਕ ਕਾਗਜ਼ ਦੇ ਟੁਕੜੇ ਤੋਂ ਸਿਵਾਏ ਕੁਝ ਨਹੀਂ ਹੋਵੇਗੀ।

ਇਸ ਲਈ ਬੱਚਿਓ! ਅੱਜ ਤੋਂ ਹੀ ਆਪਣੇ ਆਪ ਨਾਲ ਇਕ ਵਾਅਦਾ ਕਰੋ ਕਿ ਨਕਲ ਕਰਨੀ ਹੈ ਚੰਗੇ ਵਿਅਕਤੀਆਂ ਦੇ ਚੰਗੇ ਗੁਣਾਂ ਦੀ ਅਤੇ ਸਮਾਜ ਵਿਚ ਆਪਣਾ ਅਤੇ ਆਪਣੇ ਮਾਪਿਆਂ ਦਾ ਨਾਂ ਰੌਸ਼ਨ ਕਰਨਾ ਹੈ।

ਨਕਲ ਕਰੂ ਜੋ ਚੰਗੇ ਗੁਣਾਂ ਦੀ,
ਉਹ ਬੱਚਾ ਕਦੇ ਨਾ ਹਾਰੂ।
ਨਕਲ ਜ਼ਿੰਦਗੀ ਬਣਾ ਦਿੰਦੀ ਹੈ,
ਪਰ ਹੋਵੇ ਨਕਲ ਉਸਾਰੂ। •

*ਇਮਤਿਹਾਨਾਂ ਦੇ ਡਰ ਕਾਰਨ ਕਈ ਬੱਚੇ ਤਣਾਅ 'ਚ ਆ ਜਾਂਦੇ ਹਨ। ਇਸ ਤਣਾਅ ਕਾਰਨ ਉਹ ਜ਼ਿਆਦਾ ਪਰੇਸ਼ਾਨ ਰਹਿੰਦੇ ਹਨ, ਜੋ ਉਨ੍ਹਾਂ ਦੇ ਸਰੀਰ ਅਤੇ ਦਿਮਾਗ਼ 'ਤੇ ਗ਼ਲਤ ਪ੍ਰਭਾਵ ਪਾਉਂਦਾ ਹੈ। ਬੱਚੇ ਇਮਤਿਹਾਨਾਂ ਤੋਂ ਨਾ ਡਰਨ ਇਸ ਲਈ ਮਾਤਾ-ਪਿਤਾ ਨੂੰ ਵੀ ਉਨ੍ਹਾਂ ਨੂੰ ਸਮੇਂ ਸਿਰ ਪੜ੍ਹਾਈ ਕਰਵਾਉਣੀ ਚਾਹੀਦੀ ਹੈ ਤੇ ਪੌਸ਼ਟਿਕ ਆਹਾਰ ਦੇਣਾ ਚਾਹੀਦਾ ਹੈ...*

# ਬੱਚਿਆਂ ਨੂੰ ਇਮਤਿਹਾਨੀ ਹਊਏ ਤੋਂ ਮੁਕਤ ਕਰੀਏ

ਮਲਕੀਤ ਕੌਰ

98147-88385

ਅੱਜ-ਕੱਲ੍ਹ ਬੱਚਿਆਂ ਦੇ ਇਮਤਿਹਾਨਾਂ ਦੇ ਦਿਨ ਚੱਲ ਰਹੇ ਹਨ। ਸੁਭਾਵਿਕ ਹੈ ਕਿ ਇਮਤਿਹਾਨ ਸ਼ਬਦ ਹੀ ਅਜਿਹਾ ਹੈ, ਜਿਸ ਤੋਂ ਸਿਰਫ਼ ਬੱਚਿਆਂ ਨੂੰ ਹੀ ਨਹੀਂ ਸਗੋਂ ਹਰ ਕਿਸੇ ਨੂੰ ਡਰ ਲੱਗਣ ਲਗਦਾ ਹੈ ਕਿ ਬੱਚਾ ਤਣਾਅ 'ਚ ਆ ਜਾਂਦਾ ਹੈ।

ਜਿਵੇਂ ਕੁੱਝ ਵੀ ਪੜ੍ਹਨ ਨੂੰ ਜੀਅ ਨਾ ਕਰਨਾ, ਕੋਈ ਵੀ ਚੀਜ਼ ਯਾਦ ਨਾ ਹੋਣਾ ਆਦਿ। ਸਿਰਫ਼ ਇਹੀ ਨਹੀਂ ਕਈ ਵਾਰੀ ਤਾਂ ਅਜਿਹੇ ਡਰ ਦੀ ਬਦੌਲਤ ਪੜ੍ਹਨਾ ਤਾਂ ਕੀ, ਕੋਈ ਕੰਮ ਕਰਨ ਨੂੰ ਦਿਲ ਨਹੀਂ ਮੰਨਦਾ। ਕਈ ਬੱਚਿਆਂ ਦੀ ਸਥਿਤੀ ਤਾਂ ਇਸ ਇਮਤਿਹਾਨ ਦੇ ਡਰ ਕਾਰਨ ਖਾਣਾ-ਪੀਣਾ ਤਾਂ ਦੂਰ ਦੀ ਗੱਲ ਨੀਂਦ ਵੀ ਉਡ ਪੁੱਡ ਜਾਂਦੀ ਹੈ। ਇਸ ਸਭ ਦਾ ਬੱਚਿਆਂ ਦੇ ਸਰੀਰ 'ਤੇ ਇਸ ਹੱਦ ਤਕ ਬੁਰਾ ਅਸਰ ਪੈਂਦਾ ਹੈ ਕਿ ਉਨ੍ਹਾਂ ਨੂੰ ਬਦਹਜ਼ਮੀ ਸਮੇਤ ਪੇਟ ਨਾਲ ਸਬੰਧਤ ਹੋਰ ਕਈ ਤਰ੍ਹਾਂ ਦੀਆਂ ਪਰੇਸ਼ਾਨੀਆਂ ਹੋ ਜਾਂਦੀਆਂ ਹਨ।

ਸਿਰ ਦਰਦ, ਬੁਖ਼ਾਰ ਜਾਂ ਫੇਰ ਅੱਖਾਂ ਅੱਗੇ ਨੇਹਰਾ ਆਉਣ ਤੋਂ ਇਲਾਵਾ ਕਈ ਤਰ੍ਹਾਂ ਦੀਆਂ ਮਾਨਸਿਕ ਸਮੱਸਿਆਵਾਂ ਵੀ ਆ ਘੇਰਦੀਆਂ ਹਨ। ਸਵਾਲ ਪੈਦਾ ਹੁੰਦਾ ਹੈ ਕਿ ਇਮਤਿਹਾਨ ਰੂਪੀ ਡਰ ਭਾਵ ਹਊਏ ਤੋਂ ਆਖਿਰਕਾਰ ਕਿਵੇਂ ਬੱਚਿਆਂ ਨੂੰ ਬਚਾਇਆ ਜਾਵੇ? ਇਸ ਲਈ ਜ਼ਰੂਰੀ ਹੈ ਮਾਪੇ ਅਤੇ ਅਧਿਆਪਕ ਇਮਤਿਹਾਨੀ ਹਊਏ ਤੋਂ ਮੁਕਤ ਕਰਨ ਲਈ ਬੱਚਿਆਂ ਦੀ ਸੁਚੱਜੀ ਅਗਵਾਈ ਕਰਨ। ਇਸ ਲਈ ਕੋਈ ਢੁੱਕਵਾਂ ਤਰੀਕਾ ਅਪਣਾਇਆ ਜਾ ਸਕਦਾ ਹੈ ਜਿਵੇਂ ਬੱਚਿਆਂ ਵਿਚ ਆਤਮ ਵਿਸ਼ਵਾਸ ਦੀ ਅਜਿਹੀ ਚਿਣਗ ਜਗਾਈ ਜਾਵੇ ਕਿ ਉਹ ਇਮਤਿਹਾਨ ਬਾਰੇ ਆਪਣਾ ਨਜ਼ਰੀਆ ਹੀ ਭੈਅ ਮੁਕਤ ਬਣਾ ਲੈਣ ਤਾਂ ਜੋ ਉਹ ਖ਼ੁਸ਼ੀ-ਖ਼ੁਸ਼ੀ ਇਮਤਿਹਾਨ ਦੇਣ।





ਬੱਚਿਆਂ ਨੂੰ ਸਮੇਂ ਸਿਰ ਖਾਣ-ਪੀਣ ਅਤੇ ਉੱਠਣ-ਬੈਠਣ ਅਤੇ ਸੌਣ ਬਾਰੇ ਭਾਵ ਇਸ ਸਭ ਕਾਸੇ ਦੇ ਨਫ਼ੇ-ਨੁਕਸਾਨ ਬਾਰੇ ਵੀ ਮਾਪਿਆਂ ਅਤੇ ਅਧਿਆਪਕਾਂ ਵੱਲੋਂ ਵਿਸਥਾਰ ਸਹਿਤ ਦੱਸਿਆ ਜਾਵੇ ਤਾਂ ਜੋ ਉਹ ਆਪਣੀਆਂ ਸਭ ਤਰ੍ਹਾਂ ਦੀਆਂ ਲਾਜ਼ਮੀ ਕਿਰਿਆਵਾਂ ਦੀ ਸਹੀ ਸਮਾਂ ਸਾਰਣੀ ਬਣਾ ਲੈਣ। ਜਿਸਦੀ ਬਦੌਲਤ ਕਈ ਤਰ੍ਹਾਂ ਦੀਆਂ ਪਰੇਸ਼ਾਨੀਆਂ ਤੋਂ ਆਸਾਨੀ ਨਾਲ ਬਚਿਆ ਜਾ ਸਕੇ।

- ਸਭ ਤੋਂ ਜ਼ਰੂਰੀ ਨੁਕਤਾ ਇਹ ਕਿ ਬੱਚਿਆਂ ਨੂੰ ਸ਼ੁਰੂ ਤੋਂ ਹੀ ਪੜ੍ਹਨ ਦੀ ਸਹੀ ਅਰਥਾਂ ਵਿਚ ਅਜਿਹੀ ਚੇਟਕ ਲਾਈ ਜਾਵੇ ਤਾਂ ਜੋ ਉਹ ਆਪਣੇ ਆਪ ਨੂੰ ਇਮਤਿਹਾਨਾਂ ਲਈ ਖ਼ੁਸ਼ੀ-ਖ਼ੁਸ਼ੀ ਤਿਆਰ ਰੱਖਣ। ਬੱਚਿਆਂ ਨੂੰ ਮਾਪੇ ਜਾਂ ਫਿਰ ਅਧਿਆਪਕ ਹਰ ਸਮੇਂ 'ਪੜ੍ਹ ਲਓ! ਪੜ੍ਹ ਲਓ!' ਦੀ ਡਾਂਟ ਫਟਕਾਰ ਨਾ ਦੇਈ ਜਾਣ ਸਗੋਂ ਉਨ੍ਹਾਂ ਨੂੰ ਪੜ੍ਹਨ ਲਈ ਉਨ੍ਹਾਂ ਦੀ ਅਗਵਾਈ ਕਰਨ। ਉਨ੍ਹਾਂ ਨੂੰ ਅਜਿਹੀ ਪ੍ਰੇਰਣਾ ਦੇਣ ਕਿ ਉਹ ਡਰ ਜਾਂ ਡਾਂਟ-ਫਟਕਾਰ ਨਾਲ ਪੜ੍ਹਨ ਦੀ ਬਜਾਇ ਪੜ੍ਹਾਈ ਦੇ ਮਹੱਤਵ ਨੂੰ ਸਮਝਦੇ ਹੋਏ ਖੇਡਣ ਵਾਂਗੂ ਚਾਈਂ-ਚਾਈਂ ਪੜ੍ਹਨ।
- ਇਸ ਤੋਂ ਇਲਾਵਾ ਅਧਿਆਪਕਾਂ ਵੱਲੋਂ ਵਾਧੂ ਦੀ ਤਕਲੀਫ਼ਦੇਹ ਸਮਾਂ ਸਾਰਣੀ ਬੱਚਿਆਂ ਦੇ ਕੋਮਲ ਮਨਾਂ 'ਤੇ ਨਾ ਥੋਪੀ ਜਾਵੇ।
- ਬੱਚਿਆਂ ਨੂੰ ਸਿਰਫ਼ ਇਮਤਿਹਾਨ ਜਾਂ ਫੇਰ ਪੇਪਰਾਂ ਤੋਂ ਡਰ ਮੁਕਤ ਕਰਨ ਲਈ ਨਹੀਂ ਉਨ੍ਹਾਂ ਨੂੰ ਸਹੀ ਅਰਥਾਂ ਵਿਚ ਭੈਅ ਮੁਕਤ ਕਰਨ ਲਈ ਜ਼ਰੂਰੀ ਹੈ ਕਿ ਉਨ੍ਹਾਂ ਦਾ ਆਲਾ-ਦੁਆਲਾ ਹੀ ਅਜਿਹਾ ਸਿਰਜਿਆ ਜਾਵੇ ਕਿ ਇਸ ਵਿਚ ਡਰ ਨਾਂ ਦੀ ਕਿਸੇ ਅਖੌਤੀ ਕਿਸਮ ਦੀ ਸ਼ੈਅ ਲਈ ਕੋਈ ਥਾਂ ਹੀ ਨਾ ਹੋਵੇ।
- ਬੱਚਿਆ ਨੂੰ ਖਾਣ-ਪੀਣ ਲਈ ਸੰਤੁਲਤ ਭੋਜਨ ਦੇ ਨਾਲ-ਨਾਲ ਉਨ੍ਹਾਂ ਦੇ ਖੇਡਣ-ਕੁੱਦਣ ਤੋਂ ਲੈ ਅਜਿਹੇ ਹੋਰ ਸਭ ਸਰੋਕਾਰਾਂ ਦਾ ਖ਼ਾਸ ਖਿਆਲ ਰੱਖਿਆ ਜਾਵੇ। •

*ਵਿਦਿਆਰਥੀ ਜੀਵਨ, ਮਨੁੱਖ ਦੇ ਜੀਵਨ ਕਾਲ ਦਾ ਅਜਿਹਾ ਬੁਨਿਆਦੀ ਦੌਰ ਹੈ, ਜਿਸ ਵਿਚ ਉਸਦੇ ਭਵਿੱਖ ਦੀਆਂ ਜੜ੍ਹਾਂ ਪ੍ਰਫੁਲਿਤ ਹੁੰਦੀਆਂ ਹਨ। ਇਹ ਉਹ ਸਮਾਂ ਹੁੰਦਾ ਹੈ, ਜਦੋਂ ਵਿਦਿਆਰਥੀ ਗਿਆਨ ਰੂਪੀ ਬੂਟਾ ਆਪਣੇ ਮਨ-ਮਸਤਕ ਦੀਆਂ ਤਹਿਆਂ ਵਿਚ ਲਗਾਉਂਦਾ ਹੈ ਅਤੇ ਸਮੇਂ ਦੇ ਵਿਸਥਾਰ ਦੇ ਨਾਲ-ਨਾਲ ਇਹ ਪਰਪੱਕ ਹੁੰਦਾ ਹੈ। ਫਿਰ ਉਸਨੂੰ ਜ਼ਿਹਨੀ ਤੌਰ 'ਤੇ ਗਿਆਨਵਾਨ ਅਤੇ ਸੂਝਵਾਨ ਬਣਾਉਣ ਦੇ ਨਾਲ-ਨਾਲ ਸਮਾਜ ਵਿਚ ਵਿਚਰਨ ਦੇ ਯੋਗ ਬਣਾਉਂਦਾ ਹੈ...*

# ਇਮਤਿਹਾਨਾਂ ਵਿਚ ਸਹਿਜ ਜ਼ਰੂਰੀ

ਸਰਨਜੀਤ ਕੌਰ ਅਨਹਦ

8527828852



ਵਿਦਿਆਰਥੀ ਜੀਵਨ ਦੇ ਇਸ ਨਾਜ਼ੁਕ ਦੌਰ ਵਿਚ ਉਹ ਇਮਤਿਹਾਨਾਂ ਦੀ ਪ੍ਰਕਿਰਿਆ ਨਾਲ ਵੱਖ-ਵੱਖ ਪੜਾਵਾਂ ਨੂੰ ਪਾਰ ਕਰਦਾ ਹੈ ਅਤੇ ਆਪਣੀ ਮੰਜ਼ਿਲ ਵੱਲ ਵੱਧਦਾ ਹੈ। ਵੈਸੇ ਤਾਂ ਮਨੁੱਖ ਜਨਮ ਤੋਂ ਮੌਤ ਤਕ ਆਪਣੇ ਪੂਰੇ ਜੀਵਨ-ਕਾਲ ਵਿਚ ਵੱਖ-ਵੱਖ ਇਮਤਿਹਾਨਾਂ ਦਾ ਸਾਹਮਣਾ ਕਰਦਾ ਹੈ ਅਤੇ ਆਪਣੀ ਤਰਕਸ਼ੀਲਤਾ ਦੇ ਆਧਾਰ 'ਤੇ ਭਵਿੱਖ ਵੱਲ ਪੁਲਾਂਘਾਂ ਪੁੱਟਦਾ ਹੈ ਤੇ ਕਾਮਯਾਬੀ ਦੀਆਂ ਬੁਲੰਦੀਆਂ ਨੂੰ ਛੂੰਹਦਾ ਹੈ ਪਰ ਵਿਦਿਆਰਥੀ ਜੀਵਨ ਵਿਚ ਇਮਤਿਹਾਨਾਂ ਦੀ ਵਿਸ਼ੇਸ਼ਤਾ ਇਸ ਕਰਕੇ ਵੱਧ ਜਾਂਦੀ ਹੈ ਕਿਉਂਕਿ ਇਹ ਉਸਦੇ ਵਿਕਾਸ ਵਿਚ ਸਹਾਇਕ ਹੁੰਦੇ ਹਨ।

ਆਮ ਦੇਖਿਆ ਜਾਂਦਾ ਹੈ ਕਿ ਵਿਦਿਆਰਥੀ ਇਸ ਇਮਤਿਹਾਨੀ ਪ੍ਰਕਿਰਿਆ ਕਾਰਨ ਸਹਿਜ ਮਹਿਸੂਸ ਨਹੀਂ ਕਰਦੇ। ਇਮਤਿਹਾਨਾਂ ਦੌਰਾਨ ਡਰ ਅਤੇ ਡਿਪਰੈਸ਼ਨ ਦੇ ਸ਼ਿਕਾਰ ਹੋ ਕਈ ਵਿਦਿਆਰਥੀ ਮਨੋਵਿਗਿਆਨੀਆਂ ਦੀ ਭਾਲ ਵਿਚ ਰਹਿੰਦੇ ਹਨ। ਸਕੂਲਾਂ, ਕਾਲਜਾਂ ਵਿਚ ਮਨੋਵਿਗਿਆਨੀਆਂ ਦੀ ਵੱਧਦੀ ਗਿਣਤੀ ਇਸ ਗੱਲ ਦਾ ਪ੍ਰਤੱਖ ਪ੍ਰਮਾਣ ਹੈ ਕਿ ਅੱਜ ਲੋੜ ਹੈ ਵਿਦਿਆਰਥੀ ਵਰਗ ਨੂੰ ਇਮਤਿਹਾਨੀ ਪ੍ਰਕਿਰਿਆ ਪ੍ਰਤੀ ਜਾਗਰੁਕ ਕਰ, ਉਨ੍ਹਾਂ ਨੂੰ ਭਵਿੱਖ ਦੀਆਂ ਸੰਭਾਵਨਾਵਾਂ ਤੋਂ ਸੁਚੇਤ ਕਰਾਉਣ। ਤਾਂ ਜੋ ਉਨ੍ਹਾਂ ਨੂੰ ਅਗਿਆਨਤਾ ਵੱਸ ਵਾਪਰਨ ਵਾਲੀ ਕਿਸੇ ਵੀ ਅਣਸੁਖਾਵੀਂ ਘਟਨਾ ਤੋਂ ਬਚਾਇਆ ਜਾ ਸਕੇ। ਸਰਕਾਰਾਂ ਵੱਲੋਂ ਵੀ ਸਮੇਂ-ਸਮੇਂ 'ਤੇ ਸਿੱਖਿਆ ਪ੍ਰਣਾਲੀ ਵਿਚ ਤਬਦੀਲੀ ਕੀਤੀ ਜਾਂਦੀ ਹੈ, ਜੋ ਵਿਦਿਆਰਥੀਆਂ ਨੂੰ ਸਿੱਖਿਆ ਦੇ ਨਾਲ-ਨਾਲ ਸੁਰੱਖਿਅਤ ਅਤੇ ਵਿਵਸਥਿਤ ਮਾਹੌਲ ਪ੍ਰਦਾਨ ਕੀਤਾ ਜਾ ਸਕੇ ਅਤੇ ਸਿੱਖਿਆ ਦੇ ਮੂਲ ਮਨੋਰਥ ਨੂੰ ਸਾਰਥਕ ਕੀਤਾ ਜਾ ਸਕੇ। ਅਸੀਂ ਸਾਰੇ ਭਲੀਭਾਂਤ ਜਾਣਦੇ ਹਾਂ ਕਿ ਸਿੱਖਿਆ ਦਾ ਮੂਲ ਮਨੋਰਥ ਵਿਦਿਆਰਥੀ ਨੂੰ ਆਉਣ ਵਾਲੇ ਸੰਘਰਸ਼ਮਈ ਜੀਵਨ ਲਈ ਤਿਆਰ ਕਰਨਾ ਹੁੰਦਾ ਹੈ। ਉਹ ਪੂਰੇ ਆਤਮ-ਵਿਸ਼ਵਾਸ ਨਾਲ ਆਤਮ-ਨਿਰਭਰ ਹੋ ਕੇ ਆਪਣਾ ਅਤੇ ਸਮਾਜ ਦਾ ਵਿਕਾਸ ਕਰ ਸਕੇ।

- ਇਮਤਿਹਾਨਾਂ ਦਾ ਅਸਲ ਮਨੋਰਥ ਵਿਦਿਆਰਥੀਆਂ ਦੇ ਗਿਆਨ ਦਾ ਮੂਲਾਂਕਣ ਕਰਨਾ ਹੁੰਦਾ ਹੈ ਪਰ ਅਫ਼ਸੋਸ ਉਦੋਂ ਹੁੰਦਾ ਹੈ ਜਦੋਂ ਇਹ ਗਿਆਨ ਤੋਂ ਪਰੇ ਕੇਵਲ ਨੰਬਰਾਂ ਦੀ ਅੰਨ੍ਹੀ ਦੌੜ ਤਕ ਸੀਮਿਤ ਹੋ ਕੇ ਰਹਿ ਜਾਂਦਾ ਹੈ। ਇਨ੍ਹਾਂ ਨੰਬਰਾਂ ਦਾ ਗਿਆਨ ਨਾਲ ਕੋਈ ਵਾਸਤਾ ਨਹੀਂ ਹੁੰਦਾ।
- ਅਜੋਕਾ ਵਿਦਿਆਰਥੀ ਵਰਗ ਅੱਜ ਆਪਣੇ ਮਜ਼ਮੂਨਾਂ ਨੂੰ ਸਮਝਣ ਅਤੇ ਗਿਆਨ ਦਾ ਧੁਰਾਂ ਬਣਾਉਣ ਦੀ ਥਾਂ ਤੋਤਾ ਰਟਨ ਤਕ ਸੀਮਿਤ ਹੋ ਕੇ ਰਹਿ ਗਿਆ ਹੈ। ਕੁਝ ਘੰਟਿਆਂ ਦਾ ਤੋਤਾ ਰਟਨ ਉਸਦੇ ਗਿਆਨਵਾਨ ਹੋਣ ਦੀ ਹਾਮੀਂ ਭਰਦਾ ਹੈ। ਜਿੱਥੇ ਅਧਿਆਪਕ ਵਰਗ ਆਪਣੇ ਵਿਦਿਆਰਥੀਆਂ ਦੇ ਨਤੀਜਿਆਂ ਪ੍ਰਤੀ ਚਿੰਤਾਤੁਰ ਹੁੰਦਾ ਹੈ ਉਥੇ ਮਾਪਿਆਂ ਲਈ ਵੀ ਬੱਚਿਆਂ ਪਾਸੋਂ ਪ੍ਰਾਪਤ ਅੰਕ ਉਨ੍ਹਾਂ ਦੀ ਇੱਜ਼ਤ ਦਾ ਪ੍ਰਮਾਣ ਪੱਤਰ ਹੁੰਦੇ ਹਨ।
- ਇਕ-ਦੂਜੇ ਤੋਂ ਅੱਗੇ ਵੱਧਣ ਦੀ ਦੌੜ ਵਿਚ ਵੀ ਕਈ ਵਾਰ ਵਿਦਿਆਰਥੀ ਗਿਆਨ ਪ੍ਰਾਪਤੀ ਦੇ ਆਪਣੇ ਆਸ਼ੇ ਤੋਂ ਮੁਨਕਰ ਹੋ, ਨੰਬਰਾਂ ਦੀ ਪ੍ਰਾਪਤੀ ਲਈ ਗ਼ਲਤ ਢੰਗਾਂ ਦੀ ਵਰਤੋਂ ਕਰਨ ਤੋਂ ਵੀ ਗੁਰੇਜ਼ ਨਹੀਂ ਕਰਦੇ।
- ਅੱਜ ਵਿਦਿਆਰਥੀ ਵਰਗ ਨੂੰ ਇਹ ਸਮਝਣ ਦੀ ਲੋੜ ਹੈ ਕਿ ਵੱਧ ਅੰਕ ਪ੍ਰਾਪਤ ਕਰਨ ਵਾਲੇ ਵਿਦਿਆਰਥੀ ਨਾਲੋਂ ਉਹ ਵਿਦਿਆਰਥੀ ਜ਼ਿੰਦਗੀ ਵਿਚ ਵਧੇਰੇ ਕਾਮਯਾਬ ਹੁੰਦਾ ਹੈ ਜੋ ਆਪਣੀ ਵਿਦਿਆ ਨੂੰ ਆਪਣੀ ਜੀਵਨਸ਼ੈਲੀ ਦਾ ਆਧਾਰ ਬਣਾਉਂਦਾ ਹੈ।



- ਵਿਦਿਆਰਥੀਆਂ ਨੂੰ ਸਮਝਣਾ ਪਵੇਗਾ ਕਿ ਇਮਤਿਹਾਨ ਇਕ ਅਜਿਹੀ ਪੌੜੀ ਹੈ ਜਿਸ ਰਾਹੀਂ ਉਸ ਇਕ ਪੜਾਅ ਨੂੰ ਪਾਰ ਕਰਕੇ ਦੂਜੇ ਪੜਾਅ ਤਕ ਅਪੜਨਾ ਹੈ ਅਤੇ ਅਖੀਰ ਆਪਣੀ ਮੰਜ਼ਿਲ ਨੂੰ ਪਾਉਣਾ ਹੈ।
- ਇਮਤਿਹਾਨਾਂ ਦੀ ਤਿਆਰੀ ਕਰ ਰਹੇ ਵਿਦਿਆਰਥੀਆਂ ਨੂੰ ਆਪਣੇ ਮਨ-ਮਸਤਕ ਨੂੰ ਨਿਯੰਤਰਣ ਕਰਨ ਲਈ ਸਭ ਤੋਂ ਪਹਿਲਾਂ ਯੋਗ, ਵਰਜਿਸ਼ ਜਾਂ ਸਾਧਨਾ ਦਾ ਸਹਾਰਾ ਲੈਣਾ ਚਾਹੀਦਾ ਹੈ ਤਾਂ ਜੋ ਉਹ ਮਨ-ਮਸਤਕ 'ਤੇ ਕਾਬੂ ਪਾ ਕੇ ਫਾਲਤੂ ਦੀਆਂ ਭਟਕਣਾਵਾਂ ਤੋਂ ਬਚ ਸਕਣ। ਨਕਾਰਾਤਮਿਕ ਸੋਚ ਨੂੰ ਹਾਵੀ ਹੋਣ ਤੋਂ ਰੋਕ ਸਕਣ। ਜਦੋਂ ਸਕਾਰਾਤਮਿਕ ਵਿਚਾਰਾਂ ਦਾ ਪ੍ਰਵਾਹ ਮਨ-ਮਸਤਕ ਵਿਚ ਚੱਲਣਾ ਸ਼ੁਰੂ ਹੋਵੇਗਾ ਤਾਂ ਉਹ ਆਪਣੇ ਅੰਦਰ ਬੇਮਿਸਾਲ ਊਰਜਾ ਨੂੰ ਮਹਿਸੂਸ ਕਰਨਗੇ। ਜੋ ਉਨ੍ਹਾਂ ਨੂੰ ਇਕਾਗਰਚਿਤ ਹੋ ਕੇ ਆਪਣੇ ਇਮਤਿਹਾਨਾਂ ਦੀ ਤਿਆਰੀ ਕਰਨ ਵਿਚ ਸਹਾਇਕ ਹੋਵੇਗੀ।
- ਇਕਾਗਰਚਿਤ ਹੋਣ ਲਈ ਵਿਦਿਆਰਥੀ ਨੂੰ ਆਪਣੇ ਭੋਜਨ ਪ੍ਰਤੀ ਵੀ ਸੁਚੇਤ ਰਹਿਣ ਦੀ ਲੋੜ ਹੁੰਦੀ ਹੈ। ਭੋਜਨ ਜਿੰਨਾ ਸਾਦਾ ਤੇ ਪੌਸ਼ਟਿਕ ਹੋਵੇਗਾ ਉਨਾ ਹੀ ਵਿਦਿਆਰਥੀ ਦੀ ਇਕਾਗਰ ਸ਼ਕਤੀ ਵਧੇਗੀ।
- ਮਨੋਵਿਗਿਆਨੀਆਂ ਦਾ ਵੀ ਮੰਨਣਾ ਹੈ ਕਿ ਵਿਦਿਆਰਥੀਆਂ ਨੂੰ ਇਮਤਿਹਾਨਾਂ ਵਿਚ ਇਕਾਗਰਤਾ ਦੀ ਸਭ ਤੋਂ ਵੱਧ ਲੋੜ ਹੁੰਦੀ ਹੈ।
- ਇਮਤਿਹਾਨਾਂ ਦੇ ਦਿਨਾਂ ਵਿਚ ਨਿਯਤ ਕੀਤੀ ਗਈ ਸਮੇਂ-ਸਾਰਣੀ, ਇਮਤਿਹਾਨਾਂ ਦੀ ਤਿਆਰੀ ਵਿਚ ਅਹਿਮ ਭੂਮਿਕਾ ਨਿਭਾਉਂਦੀ ਹੈ।
- ਵਿਦਿਆਰਥੀ ਨੂੰ ਸਮੇਂ-ਸਾਰਣੀ ਬਣਾਉਂਦੇ ਸਮੇਂ ਇਸ ਗੱਲ ਦਾ ਖ਼ਾਸ ਧਿਆਨ ਰੱਖਣਾ ਚਾਹੀਦਾ ਹੈ ਕਿ ਇਸ ਸਾਰਣੀ ਵਿਚ ਹਰ ਵਿਸ਼ੇ ਨੂੰ ਸਮਾਨ ਅਹਿਮੀਅਤ ਦਿੱਤੀ ਜਾਏ ਅਤੇ ਥੋੜ੍ਹੀ-ਥੋੜ੍ਹੀ ਦੇਰ ਵਿਚ ਇਕ ਵਕਫੇ ਦੀ ਗੁੰਜਾਇਸ਼ ਛੱਡੀ ਜਾਏ।
- ਪੜ੍ਹਨ ਲੱਗਿਆਂ ਵਿਸ਼ੇ ਨੂੰ ਰੁਚੀ ਅਤੇ ਸਮਰੱਥਾ ਨੂੰ ਮੁੱਖ ਰੱਖ ਕੇ ਪੜ੍ਹਿਆ ਅਤੇ ਵਿਚਾਰਿਆ ਜਾਵੇ।
- ਆਪਣੀਆਂ ਕਮਜ਼ੋਰੀਆਂ ਅਤੇ ਵਿਸ਼ੇ ਦੇ ਪੱਖ ਤੋਂ ਕੀਤੀਆਂ ਊਣਤਾਈਆਂ ਨਾਲ ਸਮੇਂ ਰਹਿੰਦੇ ਨਜਿੱਠ ਲਿਆ ਜਾਵੇ ਤਾਂ ਜੋ ਇਮਤਿਹਾਨ ਵੇਲੇ ਕਿਸੇ ਕਿਸਮ ਦੀ ਔਖ ਦਾ ਸਾਹਮਣਾ ਨਾ ਕਰਨਾ ਪਵੇ।
- ਪੜ੍ਹੇ ਅਤੇ ਵਿਚਾਰੇ ਗਏ ਵਿਸ਼ਿਆਂ ਨੂੰ ਦੁਹਰਾਉਣਾ ਵੀ ਲਾਜ਼ਮੀ ਹੈ। ਵਿਦਿਆਰਥੀ ਪੜ੍ਹਨ ਲਈ ਕਿੰਨਾ ਵੀ ਵਧੀਆ ਢੰਗ ਕਿਉਂ ਨਾ ਅਪਨਾ ਲਏ। ਜਦੋਂ ਤਕ ਉਹ ਵਿਸ਼ੇ ਦੀ ਦੁਹਰਾਈ ਨਹੀਂ ਕਰਦਾ, ਉਦੋਂ ਤਕ ਵਿਸ਼ੇ ਉਪਰ ਉਸਦੀ ਪੱਕੜ ਮਜ਼ਬੂਤ ਨਹੀਂ ਹੁੰਦੀ।
- ਜੇ ਪੜ੍ਹਨ ਦੇ ਸਮੇਂ ਦੀ ਗੱਲ ਕਰੀਏ ਤਾਂ ਕਿਹਾ ਜਾ ਸਕਦਾ ਹੈ ਕਿ ਪੜ੍ਹਨ ਦਾ ਕੋਈ ਨਿਸ਼ਚਿਤ ਸਮਾਂ ਨਹੀਂ ਹੁੰਦਾ। ਹਰ ਵਿਦਿਆਰਥੀ ਆਪਣੀ ਸਮਰਥਾ ਅਤੇ ਲਗਨ ਮੁਤਾਬਿਕ ਕਿਸੇ ਵੇਲੇ ਵੀ ਪੜ੍ਹ ਸਕਦਾ ਹੈ।
- ਕਈ ਵਿਦਿਆਰਥੀ ਸਵੇਰੇ ਜਲਦੀ ਉੱਠ ਕੇ ਪੜ੍ਹਦੇ ਹਨ ਕਿਉਂਕਿ ਉਸ ਸਮੇਂ ਮਨ-ਮਸਤਕ ਸ਼ਾਂਤ ਅਵਸਥਾ ਵਿਚ ਊਰਜਾ-ਭਰਪੂਰ ਹੁੰਦੇ ਹਨ। ਕਈ ਵਿਦਿਆਰਥੀ ਰਾਤ ਨੂੰ ਪੜ੍ਹਨਾ ਲੋਚਦੇ ਹਨ ਕਿਉਂਕਿ ਰਾਤ ਨੂੰ ਬਾਹਰੀ ਰੌਲ੍ਹਾਂ-ਰੱਪਾ ਘੱਟ ਹੁੰਦਾ ਹੈ। ਇਓਂ ਆਪਣੀ ਸਹੂਲਤ ਮੁਤਾਬਿਕ ਪੜ੍ਹਨ ਲਈ ਕੋਈ ਵੀ ਸਮਾਂ ਨਿਸ਼ਚਿਤ ਕੀਤਾ ਜਾ ਸਕਦਾ ਹੈ।

ਇਊਂ ਵਿਸ਼ੇ ਨੂੰ ਗਿਆਨ ਪ੍ਰਾਪਤੀ ਦਾ ਧੁਰਾ ਬਣਾ ਕੇ ਉਸ ਉਪਰ ਪਕੜ ਹਾਸਿਲ ਕਰ ਕੋਈ ਵੀ ਵਿਦਿਆਰਥੀ ਇਮਤਿਹਾਨਾਂ ਦੇ ਦਿਨਾਂ ਵਿਚ ਸਹਿਜ ਅਵਸਥਾ ਵਿਚ ਆਤਮ-ਵਿਸ਼ਵਾਸ ਨਾਲ ਸਫ਼ਲਤਾ ਪ੍ਰਾਪਤ ਕਰ ਸਕਦਾ ਹੈ। •

*ਬੱਚਿਆਂ ਦੀ ਮਾਸੂਮੀਅਤ ਦਾ ਅਤੇ ਉਸਦੇ ਭਵਿੱਖ ਦਾ ਧਿਆਨ ਰੱਖਦੇ ਹੋਏ ਅਜਿਹੇ ਸਕੂਲ ਚੁਣੇ ਜਾਣ ਜਿੱਥੇ ਉਨ੍ਹਾਂ ਦੀ ਨੀਂਹ ਚੰਗੇ ਤਰੀਕੇ ਨਾਲ ਸਥਾਪਤ ਹੋਵੇ। ਇਹ ਦੇਖਣਾ ਵੀ ਸਭ ਤੋਂ ਜ਼ਰੂਰੀ ਹੈ ਕਿ ਜਿੱਥੇ ਬੱਚੇ ਨੂੰ ਭੇਜ ਰਹੇ ਹਾਂ ਉੱਥੇ ਉਹ ਜਾਣਾ ਪਸੰਦ ਵੀ ਕਰਦਾ ਹੈ ਜਾਂ ਨਹੀਂ। ਖੁੱਲ੍ਹੇ ਵਾਤਾਵਰਨ ਅਤੇ ਵਧੀਆ ਖੇਡਾਂ ਲਈ ਪ੍ਰਬੰਧ ਕੀਤੇ ਹੋਣੇ ਚਾਹੀਦੇ ਹਨ ਤਾਂ ਜੋ ਬੱਚਿਆਂ ਅੰਦਰਲਾ ਡਰ ਖ਼ਤਮ ਕੀਤਾ ਜਾ ਸਕੇ। ਸਕੂਲ ਬੱਚਿਆਂ ਲਈ ਖਿੱਚ ਦਾ ਕੇਂਦਰ ਬਣਨ ਤਾਂ ਕਿ ਉਹ ਆਪਣੇ ਆਪ ਖ਼ੁਸ਼ੀ-ਖ਼ੁਸ਼ੀ ਉੱਥੇ ਜਾਣ ਤੇ ਜ਼ਿੰਦਗੀ ਵਿਚ ਤਰੱਕੀਆਂ ਕਰਨ...*

# ਖੁੱਲ੍ਹੇ-ਡੁੱਲ੍ਹੇ ਵਾਤਾਵਰਨ 'ਚ ਹੋਵੇ ਬੱਚੇ ਦੀ ਸਕੂਲੀ ਸ਼ੁਰੂਆਤ

ਸੁਖਰਾਜ ਚਹਿਲ ਧਨੌਲਾ

97810-48055

ਜਨਮ ਤੋਂ ਬਾਅਦ ਨੰਨ੍ਹੇ-ਮੁੰਨ੍ਹੇ ਬੱਚਿਆਂ ਨੂੰ ਜਦੋਂ ਤਕ ਤਾਂ ਘਰ ਵਿਚ ਹੀ ਰੱਖਿਆ ਜਾਂਦਾ ਹੈ ਉਦੋਂ ਤਕ ਤਾਂ ਉਹ ਬਹੁਤ ਖ਼ੁਸ਼ ਰਹਿੰਦੇ ਹਨ। ਹਰ ਪਲ ਦਾ ਆਨੰਦ ਮਾਣਦੇ ਹਨ। ਜਦੋਂ ਬੱਚਿਆਂ ਨੂੰ ਪੜ੍ਹਾਈ ਕਰਨ ਲਈ ਸਕੂਲ ਵਿਚ ਦਾਖ਼ਲ ਕਰਵਾਉਣਾ ਹੁੰਦਾ ਹੈ ਤਾਂ ਸਭ ਤੋਂ ਪਹਿਲਾਂ ਉਨ੍ਹਾਂ ਨੂੰ ਸਕੂਲ ਲਈ ਤਿਆਰ ਕਰਨ ਵਾਸਤੇ ਪਹਿਲਾਂ ਇਕ ਪਲੇਅ ਵੇਅ ਸਕੂਲ ਜਾਂ ਸਰਕਾਰੀ ਤੌਰ 'ਤੇ ਬਣੇ ਕੇਂਦਰਾਂ ਦੀ ਭਾਲ ਕੀਤੀ ਜਾਂਦੀ ਹੈ, ਜਿੱਥੇ ਬੱਚਿਆਂ ਨੂੰ ਸਕੂਲ ਵਿਚ ਖੜ੍ਹਨ, ਬੈਠਣ ਅਤੇ ਥੋੜ੍ਹੀ-ਥੋੜ੍ਹੀ ਪੜ੍ਹਾਈ ਵੀ ਕਰਵਾਈ ਜਾਂਦੀ ਹੈ। ਜਦੋਂ ਬੱਚੇ ਇੱਥੇ ਦਾਖ਼ਲ ਕਰਵਾਏ ਜਾਂਦੇ ਹਨ ਤਾਂ ਉਹ ਇੱਥੇ ਆਉਣ ਤੋਂ ਕੰਨ੍ਹੀ ਕਤਰਾਉਂਦੇ ਹਨ। ਜਦੋਂ ਉਨ੍ਹਾਂ ਨੂੰ ਸਕੂਲ ਲਈ ਤਿਆਰ ਕਰਨਾ ਸ਼ੁਰੂ ਕਰ ਦਿੱਤਾ ਜਾਂਦਾ ਹੈ ਤਾਂ ਉਹ ਨਾਲ ਦੀ ਨਾਲ ਰੋਣਾ ਸ਼ੁਰੂ ਕਰ ਦਿੰਦੇ ਹਨ ਕਿਉਂਕਿ ਬੱਚੇ ਆਪਣੇ ਸਕੂਲ ਅੰਦਰ ਵੀ ਘਰ ਵਰਗਾ ਖੁੱਲ੍ਹੇ ਡੁੱਲ੍ਹੇ ਵਾਤਾਵਰਨ ਵਾਲਾ ਮਾਹੌਲ ਲੱਭਦੇ ਹਨ।

ਜਦੋਂ ਅਜਿਹੇ ਸਕੂਲਾਂ ਦੀ ਬੱਚਿਆਂ ਲਈ ਚੋਣ ਕੀਤੀ ਜਾਂਦੀ ਹੈ ਤਾਂ ਹਮੇਸ਼ਾ ਇਹੀ ਸੋਚਿਆ ਜਾਂਦਾ ਹੈ ਕਿ ਇੱਥੇ ਤਾਂ ਸਿਰਫ਼ ਬੱਚੇ ਸਕੂਲ ਵਿਚ ਬੈਠਣਾ ਅਤੇ ਘਰ ਤੋਂ ਵੱਖ ਰਹਿਣਾ ਹੀ ਸਿੱਖਦੇ ਹਨ। ਜਦਕਿ ਬੱਚੇ ਦੀ ਸਕੂਲ ਲਈ ਅਸਲ ਨੀਂਹ ਇੱਥੋਂ ਹੀ ਟਿਕਦੀ ਹੈ। ਬੱਚੇ ਇਕ ਗਿੱਲੀ ਮਿੱਟੀ ਵਾਂਗ ਹੁੰਦੇ ਹਨ ਜਿਸ ਤਰ੍ਹਾਂ ਉਨ੍ਹਾਂ ਨੂੰ ਢਾਲਿਆ ਜਾਵੇ ਉਹ ਉਸੇ ਤਰ੍ਹਾਂ ਹੀ ਢਲ ਕੇ ਤਿਆਰ ਹੋ ਜਾਂਦੇ ਹਨ ਅਤੇ ਆਪਣੀ ਸਕੂਲੀ ਸ਼ੁਰੂਆਤ ਕਰਦੇ ਹਨ।

ਜੇ ਦੇਖਿਆ ਜਾਵੇ ਤਾਂ ਬਹੁਤ ਥਾਵਾਂ 'ਤੇ ਅਜਿਹੇ ਸਕੂਲ ਜਿੱਥੇ ਬੱਚਿਆਂ ਨੂੰ ਸਿਰਫ਼ ਸਕੂਲ ਵਿਚ ਬੈਠਣ ਲਈ ਤਿਆਰ ਕਰਨ ਦੇ ਮਕਸਦ ਨਾਲ ਤਿਆਰ ਕੀਤਾ ਜਾਂਦਾ ਹੈ। ਉੱਥੇ ਸਿਰਫ਼ ਇਕ ਜਾਂ ਦੋ ਕਮਰੇ ਹੁੰਦੇ ਹਨ। ਅਜਿਹੀ ਥਾਂ ਉੱਪਰ ਆ ਕੇ ਬੱਚਾ ਆਪਣੇ ਆਪ ਲਈ ਘੁੱਟਣ ਮਹਿਸੂਸ ਕਰਦਾ ਹੈ ਕਿਉਂਕਿ ਇੱਥੋਂ ਦਾ ਵਾਤਾਵਰਨ ਉਸਦੇ ਪਸੰਦ ਨਹੀਂ ਆਉਂਦਾ। ਜਿਸ ਕਾਰਨ ਬੱਚਾ ਇੱਥੇ ਆਉਣ ਤੋਂ ਡਰਦਾ ਤੇ ਘਬਰਾਉਂਦਾ ਹੈ। ਅਜਿਹੇ ਮਾਹੌਲ ਵਿਚ ਰਹਿਣਾ ਬੱਚੇ ਲਈ ਬਹੁਤ ਔਖਾ ਹੁੰਦਾ ਹੈ। ਉਸਦੇ ਸਰੀਰਕ ਅਤੇ ਮਾਨਸਿਕ ਵਿਕਾਸ ਵਿਚ ਰੁਕਾਵਟ ਆਉਣੀ ਸੁਭਾਵਿਕ ਹੈ ਕਿਉਂਕਿ ਉਸਨੂੰ ਖੇਡਣ ਕੁੱਦਣ ਤੋਂ ਵਰਜਿਆ ਜਾਂਦਾ ਹੈ। ਜਦੋਂ ਸੀਮਤ ਜਿਹੀ ਜਗ੍ਹਾ 'ਤੇ ਬੱਚੇ ਨੂੰ ਰੱਖਿਆ ਜਾਂਦਾ ਹੈ ਤਾਂ ਉਹ ਅਜਿਹਾ ਮਹਿਸੂਸ ਕਰਦਾ ਹੈ ਜਿਵੇਂ ਕੋਈ ਚੰਗਾ ਭਲਾ ਇਨਸਾਨ ਜੇਲ੍ਹ ਵਿਚ ਕੈਦ ਕੱਟ ਰਿਹਾ ਹੋਵੇ ਕਿਉਂਕਿ ਬੱਚੇ ਨੂੰ ਇਕ ਤਰ੍ਹਾਂ ਦਾ ਮਾਨਸਿਕ ਤਣਾਅ ਮਹਿਸੂਸ ਹੋਣ ਲੱਗ ਜਾਂਦਾ ਹੈ।



ਉਦਾਹਰਨ ਵਜੋਂ ਦੇਖਿਆ ਜਾਵੇ ਤਾਂ ਜੇ ਬੱਚਿਆਂ ਨੂੰ ਇਹ ਕਿਹਾ ਜਾਵੇ ਕਿ 'ਚਲੋ ਪਾਰਕ ਚੱਲੀਏ' ਤਾਂ ਉਹ ਬੜੀ ਖ਼ੁਸ਼ੀ ਅਤੇ ਉਤਸ਼ਾਹ ਨਾਲ ਤਿਆਰ ਹੋਣਗੇ ਕਿਉਂਕਿ ਉੱਥੇ ਉਨ੍ਹਾਂ ਨੂੰ ਖੇਡਣ ਅਤੇ ਝੂਲਿਆਂ ਵਿਚ ਝੂਟੇ ਲੈਣ, ਖੁੱਲ੍ਹੇ ਡੁੱਲ੍ਹੇ ਵਾਤਾਵਰਨ ਵਿਚ ਜਾਣ ਦਾ ਮੌਕਾ ਮਿਲਣਾ ਹੁੰਦਾ ਹੈ। ਉਹ ਹਮੇਸ਼ਾ ਹੀ ਪਾਰਕ ਵਰਗੇ ਵਾਤਾਵਰਨ ਵਿਚ ਜਾਣ ਲਈ ਤਿਆਰ ਰਹਿੰਦੇ ਹਨ।

ਕਈ ਵਾਰ ਦੇਖਣ ਵਿਚ ਆਉਂਦਾ ਹੈ ਕਿ ਤੰਗ ਜਿਹੀ ਜਗ੍ਹਾ ਵਿਚ ਜਦੋਂ ਬੱਚੇ ਆਉਂਦੇ ਹਨ ਤਾਂ ਉੱਥੇ ਉਨ੍ਹਾਂ ਨੂੰ ਇਕ ਥਾਂ ਟਿਕਾ ਕੇ ਬਿਠਾਉਣ ਦੇ ਮਕਸਦ ਨਾਲ ਟੀ.ਵੀ. ਜਾਂ ਹੋਰ ਵੀਡਿਓ ਗੇਮਾਂ ਚਲਾ ਕੇ ਜਾਂ ਫਿਰ ਕੁੱਝ ਛੋਟੇ-ਛੋਟੇ ਖਿਡੌਣੇ ਦੇ ਕੇ ਕਮਰੇ ਵਿਚ ਰੱਖਣ ਨੂੰ ਪਹਿਲ ਦਿੱਤੀ ਜਾਂਦੀ ਹੈ। ਜੋ ਇਕ ਛੋਟੇ ਬੱਚੇ ਲਈ ਬੇਹੱਦ ਖ਼ਤਰਨਾਕ ਹੈ ਕਿਉਂਕਿ ਇਸ ਤਰ੍ਹਾਂ ਕਰਨ ਨਾਲ ਬੱਚੇ ਦੇ ਦਿਮਾਗ਼ ਦਾ ਦਾਇਰਾ ਸੀਮਤ ਜਿਹਾ ਹੋ ਕੇ ਰਹਿ ਜਾਂਦਾ ਹੈ। ਜਿਸਦਾ ਉਸਦੇ ਮਾਨਸਿਕ ਵਿਕਾਸ 'ਤੇ ਗਹਿਰਾ ਪ੍ਰਭਾਵ ਪੈਂਦਾ ਹੈ।

ਇੱਥੇ ਅਜਿਹੇ ਸਮੇਂ ਬੱਚੇ ਨੂੰ ਖੁੱਲ੍ਹੇ-ਡੁੱਲ੍ਹੇ ਮਾਹੌਲ ਵਿਚ ਰੱਖਿਆ ਜਾਵੇਗਾ ਤਾਂ ਉਸ ਵਿਚ ਨਿਡਰ ਅਤੇ ਚੰਗੀ ਲੀਡਰਸ਼ਿਪ ਵਾਲੇ ਗੁਣ ਪੈਦਾ ਹੋਣਗੇ ਨਹੀਂ ਤਾਂ ਉਹ ਜਦੋਂ ਅੱਗੇ ਪੜ੍ਹਾਈ ਲਈ ਸਕੂਲ ਵਿਚ ਜਾਵੇਗਾ ਤਾਂ ਇੱਥੇ ਉਹ ਘਬਰਾਹਟ ਮਹਿਸੂਸ ਕਰਦਾ ਹੋਇਆ ਆਪਣੀ ਜ਼ਿੰਦਗੀ ਦੀ ਸ਼ੁਰੂਆਤ ਕਰੇਗਾ। ਕਈ ਵਾਰ ਅਜਿਹੇ ਮਾਹੌਲ ਵਿੱਚੋਂ ਆਏ ਬੱਚੇ ਬਿਮਾਰ ਵੀ ਰਹਿਣ ਲੱਗ ਜਾਂਦੇ ਹਨ। ਬੱਚੇ ਸਕੂਲ ਆਉਣ ਤੋਂ ਡਰਦੇ ਹੋਏ ਘਰ ਰਹਿਣ ਲਈ ਹਰ ਰੋਜ਼ ਕੋਈ ਨਾ ਕੋਈ ਬਹਾਨੇ ਲਗਾਉਂਦੇ ਰਹਿੰਦੇ ਹਨ ਤਾਂ ਕਿ ਸਕੂਲ ਜਾਣ ਤੋਂ ਬਚਿਆ ਜਾ ਸਕੇ। ਇਸ ਲਈ ਮਾਤਾ-ਪਿਤਾ ਨੂੰ ਚਾਹੀਦਾ ਹੈ ਕਿ ਉਹ ਬੱਚਿਆਂ ਲਈ ਇਕ ਵਧੀਆ ਤੇ ਸੁਖ਼ਾਵੇਂ ਮਾਹੌਲ ਵਾਲੇ ਸਕੂਲ ਦੀ ਹੀ ਚੋਣ ਕਰਨ। •

## ਬਾਲ ਕੈਨਵਸ




ਅਵੀਜੋਤ
ਜਮਾਤ : ਪਹਿਲੀ, ਮਾਤਾ ਯਸ਼ੋਧਾ ਸਰਵਹਿੱਤਕਾਰੀ ਵਿੱਦਿਆ ਮੰਦਰ, ਮਾਨਸਾ।



ਜਸਨੀਤ ਕੌਰ
ਜਮਾਤ : ਗਿਆਰਵੀਂ
ਕੰਨਿਆ ਮਹਾਂ ਵਿਦਿਆਲਿਆ, ਜਲੰਧਰ।



ਲਵਪ੍ਰੀਤ ਸਿੰਘ ਮਾਧਰੂ
ਜਮਾਤ : ਛੇਵੀਂ
ਗੁਰੂ ਨਾਨਕ ਇੰਟਰਨੈਸ਼ਨਲ ਸਕੂਲ, ਲੁਧਿਆਣਾ।



ਜੋਤਪ੍ਰੀਤ ਕੌਰ
ਜਮਾਤ : ਪਹਿਲੀ
ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਕੀਰਤਪੁਰ।



ਤਾਨਵੀ
ਜਮਾਤ : ਪਹਿਲੀ, ਡੀ.ਏ.ਵੀ ਇੰਟਰਨੈਸ਼ਨਲ ਸਕੂਲ, ਅੰਮ੍ਰਿਤਸਰ।

# ਧਰਤ ਸੁਹਾਵੀ ਤਾਲ ਸੁਹਾਵਾ



*ਪੰਜਾਬ 'ਚ ਜ਼ਮੀਨਦੋਜ਼ ਪਾਣੀ ਦੇ ਡਿੱਗਦੇ ਪੱਧਰ ਤੇ ਗੰਦਲੇਪਨ ਲਈ ਸਿਰਫ਼ ਕਿਸਾਨਾਂ ਨੂੰ ਜ਼ਿੰਮੇਵਾਰ ਨਹੀਂ ਠਹਿਰਾਇਆ ਜਾ ਸਕਦਾ। ਪੰਜਾਬ 'ਚ ਕਿਸਾਨਾਂ ਦੇ ਕਰੀਬ 14 ਲੱਖ ਟਿਊਬਵੈੱਲ ਹਨ ਜਦਕਿ ਗ਼ੈਰ ਖੇਤੀ ਖੇਤਰ 'ਚ 25 ਲੱਖ ਟਿਊਬਵੈੱਲ ਹਨ...*

# ਪਵਿੱਤਰਤਾ 'ਚ ਘੁਲੀ ਜ਼ਹਿਰ





• ਡਾ. ਰਣਜੀਤ ਸਿੰਘ
94170-87328

ਹੁਣ ਤਕ ਪੰਜਾਬ 'ਚ ਜ਼ਮੀਨਦੋਜ਼ ਪਾਣੀ ਦਾ ਪੱਧਰ ਡਿੱਗਣ ਬਾਰੇ ਹੀ ਚਰਚਾ ਹੁੰਦੀ ਸੀ ਪਰ ਭਾਰਤ ਸਰਕਾਰ ਦੀ ਇਕ ਰਿਪੋਰਟ ਅਨੁਸਾਰ ਪੰਜਾਬ ਦੇ ਪਾਣੀ 'ਚ ਧਾਤਾਂ ਦੀ ਮਾਤਰਾ ਸਾਰੇ ਦੇਸ਼ ਨਾਲੋਂ ਵੱਧ ਹੈ। ਪੰਜਾਬ ਕੋਲ ਦੇਸ਼ ਦਾ ਸਿਰਫ਼ ਦੋ ਫ਼ੀਸਦੀ ਰਕਬਾ ਹੈ ਪਰ ਇਥੋਂ ਦਾ 88 ਫ਼ੀਸਦੀ ਪਾਣੀ ਭਾਰੀਆਂ ਧਾਤਾਂ ਨਾਲ ਭਰਿਆ ਹੋਇਆ ਹੈ। ਦੇਸ਼ ਦੇ 2,430 ਪਿੰਡ ਅਜੇਹੇ ਪਾਣੀ ਵਾਲੇ ਹਨ। ਇਨ੍ਹਾਂ ਵਿੱਚੋਂ 2139 ਪਿੰਡ ਇਕੱਲੇ ਪੰਜਾਬ 'ਚ ਹਨ। ਉਹ ਪੰਜਾਬ, ਜਿਸ ਨੂੰ ਆਪਣੇ ਪਾਣੀਆਂ ਉੱਤੇ ਮਾਣ ਸੀ ਅੱਜ ਇਸ ਦਾ ਅੰਮ੍ਰਿਤ ਵਰਗਾ ਪਵਿੱਤਰ ਪਾਣੀ ਬੁਰੀ ਤਰ੍ਹਾਂ ਗੰਧਲਾ ਹੋ ਚੁੱਕਾ ਹੈ।

## ਪਾਣੀ ਦੀ ਬੇਰਹਿਮੀ ਨਾਲ ਵਰਤੋਂ

ਹੁਣ ਤਕ ਅਸੀਂ ਪਾਣੀ ਦੇ ਡਿੱਗ ਰਹੇ ਪੱਧਰ ਤੇ ਗੰਧਲੇਪਨ ਲਈ ਕਿਸਾਨਾਂ ਨੂੰ ਜ਼ਿੰਮੇਵਾਰ ਠਹਿਰਾ ਰਹੇ ਸਾਂ ਪਰ ਹੁਣ ਸਮਾਂ ਆ ਗਿਆ ਹੈ ਕਿ ਪਾਣੀ ਸਬੰਧੀ ਗੰਭੀਰ ਚਿੰਤਨ ਕੀਤਾ ਜਾਵੇ। ਪੰਜਾਬ ਦੀ ਧਰਤੀ ਸੇਂਜੂ ਹੋਣ ਕਰਕੇ ਕਿਸਾਨਾਂ ਵੱਲੋਂ ਪਾਣੀ ਦੀ ਵਰਤੋਂ 'ਚ ਵਾਧਾ ਹੋਇਆ ਹੈ ਪਰ ਇਹ ਵੀ ਸੋਚਣਾ ਚਾਹੀਦਾ ਹੈ ਕਿ ਉਹ ਪਾਣੀ ਦੀ ਵਰਤੋਂ ਅੰਨ ਦੀ ਪੈਦਾਵਾਰ ਲਈ ਕਰਦਾ ਹੈ। ਖੇਤਾਂ ਵਿੱਚੋਂ ਪਾਣੀ ਦਾ ਕੁਝ ਹਿੱਸਾ ਮੁੜ ਧਰਤੀ 'ਚ ਰੀਚਾਰਜ ਹੋ ਜਾਂਦਾ ਹੈ ਤੇ ਕੁਝ ਉਪਜ ਦੇ ਰੂਪ 'ਚ ਵਾਪਸ ਆਉਂਦਾ ਹੈ ਪਰ ਸਾਡੇ ਘਰਾਂ ਤੇ ਸ਼ਹਿਰਾਂ 'ਚ ਜਿਸ ਬੇਰਹਿਮੀ ਨਾਲ ਪਾਣੀ ਦੀ ਵਰਤੋਂ ਕੀਤੀ ਜਾ ਰਹੀ ਹੈ ਉਸ ਵੱਲ ਕਿਸੇ ਦਾ ਧਿਆਨ ਨਹੀਂ ਗਿਆ। ਪੰਜਾਬ 'ਚ ਕਿਸਾਨਾਂ ਦੇ ਕਰੀਬ 14 ਲੱਖ ਟਿਊਬਵੈੱਲ ਹਨ ਤੇ ਇਹ ਉਦੋਂ ਹੀ ਚੱਲਦੇ ਹਨ ਜਦੋਂ ਲੋੜ ਹੋਵੇ ਪਰ ਗ਼ੈਰ ਖੇਤੀ ਖੇਤਰ 'ਚ 25 ਲੱਖ ਟਿਊਬਵੈੱਲ ਹਨ ਤੇ ਉਹ ਹਮੇਸ਼ਾ ਚੱਲਦੇ ਹਨ।

ਸ਼ਹਿਰਾਂ ਤੇ ਕਸਬਿਆਂ ਦੇ ਪਾਰਕਾਂ 'ਚ ਲੱਗੀਆਂ ਟੂਟੀਆਂ ਕਦੇ ਬੰਦ ਨਹੀਂ ਹੁੰਦੀਆਂ। ਰੋਜ਼ ਸਵੇਰੇ ਘਰਾਂ ਅੱਗੇ ਕਾਰਾਂ ਧੋਈਆਂ ਜਾਂਦੀਆਂ ਹਨ ਤੇ ਘਰਾਂ ਦੇ ਵਿਹੜੇ ਵੀ ਪਾਣੀ ਨਾਲ ਹੀ ਧੋਤੇ ਜਾਂਦੇ ਹਨ। ਗੁਸਲਖ਼ਾਨਿਆਂ 'ਚ ਟੂਟੀਆਂ ਖੁੱਲ੍ਹੀਆਂ ਰਹਿੰਦੀਆਂ ਹਨ। ਕੋਈ ਸਮਾਂ ਸੀ ਜਦੋਂ ਵਿਅਕਤੀ ਇਕ ਬਾਲਟੀ ਨਾਲ ਨਹਾ ਲੈਂਦੇ ਸਨ ਪਰ ਹੁਣ ਬੇਰਹਿਮੀ ਨਾਲ ਗੁਸਲਖ਼ਾਨੇ ਵਿਚ ਅਤੇ ਫਲੱਸ਼ ਲਈ ਪਾਣੀ ਵਰਤਿਆ ਜਾਂਦਾ ਹੈ। ਨਹਾਉਣ ਤੇ ਕੱਪੜੇ ਧੋਣ ਲਈ ਵਰਤੇ ਜਾਂਦੇ ਸਾਬਣ, ਬਰਤਣ ਸਾਫ਼ ਕਰਨ ਵਾਲੇ ਰਸਾਇਣ ਤੇ ਹੋਰ ਗੰਦ-ਮੰਦ ਸਭ ਪਾਣੀ ਵਿਚ ਰਲਦੇ ਹਨ।

## ਸਿਰਫ਼ ਕਿਰਸਾਨੀ ਹੀ ਜ਼ਿੰਮੇਵਾਰ ਨਹੀਂ

ਪੰਜਾਬ ਵਿਚ ਬਹੁਤ ਘੱਟ ਅਜਿਹੇ ਕਾਰਖ਼ਾਨੇ ਹਨ, ਜਿਹੜੇ ਵਰਤਣ ਨਾਲ ਗੰਦੇ ਹੋਏ ਪਾਣੀ ਨੂੰ ਸਾਫ਼ ਕਰਦੇ ਹਨ। ਇਨ੍ਹਾਂ ਕਾਰਖ਼ਾਨਿਆਂ ਦੀਆਂ ਧਾਤਾਂ ਤੇ ਰਸਾਇਣ ਪਾਣੀ ਵਿਚ ਰਲਦੇ ਹਨ। ਲੁਧਿਆਣੇ ਵਿੱਚੋਂ ਲੰਘਦਾ ਬੁੱਢਾ ਦਰਿਆ ਹੁਣ ਗੰਦਾ ਨਾਲਾ ਬਣ ਚੁੱਕਾ ਹੈ। ਸਾਰੇ ਸ਼ਹਿਰਾਂ, ਕਸਬਿਆਂ ਦੇ ਸੀਵਰੇਜ ਦਾ ਪਾਣੀ ਵੀ ਬਿਨਾਂ ਸਾਫ਼ ਕੀਤਿਆਂ ਧਰਤੀ ਹੇਠਲੇ ਪਾਣੀ ਵਿਚ ਮਿਲ ਰਿਹਾ ਹੈ। ਦੇਸ਼ ਵਿਚ 'ਸਵੱਛ ਭਾਰਤ ਮੁਹਿੰਮ' ਹੇਠ ਹਰੇਕ ਘਰ 'ਚ ਪਾਖ਼ਾਨੇ ਬਣਾਏ ਗਏ ਹਨ। ਇਨ੍ਹਾਂ ਪਾਖ਼ਾਨਿਆਂ ਦਾ ਸਾਰਾ ਮਲ-ਮੂਤਰ ਧਰਤੀ ਹੇਠਲੇ ਪਾਣੀ ਵਿਚ ਰਲਦਾ ਹੈ। ਇਹ ਸਕੀਮ ਤਾਂ ਵਧੀਆ ਹੈ ਪਰ ਮਲ-ਮੂਤਰ ਨੂੰ ਧਰਤੀ ਹੇਠਲੇ ਪਾਣੀ ਨਾਲ ਮਿਲਣ ਤੋਂ ਰੋਕਣਾ ਵੀ ਬੇਹੱਦ ਜ਼ਰੂਰੀ ਹੈ। ਕਿਸਾਨਾਂ ਵੱਲੋਂ ਵਰਤੀਆਂ ਜਾਂਦੀਆਂ ਰਸਾਇਣਕ ਖਾਦ ਤੇ ਕੀਟ ਨਾਸ਼ਕਾਂ ਦਾ ਬਹੁਤ ਘੱਟ ਹਿੱਸਾ ਜ਼ਮੀਨਦੋਜ਼ ਪਾਣੀ ਵਿਚ ਜਾਂਦਾ ਹੈ ਕਿਉਂਕਿ ਖਾਦਾਂ ਦੀ ਵਰਤੋਂ ਬੂਟੇ ਕਰ ਲੈਂਦੇ ਹਨ ਤੇ ਜ਼ਹਿਰਾਂ ਮਿੱਥੇ ਹੋਏ ਸਮੇਂ ਤੋਂ ਬਾਅਦ ਬੇਅਸਰ ਹੋ ਜਾਂਦੀਆਂ ਹਨ।

ਖੇਤੀ ਰਸਾਇਣਾਂ ਨਾਲ ਜੇ ਵਾਤਾਵਰਨ ਖ਼ਰਾਬ ਵੀ ਹੁੰਦਾ ਹੈ ਤਾਂ ਉਸ ਤੋਂ ਕਿਤੇ ਵੱਧ ਕਿਸਾਨਾਂ ਦੀਆਂ ਫ਼ਸਲਾਂ ਵਾਤਾਵਰਨ ਨੂੰ ਸ਼ੁੱਧ ਕਰਦੀਆਂ ਹਨ। ਵਪਾਰੀ ਵੀ ਵੱਡੇ ਪੱਧਰ 'ਤੇ ਖੇਤੀ ਉਪਜ ਵਿਚ ਰਸਾਇਣਾਂ ਦੀ ਵਰਤੋਂ ਕਰ ਰਹੇ ਹਨ। ਫਲਾਂ ਨੂੰ ਰਸਾਇਣਾਂ ਨਾਲ ਪਕਾਇਆ ਜਾਂਦਾ ਹੈ। ਦਾਲਾਂ ਪਾਲਿਸ਼ ਕੀਤੀਆਂ ਜਾਂਦੀਆਂ ਹਨ। ਉਪਜ ਵਿਚ ਮਿਲਾਵਟ ਕੀਤੀ ਜਾਂਦੀ ਹੈ। ਨਕਲੀ ਦੁੱਧ, ਪਨੀਰ ਤੇ ਖੋਇਆ ਬਣਾਇਆ ਜਾਂਦਾ ਹੈ। ਇਹ ਚੀਜ਼ਾਂ ਮਨੁੱਖੀ ਸਿਹਤ ਉੱਪਰ ਕਿਤੇ ਜ਼ਿਆਦਾ ਮਾਰੂ ਅਸਰ ਪਾ ਰਹੀਆਂ ਹਨ। ਉਨ੍ਹਾਂ ਨੂੰ ਮਨੁੱਖੀ ਸਿਹਤ ਨਾਲ ਖੇਡਣ ਦਾ ਕੋਈ ਹੱਕ ਨਹੀਂ ਹੈ।

### *ਖੇਤੀ ਜ਼ਹਿਰਾਂ ਦੀ ਲੋੜ ਅਨੁਸਾਰ ਵਰਤੋਂ*

*ਕਿਸਾਨਾਂ ਨੂੰ ਚਾਹੀਦਾ ਹੈ ਕਿ ਲੋੜ ਤੋਂ ਵੱਧ ਰਸਾਇਣਾਂ ਦੀ ਵਰਤੋਂ ਨਾ ਕੀਤੀ ਜਾਵੇ। ਕਈ ਕਿਸਾਨ ਸਿਫ਼ਾਰਸ਼ ਤੋਂ ਵੱਧ ਯੂਰੀਏ ਦੀ ਵਰਤੋਂ ਕਰਦੇ ਹਨ। ਲੋੜ ਤੋਂ ਵੱਧ ਵਰਤੋਂ ਝਾੜ 'ਤੇ ਮਾੜਾ ਅਸਰ ਪਾਉਂਦੀ ਹੈ। ਖੇਤੀ ਜ਼ਹਿਰਾਂ ਦੀ ਵਰਤੋਂ ਮਾਹਿਰਾਂ ਦੀ ਸਲਾਹ ਨਾਲ ਹੀ ਕਰਨੀ ਚਾਹੀਦੀ ਹੈ। ਪਿਛਲੇ ਦੋ ਸਾਲਾਂ ਤੋਂ ਨਰਮਾ ਪੱਟੀ ਵਿਚ ਚਿੱਟੀ ਮੱਖੀ ਦੀ ਰੋਕਥਾਮ ਸੰਯੁਕਤ ਕੀਟ ਪ੍ਰਬੰਧ ਰਾਹੀਂ ਬਹੁਤ ਘਟ ਮਾਤਰਾ ਵਿਚ ਜ਼ਹਿਰਾਂ ਦੀ ਵਰਤੋਂ ਨਾਲ ਕੀਤੀ ਗਈ ਹੈ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਜੈਵਿਕ ਖੇਤੀ ਸਬੰਧੀ ਖੋਜ ਲਈ ਇਕ ਵੱਖਰਾ ਵਿਭਾਗ ਬਣਾਇਆ ਗਿਆ ਹੈ। ਇਸੇ ਤਰ੍ਹਾਂ ਝੋਨੇ ਦੀਆਂ ਘੱਟ ਸਮੇਂ ਵਿਚ ਪੱਕਣ ਵਾਲੀਆਂ ਕਿਸਮਾਂ ਵਿਕਸਤ ਕੀਤੀਆਂ ਗਈਆਂ ਹਨ, ਜਿਹੜੀਆਂ ਸਿਰਫ਼ ਤਿੰਨ ਮਹੀਨੇ ਵਿਚ ਤਿਆਰ ਹੋ ਜਾਂਦੀਆਂ ਹਨ। ਕਿਸਾਨਾਂ ਨੂੰ ਚਾਹੀਦਾ ਹੈ ਕਿ ਲੋੜ ਤੋਂ ਵੱਧ ਪਾਣੀ ਦੀ ਵਰਤੋਂ ਨਾ ਕੀਤੀ ਜਾਵੇ ਸਗੋਂ ਵਿਗਿਆਨਕ ਸਿੰਚਾਈ ਢੰਗਾਂ ਨੂੰ ਅਪਣਾ ਕੇ ਪਾਣੀ ਦੀ ਬੱਚਤ ਕਰਨੀ ਜ਼ਿਆਦਾ ਬਿਹਤਰ ਹੈ।*



## ਸਮੂਹਿਕ ਉਪਰਾਲਿਆਂ ਦੀ ਲੋੜ

ਪੰਜਾਬ ਵਿਚ ਮੋਟਰ ਗੱਡੀਆਂ ਦੀ ਗਿਣਤੀ ਦੂਜੇ ਸੂਬਿਆਂ ਦੇ ਮੁਕਾਬਲੇ ਕਿਤੇ ਜ਼ਿਆਦ ਹੈ। ਡੀਜ਼ਲ ਨਾਲ ਚੱਲਣ ਵਾਲੀਆਂ ਮੋਟਰ ਗੱਡੀਆਂ ਦੀ ਗਿਣਤੀ 'ਚ ਤੇਜ਼ੀ ਨਾਲ ਵਾਧਾ ਹੋ ਰਿਹਾ ਹੈ। ਬਹੁਤੇ ਘਰਾਂ, ਵਾਹਨਾਂ, ਦਫ਼ਤਰਾਂ ਤੇ ਦੁਕਾਨਾਂ 'ਚ ਕਈ-ਕਈ ਏਅਰ ਕੰਡੀਸ਼ਨਰ ਲੱਗੇ ਹੋਏ ਹਨ। ਇਨ੍ਹਾਂ ਕਾਰਨ ਪ੍ਰਦੂਸ਼ਣ 'ਚ ਲਗਾਤਾਰ ਵਾਧਾ ਹੋ ਰਿਹਾ ਹੈ। ਪੰਜਾਬੀ ਔਰਤਾਂ ਤੇ ਮਰਦ ਸਾਰੇ ਸੂਬਿਆਂ ਤੋਂ ਵੱਧ ਬਣ-ਠਣ ਕੇ ਰਹਿਣ 'ਚ ਵਿਸ਼ਵਾਸ ਰੱਖਦੇ ਹਨ। ਹਾਰ-ਸ਼ਿੰਗਾਰ ਦੀਆਂ ਬਹੁਤੀਆਂ ਵਸਤਾਂ ਵਿਚ ਰਸਾਇਣ ਹੀ ਹੁੰਦੇ ਹਨ। ਪਲਾਸਟਿਕ ਦੀ ਵੀ ਸਭ ਤੋਂ ਵੱਧ ਵਰਤੋਂ ਇਥੇ ਹੀ ਹੁੰਦੀ ਹੈ। ਸਾਰੀਆਂ ਇਮਾਰਤਾਂ ਉੱਤੇ ਮਹਿੰਗੇ ਤੋਂ ਮਹਿੰਗੇ ਪੇਂਟ ਕੀਤੇ ਜਾਂਦੇ ਹਨ। ਇਨ੍ਹਾਂ ਸਭਨਾਂ ਵਿਚ ਜ਼ਹਿਰੀਲੇ ਤੱਤ ਹੁੰਦੇ ਹਨ। ਇਹ ਜ਼ਹਿਰੀਲੇ ਤੱਤ ਪਾਣੀ, ਧਰਤੀ ਅਤੇ ਵਾਤਾਵਰਨ ਵਿਚ ਮਿਲ ਕੇ ਇਨ੍ਹਾਂ ਨੂੰ ਪ੍ਰਦੂਸ਼ਤ ਕਰ ਰਹੇ ਹਨ।

ਪੰਜਾਬ ਦੇ ਪਾਣੀ ਅਤੇ ਵਾਤਾਵਰਨ ਨੂੰ ਬਚਾਉਣਾ ਪੰਜਾਬ ਵਾਸੀਆਂ ਦੀ ਸਮੂਹਿਕ ਜ਼ਿੰਮੇਵਾਰੀ ਹੈ। ਸਿਰਫ਼ ਕਿਸਾਨਾਂ ਦੇ ਸਿਰ ਪ੍ਰਦੂਸ਼ਣ ਦੀ ਜ਼ਿੰਮੇਵਾਰੀ ਮੜ੍ਹ ਕੇ ਅਸੀਂ ਆਪਣੀ ਜ਼ਿੰਮੇਵਾਰੀ ਤੋਂ ਮੁਕਤ ਨਹੀਂ ਹੋਇਆ ਜਾ ਸਕਦਾ। ਜੇ ਸਿਰਫ਼ ਕਿਸਾਨ ਹੀ ਇਸ ਵਰਤਾਰੇ ਲਈ ਜ਼ਿੰਮੇਵਾਰ ਹੁੰਦੇ ਤਾਂ ਹਰਿਆਣਾ, ਰਾਜਸਥਾਨ ਤੇ ਉੱਤਰ ਪ੍ਰਦੇਸ਼ ਦੇ ਪਾਣੀ ਦੀ ਸਥਿਤੀ ਵੀ ਪੰਜਾਬ ਵਾਲੀ ਹੀ ਹੋਣੀ ਸੀ ਪਰ ਅਜਿਹਾ ਨਹੀਂ ਹੋਇਆ। ਇਸ ਲਈ ਇਕੱਲੇ ਕਿਸਾਨ ਨੂੰ ਜ਼ਿੰਮੇਵਾਰ ਨਹੀਂ ਠਹਿਰਾਇਆ ਜਾ ਸਕਦਾ ਅਤੇ ਸਾਰਿਆਂ ਨੂੰ ਮਿਲ ਕੇ ਇਸ ਦੀ ਜ਼ਿੰਮੇਵਾਰੀ ਵੀ ਲੈਣੀ ਪਵੇਗੀ ਅਤੇ ਮੁਕਤੀ ਦੇ ਉਪਰਾਲੇ ਵੀ ਸਮੂਹਿਕ ਤੌਰ 'ਤੇ ਕਰਨੇ ਪੈਣਗੇ।

## ਸਰਕਾਰ ਵੀ ਪਛਾਣੇ ਆਪਣੀ ਜ਼ਿੰਮੇਵਾਰੀ

ਪਾਣੀ ਦੀ ਸ਼ੁੱਧਤਾ ਨੂੰ ਕਾਇਮ ਰੱਖਣ ਅਤੇ ਇਸ ਦੀ ਵਰਤੋਂ ਘੱਟ ਕਰਨ ਲਈ ਜਿਥੇ ਸਰਕਾਰੀ ਤੰਤਰ ਦੀ ਜ਼ਿੰਮੇਵਾਰੀ ਹੈ ਉੱਥੇ ਸਾਰੇ ਨਾਗਰਿਕਾਂ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਇਸ ਸਮੱਸਿਆ ਦੇ ਹੱਲ ਲਈ ਪੂਰਾ ਯੋਗਦਾਨ ਪਾਉਣ। ਲੋਕਰਾਜ ਵਿਚ ਸਰਕਾਰ ਨਾਲੋਂ ਵੱਧ ਜ਼ਿੰਮੇਵਾਰੀ ਲੋਕਾਂ ਦੀ ਹੁੰਦੀ ਹੈ। ਫੈਕਟਰੀ ਮਾਲਕ ਸੁਲਝੇ ਹੋਏ ਵਿਅਕਤੀ ਹੁੰਦੇ ਹਨ,। ਉਨ੍ਹਾਂ ਨੂੰ ਆਪਣੀ ਜ਼ਿੰਮੇਵਾਰੀ ਸਮਝਦੇ ਹੋਏ ਫੈਕਟਰੀ 'ਚ ਵਰਤੇ ਜਾਂਦੇ ਪਾਣੀ ਨੂੰ ਸ਼ੁੱਧ ਕਰ ਕੇ ਨਹਿਰਾਂ, ਦਰਿਆਵਾਂ ਅਤੇ ਹੋਰ ਕੁਦਰਤੀ ਵਸੀਲਿਆਂ 'ਚ ਮਿਲਾਉਣਾ ਚਾਹੀਦਾ ਹੈ। ਇਸ ਤੋਂ ਇਲਾਵਾ ਪ੍ਰਦੂਸ਼ਣ ਕੰਟਰੋਲ ਬੋਰਡ ਦੀ ਵੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਪ੍ਰਦੂਸ਼ਣ ਦੀ ਰੋਕਥਾਮ ਲਈ ਬਣੇ ਕਾਨੂੰਨ ਦੀ ਸਖ਼ਤੀ ਨਾਲ ਪਾਲਣਾ ਕਰਵਾਏ। ਖ਼ੁਸ਼ਕਿਸਮਤੀ ਨਾਲ ਇਕ ਇਮਾਨਦਾਰ ਅਫ਼ਸਰ ਇਸ ਸਮੇਂ ਇਸ ਦਾ ਮੁਖੀ ਹੈ। ਜੇ ਹੁਣ ਵੀ ਅਜਿਹਾ ਨਾ ਹੋਇਆ ਤਾਂ ਫਿਰ ਕਦੇ ਨਹੀਂ ਹੋ ਸਕੇਗਾ।

ਸ਼ਹਿਰਾਂ ਦੀਆਂ ਕਾਰਪੋਰੇਸ਼ਨਾਂ ਤੇ ਕਮੇਟੀਆਂ ਨੂੰ ਸੀਵਰੇਜ ਦੇ ਪਾਣੀ ਨੂੰ ਸ਼ੁੱਧ ਕਰਨ ਲਈ ਰੀ-ਟਰੀਟਮੈਂਟ ਪਲਾਂਟ ਲਗਾਉਣੇ ਚਾਹੀਦੇ ਹਨ। ਸ਼ੁੱਧ ਕੀਤਾ ਇਹ ਪਾਣੀ ਸਿੰਚਾਈ ਲਈ ਵਰਤਿਆ ਜਾ ਸਕਦਾ ਹੈ। ਇਸੇ ਤਰ੍ਹਾਂ ਪਿੰਡਾਂ ਦੀਆਂ ਪੰਚਾਇਤਾਂ ਨੂੰ ਕਰਨਾ ਚਾਹੀਦਾ ਹੈ। ਕਿਸੇ ਵੀ ਪਿੰਡ ਜਾਂ ਸ਼ਹਿਰ ਦਾ ਗੰਦਾ ਪਾਣੀ ਦਰਿਆਵਾਂ ਤੇ ਹੋਰ ਕੁਦਰਤੀ ਵਸੀਲਿਆਂ 'ਚ ਨਹੀਂ ਜਾਣਾ ਚਾਹੀਦਾ। ਸਰਕਾਰ ਦਾ ਫਰਜ਼ ਹੈ ਕਿ ਪਹਿਲ ਦੇ ਆਧਾਰ 'ਤੇ ਪਾਣੀ ਸ਼ੁੱਧ ਕਰਨ ਦੇ ਪਲਾਂਟ ਲਗਾਏ ਜਾਣ। ਆਮ ਲੋਕਾਂ ਦਾ ਵੀ ਫਰਜ਼ ਹੈ ਕਿ ਪਾਣੀ ਦੀ ਵਰਤੋਂ ਸਿਰਫ਼ ਜ਼ਰੂਰਤ ਅਨੁਸਾਰ ਹੀ ਕੀਤੀ ਜਾਵੇ। ਘਰ ਦੇ ਗੰਦ-ਮੰਦ ਨੂੰ ਸੀਵਰੇਜ ਦੇ ਪਾਣੀ 'ਚ ਨਾ ਪਾਇਆ ਜਾਵੇ। ਘਰਾਂ ਵਿਚ ਵੀ ਰਸਾਇਣਾਂ ਦੀ ਵਰਤੋਂ ਘੱਟ ਤੋਂ ਘੱਟ ਕੀਤੀ ਜਾਵੇ। ਪਲਾਸਟਿਕ ਦੀ ਵਰਤੋਂ ਉੱਪਰ ਕਾਨੂੰਨੀ ਤੌਰ 'ਤੇ ਪਾਬੰਦੀ ਲਗਾਈ ਗਈ ਹੈ ਇਸ ਸਬੰਧੀ ਕਾਨੂੰਨ ਨੂੰ ਅਮਲੀ ਰੂਪ 'ਚ ਲਾਗੂ ਕੀਤਾ ਜਾਣਾ ਚਾਹੀਦਾ ਹੈ। ਆਓ, ਆਪਣੇ ਫਰਜ਼ਾਂ ਨੂੰ ਪਛਾਣੀਏ ਤੇ ਪਾਣੀ ਦੀ ਸ਼ੁੱਧਤਾ ਕਾਇਮ ਰੱਖਣ 'ਚ ਯੋਗਦਾਨ ਪਾਈਏ। ਜੇ ਅਜੇਹਾ ਨਾ ਕੀਤਾ ਗਿਆ ਤਾਂ ਇਕ ਦਿਨ ਸਾਨੂੰ ਬੋਤਲਾਂ ਦੇ ਪਾਣੀ ਉੱਤੇ ਨਿਰਭਰ ਹੋਣਾ ਪਵੇਗਾ। •

# ਬਹਾਰ ਰੁੱਤੇ ਭਿੰਡੀ ਦੀ ਸਫਲ ਕਾਸ਼ਤ



*ਭਿੰਡੀ ਦੀ ਕਾਸ਼ਤ ਮਾਰਚ ਦੇ ਅਖ਼ੀਰ ਤਕ ਕੀਤੀ ਜਾ ਸਕਦੀ ਹੈ ਤੇ ਇਹ ਹਰ ਤਰ੍ਹਾਂ ਦੀ ਜ਼ਮੀਨ 'ਤੇ ਉਗਾਈ ਜਾ ਸਕਦੀ ਹੈ। ਰੇਤਲੀ ਮੈਰਾ ਤੋਂ ਮੈਰਾ ਜ਼ਮੀਨ ਇਸ ਦੀ ਕਾਸ਼ਤ ਲਈ ਢੁੱਕਵੀਂ ਹੈ।*

• ਮਮਤਾ ਪਾਠਕ, ਰੂਮਾ ਦੇਵੀ
94630-35028

ਭਿੰਡੀ ਬਹਾਰ ਰੁੱਤ ਦੀ ਮਹੱਤਵਪੂਰਨ ਸਬਜ਼ੀ ਹੈ। ਇਸ ਰੁੱਤ ਵਿਚ ਇਸ ਉੱਪਰ ਪੀਲੀਏ ਰੋਗ ਦਾ ਹਮਲਾ ਘੱਟ ਹੁੰਦਾ ਹੈ। ਭਿੰਡੀ ਦੀ ਸਫਲ ਪੈਦਾਵਾਰ ਲਈ ਲੰਬੇ ਗਰਮ ਤੇ ਸਿਲ੍ਹੇ ਮੌਸਮ ਦੀ ਲੋੜ ਹੁੰਦੀ ਹੈ। ਭਿੰਡੀ ਦੇ ਬੀਜ ਦੀ ਪੁੰਗਰਨ ਸ਼ਕਤੀ ਤਾਪਮਾਨ 'ਤੇ ਨਿਰਭਰ ਕਰਦੀ ਹੈ, ਜਿਹੜੇ ਕਿ 20 ਡਿਗਰੀ ਸੈਂਟੀਗ੍ਰੇਡ ਤਾਪਮਾਨ ਤੋਂ ਥੱਲੇ ਨਹੀਂ ਪੁੰਗਰਦੇ ਅਤੇ ਪੁੰਗਰਨ ਵਾਸਤੇ ਢੁਕਵਾਂ ਤਾਪਮਾਨ 29 ਡਿਗਰੀ ਸੈਂਟੀਗ੍ਰੇਡ ਚਾਹੀਦਾ ਹੈ। ਭਿੰਡੀ ਹਰ ਤਰ੍ਹਾਂ ਦੀ ਜ਼ਮੀਨ 'ਤੇ ਉਗਾਈ ਜਾ ਸਕਦੀ ਹੈ। ਰੇਤਲੀ ਮੈਰਾ ਤੋਂ ਮੈਰਾ ਜ਼ਮੀਨ ਇਸ ਕਾਸ਼ਤ ਲਈ ਢੁੱਕਵੀਂ ਹੈ। ਭਿੰਡੀ ਹਲਕੀ ਤੇਜ਼ਾਬੀ ਜ਼ਮੀਨ ਨੂੰ ਸਹਿਣ ਦੀ ਸਮਰਥਾ ਰੱਖਦੀ ਹੈ।

## ਉੱਨਤ ਕਿਸਮਾਂ

**ਪੰਜਾਬ ਸੁਹਾਵਨੀ** : ਇਸ ਕਿਸਮ ਦੇ ਬੂਟੇ ਦਰਮਿਆਨੇ ਉੱਚੇ ਹੁੰਦੇ ਹਨ ਤੇ ਇਸ ਦੀ ਡੰਡੀ ਉੱਤੇ ਜ਼ਾਮਣੀ ਰੰਗ ਦੇ ਡੱਬ ਹੁੰਦੇ ਹਨ। ਇਸ ਕਿਸਮ ਦੇ ਪੱਤੇ ਡੂੰਘੇ ਕੱਟਵੇਂ, ਗੂੜ੍ਹੇ ਹਰੇ ਰੰਗ ਦੇ ਅਤੇ ਕਿਨਾਰੇ ਦੰਦਿਆਂ ਵਾਲੇ ਹੁੰਦੇ ਹਨ। ਇਸ ਕਿਸਮ ਦੇ ਪੱਤਿਆਂ, ਤਣੇ ਤੇ ਡੰਡੀ ਉੱਤੇ ਲੂੰ ਹੁੰਦੇ ਹਨ। ਇਸ ਦੇ ਫਲ ਦਰਮਿਆਨੇ ਲੰਬੇ, ਗੂੜ੍ਹੇ ਹਰੇ, ਨਰਮ ਤੇ ਪੰਜ ਧਾਰੀਆਂ ਵਾਲੇ ਹੁੰਦੇ ਹਨ। ਇਹ ਕਿਸਮ ਪੀਲੀਏ ਰੋਗ ਨੂੰ ਸਹਿਣ ਦੇ ਸਮਰੱਥ ਹੈ। ਇਸ ਦਾ ਔਸਤ ਝਾੜ 49 ਕੁਇੰਟਲ ਪ੍ਰਤੀ ਏਕੜ ਹੈ।

**ਪੰਜਾਬ-8** : ਇਸ ਕਿਸਮ ਦੇ ਬੂਟੇ ਦਰਮਿਆਨੇ ਉੱਚੇ ਅਤੇ ਤਣੇ 'ਤੇ ਜਾਮਣੀ ਰੰਗ ਦੇ ਡੱਬ ਹੁੰਦੇ ਹਨ। ਇਸ ਦੇ ਫਲ ਪਤਲੇ, ਲੰਬੇ, ਗੂੜ੍ਹੇ ਹਰੇ ਰੰਗ ਦੇ ਅਤੇ ਪੰਜ ਨੁਕਰਾਂ ਵਾਲੇ ਹੁੰਦੇ ਹਨ। ਇਹ ਕਿਸਮ ਪੀਲੀਏ ਰੋਗ ਨੂੰ ਸਹਿਣ ਦੇ ਸਮਰੱਥ ਹੈ। ਇਹ ਕਿਸਮ ਫਲ-ਛੇਦਕ ਸੁੰਡੀ ਦੇ ਹਮਲੇ ਨੂੰ ਕੁਝ ਹੱਦ ਤੱਕ ਸਹਾਰ ਸਕਦੀ ਹੈ। ਔਸਤ ਝਾੜ 55 ਕੁਇੰਟਲ ਹੈ।

**ਪੰਜਾਬ ਪਦਮਨੀ** : ਇਸ ਦੇ ਫਲ ਤੇਜ਼ੀ ਨਾਲ ਵਧਦੇ ਹਨ। ਫਲ ਗੂੜ੍ਹੇ ਹਰੇ, ਪਤਲੇ, ਲੰਬੇ ਅਤੇ ਪੰਜ ਧਾਰੀਆਂ ਵਾਲੇ ਹੁੰਦੇ ਹਨ, ਜੋ ਕਾਫੀ ਦੇਰ ਤਕ ਨਰਮ ਰਹਿੰਦੇ ਹਨ। ਇਸ ਕਿਸਮ ਨੂੰ ਪੀਲੀਏ ਦੀ ਬਿਮਾਰੀ ਘੱਟ ਲੱਗਦੀ ਹੈ। ਔਸਤ ਝਾੜ 45 ਕੁਇੰਟਲ ਪ੍ਰਤੀ ਏਕੜ ਹੈ।

**ਪੰਜਾਬ-7** : ਇਸ ਕਿਸਮ ਦੇ ਬੂਟੇ ਦਰਮਿਆਨੇ ਉੱਚੇ ਅਤੇ ਤਣੇ 'ਤੇ ਜਾਮਨੀ ਰੰਗ ਦੇ ਡੱਬ ਹੁੰਦੇ ਹਨ। ਪੱਤਿਆਂ, ਤਣੇ ਅਤੇ ਡੰਡੀ ਉੱਪਰ ਲੂੰ ਹੁੰਦੇ ਹਨ। ਇਸ ਕਿਸਮ ਦੇ ਫਲ ਦਰਮਿਆਨੇ ਲੰਬੇ, ਹਰੇ, ਨਰਮ ਤੇ ਪੰਜ ਧਾਰੀਆਂ ਵਾਲੇ ਹੁੰਦੇ ਹਨ। ਫਲ ਦੀ ਨੋਕ ਖੁੰਢੀ ਹੁੰਦੀ ਹੈ। ਇਹ ਕਿਸਮ ਵੀ ਪੀਲੀਏ ਨੂੰ ਸਹਿਣ ਦੇ ਸਮਰੱਥ ਹੈ। ਔਸਤ ਝਾੜ 45 ਕੁਇੰਟਲ ਹੈ।

### ਬਿਜਾਈ ਦਾ ਸਮਾਂ

ਉੱਤਰੀ ਭਾਰਤ ਦੇ ਮੈਦਾਨੀ ਇਲਾਕਿਆਂ ਵਿਚ ਬਹਾਰ ਰੁੱਤ 'ਚ ਭਿੰਡੀ ਦੀ ਬਿਜਾਈ ਮਾਰਚ ਮਹੀਨੇ ਦੇ ਅਖ਼ੀਰ ਤਕ ਵੱਟਾਂ ਉੱਪਰ ਕੀਤੀ ਜਾ ਸਕਦੀ ਹੈ। ਇਕ ਏਕੜ ਵਾਸਤੇ 8 ਤੋਂ 10 ਕਿੱਲੋ ਬੀਜ ਕਾਫੀ ਹੈ। ਕਤਾਰ ਤੋਂ ਕਤਾਰ ਦਾ ਫ਼ਾਸਲਾ 45 ਸੈਂਟੀਮੀਟਰ ਤੇ ਬੂਟਿਆਂ ਵਿਚਕਾਰ ਫ਼ਾਸਲਾ 15 ਸੈਂਟੀਮੀਟਰ ਹੋਣਾ ਚਾਹੀਦਾ ਹੈ। ਬਿਜਾਈ ਤੋਂ ਪਹਿਲਾਂ ਬੀਜ ਨੂੰ 24 ਘੰਟੇ ਲਈ ਪਾਣੀ 'ਚ ਭਿਉਂ ਲਿਆ ਜਾਵੇ ਤਾਂ ਬੀਜ ਅਗੇਤਾ ਤੇ ਇਕ-ਸਾਰ ਉੱਗਦਾ ਹੈ।

## ਨਦੀਨਾਂ ਦੀ ਰੋਕਥਾਮ

ਨਦੀਨਾਂ ਦੀ ਰੋਕਥਾਮ ਲਈ 3 ਤੋਂ 4 ਗੋਡੀਆਂ ਜ਼ਰੂਰੀ ਹਨ। ਪਹਿਲੀ ਗੋਡੀ ਬੀਜ ਉੱਗਣ ਤੋਂ 2 ਹਫ਼ਤੇ ਬਾਅਦ ਕਰੋ। ਇਸ ਪਿੱਛੋਂ ਪੰਦਰਾਂ-ਪੰਦਰਾਂ ਦਿਨ ਬਾਅਦ ਗੋਡੀ ਕਰਦੇ ਰਹੋ। ਨਦੀਨਾਂ ਦੀ ਰੋਕਥਾਮ ਵਾਸਤੇ ਦਵਾਈਆਂ ਦੀ ਵਰਤੋਂ ਵੀ ਕੀਤੀ ਜਾ ਸਕਦੀ ਹੈ। ਫ਼ਸਲ ਬੀਜਣ ਤੋਂ 4 ਦਿਨ ਪਹਿਲਾਂ ਇਕ ਲਿਟਰ ਬਾਸਾਲਿਨ 45 ਈਸੀ ਦਾ ਪ੍ਰਤੀ ਏਕੜ ਛਿੜਕਾਅ ਕਰੋ ਤੇ ਇਸ ਪਿੱਛੋਂ ਖੇਤ ਵਿਚ ਹੈਰੋ ਜ਼ਰੂਰ ਫੇਰੋ। ਜੇ ਉਕਤ ਦਵਾਈ ਨਾ ਮਿਲੇ ਤਾਂ 2 ਲਿਟਰ ਲਾਸੋ ਪ੍ਰਤੀ ਏਕੜ ਦੇ ਹਿਸਾਬ ਨਾਲ ਬਿਜਾਈ ਤੋਂ ਇਕ ਦਿਨ ਬਾਅਦ ਛਿੜਕੋ। ਦਵਾਈ ਨੂੰ 200-225 ਲਿਟਰ ਪਾਣੀ ਵਿਚ ਘੋਲ ਕੇ ਇਕਸਾਰ ਸਪਰੇਅ ਕਰੋ। ਜੇ ਇਸ ਪਿੱਛੋਂ ਵੀ ਖੇਤ 'ਚ ਕਾਫੀ ਨਦੀਨ ਹੋਣ ਤਾਂ ਬਿਜਾਈ ਤੋਂ 60 ਦਿਨ ਬਾਅਦ ਇਕ ਗੋਡੀ ਕਰੋ। ਸਟੌਂਪ 30 ਈਸੀ ਇਕ ਲਿਟਰ ਪ੍ਰਤੀ ਏਕੜ ਜਾਂ 750 ਮਿਲੀਲਿਟਰ ਪ੍ਰਤੀ ਏਕੜ (ਬਿਜਾਈ ਤੋਂ ਇਕ ਦਿਨ ਪਿੱਛੋਂ)+ਇਕ ਗੋਡੀ ਨਦੀਨਾਂ ਦੀ ਰੋਕਥਾਮ ਕਰਨ ਲਈ ਕਾਰਗਰ ਹੈ। ਇਸ ਤੋਂ ਇਲਾਵਾ ਲਾਸੋ 50 ਈਸੀ 2 ਲਿਟਰ ਪ੍ਰਤੀ ਏਕੜ ਬਿਜਾਈ ਤੋਂ ਇਕ ਦਿਨ ਬਾਅਦ ਵਰਤੀ ਜਾ ਸਕਦੀ ਹੈ।

### ਸਿੰਚਾਈ

ਬਿਜਾਈ ਠੀਕ ਵੱਤਰ ਵਾਲੀ ਜ਼ਮੀਨ 'ਚ ਕਰੋ। ਗਰਮੀਆਂ 'ਚ ਪਹਿਲਾ ਪਾਣੀ 4-5 ਦਿਨ ਬਾਅਦ ਤੇ ਫਿਰ 6-7 ਦਿਨ ਦੇ ਵਕਫੇ 'ਤੇ ਲਾਓ। ਫ਼ਸਲ ਨੂੰ ਕੁੱਲ 10 ਤੋਂ 12 ਪਾਣੀਆਂ ਦੀ ਲੋੜ ਪੈਂਦੀ ਹੈ।

## ਖਾਦਾਂ

ਬਿਜਾਈ ਤੋਂ ਪਹਿਲਾ ਜ਼ਮੀਨ ਦੀ ਮਿੱਟੀ ਪਰਖ ਕਰਵਾ ਲੈਣੀ ਚਾਹੀਦੀ ਹੈ। ਖੇਤ ਦੀ ਤਿਆਰੀ ਵੇਲੇ 15-20 ਟਨ ਰੂੜੀ ਖੇਤ ਵਿਚ ਪਾਓ। ਭਰਪੂਰ ਫ਼ਸਲ ਲਈ 36 ਕਿੱਲੋ ਨਾਈਟ੍ਰੋਜਨ (80 ਕਿੱਲੋ ਯੂਰੀਆ) ਪ੍ਰਤੀ ਏਕੜ ਆਮ ਜ਼ਮੀਨਾਂ ਵਾਸਤੇ ਸਿਫਾਰਿਸ਼ ਕੀਤੀ ਜਾਂਦੀ ਹੈ। ਅੱਧੀ ਨਾਈਟ੍ਰੋਜਨ ਬਿਜਾਈ ਵੇਲੇ ਤੇ ਅੱਧੀ ਪਹਿਲੀ ਤੁੜਾਈ ਤੋਂ ਬਾਅਦ ਪਾਓ।

## ਤੁੜਾਈ

ਕਿਸਮ ਅਤੇ ਮੌਸਮ ਮੁਤਾਬਕ ਭਿੰਡੀ ਦੀ ਫ਼ਸਲ 45 ਤੋਂ 50 ਦਿਨਾਂ ਵਿਚ ਤੋੜਨ ਲਈ ਤਿਆਰ ਹੋ ਜਾਂਦੀ ਹੈ। ਛੋਟੀ ਤੇ ਨਰਮ ਭਿੰਡੀ ਵੱਡੀ ਭਿੰਡੀ ਦੇ ਮੁਕਾਬਲੇ ਜ਼ਿਆਦਾ ਮਹਿੰਗੀ ਵਿਕਦੀ ਹੈ। ਜਦੋਂ ਭਿੰਡੀ ਕਰੀਬ ਦਸ ਸੈਂਟੀਮੀਟਰ ਲੰਬੀ ਹੋਵੇ ਤਾਂ ਤੋੜ ਲੈਣੀ ਚਾਹੀਦੀ ਹੈ। ਆਮ ਤੌਰ 'ਤੇ 10 ਤੋਂ 12 ਤੁੜਾਈਆਂ ਕੀਤੀਆਂ ਜਾ ਸਕਦੀਆਂ ਹਨ। •

*ਮਿੱਤਰ ਕੀੜਿਆਂ ਦੁਆਰਾ ਹਾਨੀਕਾਰਕ ਕੀੜਿਆਂ ਦੇ ਮਾੜੇ ਅਸਰ ਨੂੰ ਘਟਾਇਆ ਜਾ ਸਕਦਾ ਹੈ। ਮਿੱਤਰ ਕੀੜੇ ਫ਼ਸਲਾਂ ਦੇ ਹਾਨੀਕਾਰਕ ਕੀੜਿਆਂ ਨੂੰ ਨਸ਼ਟ ਕਰਨ ਤੇ ਕੁਦਰਤ 'ਚ ਸਮਤੋਲ ਬਣਾਈ ਰੱਖਣ 'ਚ ਮਦਦ ਕਰਦੇ ਹਨ...*

# ਦੁਸ਼ਮਣ ਕੀੜਿਆਂ ਦੇ ਦੁਸ਼ਮਣ ਪਰਭਕਸ਼ੀ ਕੀੜੇ



• ਰਾਬਿੰਦਰ ਕੌਰ, ਪੀਐੱਸ ਸ਼ੇਰਾ
98888-83969

ਪੰਜਾਬ ਵਿਚ ਕਣਕ, ਸਿਆਲੂ ਮੱਕੀ, ਬਹਾਰ ਰੁੱਤ ਦੀ ਮੱਕੀ, ਸਰ੍ਹੋਂ, ਸੂਰਜਮੁਖੀ, ਅਲਸੀ, ਛੋਲੇ ਆਦਿ ਹਾੜ੍ਹੀ ਦੀਆਂ ਮੁੱਖ ਫ਼ਸਲਾਂ ਹਨ। ਇਨ੍ਹਾਂ ਫ਼ਸਲਾਂ 'ਤੇ ਕਈ ਦੁਸ਼ਮਣ ਕੀੜਿਆਂ ਦਾ ਹਮਲਾ ਹੁੰਦਾ ਹੈ, ਜਿਨ੍ਹਾਂ ਵਿੱਚੋਂ ਚਿਤਕਬਰੀ ਭੂੰਡੀ, ਸਲੇਟੀ ਸੁੰਡੀ, ਰਾਇਆ ਦਾ ਚੇਪਾ, ਕੁਤਰਾ, ਬੰਦ ਗੋਭੀ ਦੀ ਸੁੰਡੀ, ਪੱਤੇ ਦਾ ਸੁਰੰਗੀ ਕੀੜਾ, ਹਰਾ ਤੇ ਕਾਲਾ ਚੇਪਾ, ਅਮਰੀਕਨ ਸੁੰਡੀ, ਤੰਬਾਕੂ ਸੁੰਡੀ ਆਦਿ ਮੁੱਖ ਹਾਨੀਕਾਰਕ ਕੀੜੇ ਹਨ। ਇਨ੍ਹਾਂ ਕੀੜਿਆਂ ਦੇ ਹੱਲੇ ਕਾਰਨ ਫ਼ਸਲ ਦੇ ਝਾੜ 'ਤੇ ਮਾੜਾ ਅਸਰ ਪੈਂਦਾ ਹੈ। ਜੈਵਿਕ ਰੋਕਥਾਮ ਅਜਿਹਾ ਢੰਗ ਹੈ ਜਿਸ ਨਾਲ ਹਾਨੀਕਾਰਕ ਕੀੜਿਆਂ ਦੀ ਮਿੱਤਰ ਕੀੜਿਆਂ ਰਾਹੀਂ ਰੋਕਥਾਮ ਕੀਤੀ ਜਾਂਦੀ ਹੈ। ਮਿੱਤਰ ਕੀੜਿਆਂ ਦੁਆਰਾ ਹਾਨੀਕਾਰਕ ਕੀੜਿਆਂ ਦੇ ਮਾੜੇ ਅਸਰ ਨੂੰ ਘਟਾਇਆ ਜਾ ਸਕਦਾ ਹੈ।

ਮਿੱਤਰ ਕੀੜੇ ਫ਼ਸਲਾਂ ਦੇ ਹਾਨੀਕਾਰਕ ਕੀੜਿਆਂ ਨੂੰ ਨਸ਼ਟ ਕਰਨ ਤੇ ਕੁਦਰਤ 'ਚ ਸੰਤੁਲਨ ਬਣਾਉਣ 'ਚ ਮਦਦ ਕਰਦੇ ਹਨ ਪਰ ਸਾਡੀਆਂ ਕਈ ਗਤੀਵਿਧੀਆਂ, ਜਿਵੇਂ ਕੀਟਨਾਸ਼ਕਾਂ ਦੀ ਅੰਨ੍ਹੇਵਾਹ ਵਰਤੋਂ ਇਸ ਸੰਤੁਲਨ ਨੂੰ ਵਿਗਾੜ ਦਿੰਦੀ ਹੈ। ਕੀਟਨਾਸ਼ਕਾਂ ਦੇ ਵਾਤਾਵਰਨ ਉੱਪਰੇ ਮਾੜੇ ਅਸਰ ਨੂੰ ਧਿਆਨ 'ਚ ਰੱਖਦੇ ਹੋਏ ਮਿੱਤਰ ਕੀੜਿਆਂ ਦੀ ਮਹੱਤਤਾ ਤੇ ਉਨ੍ਹਾਂ ਦੀ ਪਛਾਣ ਹੋਣੀ ਬਹੁਤ ਜ਼ਰੂਰੀ ਹੈ।

## ਪਰਭਕਸ਼ੀ ਕੀੜੇ

ਮਿੱਤਰ ਕੀੜੇ ਦੁਸ਼ਮਣ ਕੀੜੇ 'ਤੇ ਹਮਲਾ ਕਰ ਕੇ ਉਨ੍ਹਾਂ ਨੂੰ ਮਾਰ ਦਿੰਦੇ ਹਨ ਤੇ ਖਾ ਜਾਂਦੇ ਹਨ।

**ਗਰੀਨ ਲੇਸ ਵਿੰਗ** : ਇਹ ਚੇਪੇ, ਤੇਲੇ ਤੇ ਹੋਰ ਨਰਮ ਕੀੜਿਆਂ ਨੂੰ ਖਾਣ ਵਾਲਾ ਪਰਭਕਸ਼ੀ ਕੀੜਾ ਹੈ। ਇਸ ਦੇ ਬਾਲਗ ਨਰਮ, ਪਤਲੇ ਤੇ ਹਰੇ ਹੁੰਦੇ ਹਨ। ਇਨ੍ਹਾਂ ਦੇ ਖੰਭ ਪਾਰਦਰਸ਼ੀ, ਚਮਕੀਲੇ, ਪਤਲੇ ਤੇ ਨਾੜੀਦਾਰ ਹੁੰਦੇ ਹਨ। ਇਹ ਆਪਣੇ ਹਲਕੇ ਪੀਲੇ ਜਾਂ ਹਰੇ ਰੰਗ ਦੇ ਆਂਡੇ ਪੱਤਿਆਂ ਉੱਤੇ ਲੰਬੀਆਂ ਡੰਡੀਆਂ ਦੇ ਸਿਰਿਆਂ 'ਤੇ ਦਿੰਦੇ ਹਨ। ਇਸ ਦਾ ਲਾਰਵਾ ਕਿਸ਼ਤੀ ਵਰਗਾ, ਹਰਾ ਜਾਂ ਪੀਲਾ ਹੁੰਦਾ ਹੈ, ਜਿਸ ਉੱਪਰ ਗੂੜ੍ਹੇ ਭੂਰੇ ਰੰਗ ਦੇ ਦਾਗ਼ ਹੁੰਦੇ ਹਨ। ਇਸ ਦੇ ਧੜ ਤੇ ਪੇਟ ਉੱਪਰ ਵਾਲ ਹੁੰਦੇ ਹਨ। ਲਾਰਵੇ ਦੁਸ਼ਮਣ ਕੀੜਿਆਂ ਨੂੰ ਖਾ ਕੇ ਉਨ੍ਹਾਂ ਨੂੰ ਖ਼ਤਮ ਕਰ ਦਿੰਦੇ ਹਨ।

**ਲੇਡੀ ਬਰਡ ਭੂੰਡੀਆਂ** : ਇਹ ਭੂੰਡੀਆਂ ਤੇ ਇਨ੍ਹਾਂ ਦੀਆਂ ਸੁੰਡੀਆਂ ਕਣਕ ਤੇ ਸਰ੍ਹੋਂ ਉੱਤੇ ਚੇਪੇ ਨੂੰ ਖਾਂਦੀਆਂ ਹਨ। ਇਹ ਭੂੰਡੀਆਂ ਗੋਲ ਜਾਂ ਲੰਬੂਤਰੇ ਆਕਾਰ ਦੀਆਂ ਹੁੰਦੀਆਂ ਹਨ। ਬਾਲਗ ਭੂੰਡੀਆਂ ਦੇ ਖੰਭ ਚਮਕਦਾਰ, ਲਾਲ, ਪੀਲੇ ਜਾਂ ਸੰਤਰੀ ਹੁੰਦੇ ਹਨ। ਇਨ੍ਹਾਂ ਦੀਆਂ ਸੁੰਡੀਆਂ ਲੰਬੀਆਂ ਤੇ ਚਪਟੀਆਂ ਹੁੰਦੀਆਂ ਹਨ ਜਿਨ੍ਹਾਂ ਉੱਤੇ ਛੋਟੇ-ਛੋਟੇ ਕੰਡੇ ਹੁੰਦੇ ਹਨ। ਇਨ੍ਹਾਂ ਦੀਆਂ ਕਈ ਪ੍ਰਜਾਤੀਆਂ ਵੱਖ-ਵੱਖ ਅਕਾਰਾਂ ਤੇ ਰੰਗਾਂ ਦੀਆਂ ਹੁੰਦੀਆਂ ਹਨ।

**ਸੱਤ-ਟਿਮਕਣਿਆਂ ਵਾਲੀ ਭੂੰਡੀ** : ਇਹ ਭੂੰਡੀਆਂ ਮਟਰ ਦੇ ਅੱਧੇ ਬੀਜ ਵਰਗੀਆਂ, ਪੀਲੇ-ਭੂਰੇ ਤੋਂ ਲਾਲ ਰੰਗ ਦੀਆਂ ਹੁੰਦੀਆਂ ਹਨ, ਜਿਨ੍ਹਾਂ ਦੇ ਉੱਪਰਲੇ ਦੋਵੇਂ ਖੰਭ ਸਖ਼ਤ ਤੇ ਉਨ੍ਹਾਂ ਉੱਪਰ ਸੱਤ ਕਾਲੇ ਟਿਮਕਣੇ ਹੁੰਦੇ ਹਨ। ਮਾਦਾ ਭੂੰਡੀ ਪੱਤਿਆਂ ਦੇ ਹੇਠ ਲੰਬੂਤਰੇ ਤੇ ਪੀਲੇ ਰੰਗ ਦੇ ਆਂਡੇ ਦਿੰਦੀ ਹੈ। ਆਂਡਿਆਂ ਵਿੱਚੋਂ ਕਾਲੇ ਰੰਗ ਦੇ ਲੰਬੇ, ਅੱਗੋਂ ਤੇ ਪਿੱਛੋਂ ਪਤਲੇ ਤੇ ਵਿਚਕਾਰੋਂ ਮੋਟੇ ਲਾਰਵੇ ਨਿਕਲਦੇ ਹਨ, ਜਿਨ੍ਹਾਂ ਦੀਆਂ ਤਿੰਨ ਜੋੜੇ ਲੱਤਾਂ ਹੁੰਦੀਆਂ ਹਨ।

**ਤਿੰਨ ਧਾਰੀ ਭੂੰਡੀ** : ਬਾਲਗ ਭੂੰਡੀਆਂ ਦਾ ਸਿਰ ਪੀਲਾ ਹੁੰਦਾ ਹੈ। ਇਸ ਦੇ ਉੱਪਰਲੇ ਖੰਭ ਹਲਕੇ ਪੀਲੇ ਤੇ ਉਨ੍ਹਾਂ 'ਤੇ ਤਿੰਨ ਲੰਬੀਆਂ ਕਾਲੀਆਂ ਧਾਰੀਆਂ ਹੁੰਦੀਆਂ ਹਨ। ਇਸ ਦੀਆਂ ਸੁੰਡੀਆਂ ਸਲੇਟੀ ਰੰਗ ਦੀਆਂ ਹੁੰਦੀਆਂ ਹਨ ਤੇ ਇਨ੍ਹਾਂ ਦੇ ਸਰੀਰ ਦੇ ਦੋਵੇਂ ਪਾਸੇ ਕੰਡੇ ਹੁੰਦੇ ਹਨ।

**ਵਿੰਗੀਆਂ ਧਾਰੀਆਂ ਵਾਲੀ ਭੂੰਡੀ** : ਇਸ ਪ੍ਰਜਾਤੀ ਦੀਆਂ ਬਾਲਗ ਭੂੰਡੀਆਂ ਗੋਲਾਕਾਰ ਹੁੰਦੀਆਂ ਹਨ। ਇਨ੍ਹਾਂ ਦਾ ਸਿਰ ਪੀਲਾ ਹੁੰਦਾ ਹੈ ਤੇ ਉੱਪਰਲੇ ਖੰਭ ਸੰਤਰੀ, ਹਲਕੇ ਲਾਲ, ਪੀਲੇ ਜਾਂ ਗੁਲਾਬੀ ਹੁੰਦੇ ਹਨ। ਖੰਭਾਂ ਉੱਪਰ ਕਾਲੇ ਰੰਗ ਦੀਆਂ ਵਿੰਗੀਆਂ-ਟੇਢੀਆਂ ਧਾਰੀਆਂ ਤੇ ਦੋ ਟਿਮਕਣੇ ਹੁੰਦੇ ਹਨ। ਇਨ੍ਹਾਂ ਦੇ ਕੋਏ ਪੀਲੇ ਰੰਗ ਦੇ ਹੁੰਦੇ ਹਨ, ਜਿਨ੍ਹਾਂ ਉੱਪਰ ਕਾਲੇ ਚਟਾਖ ਹੁੰਦੇ ਹਨ।

**ਪੀਲੀਆਂ ਧਾਰੀਆਂ ਵਾਲੀ ਸਿਰਫਿਡ ਮੱਖੀ** : ਇਸ ਦਾ ਬਾਲਗ ਸ਼ਹਿਦ ਦੀ ਮੱਖੀ ਵਰਗਾ ਹੁੰਦਾ ਹੈ ਪਰ ਇਸ ਦੇ ਸਿਰਫ ਦੋ ਖੰਭ ਹੁੰਦੇ ਹਨ। ਸਰੀਰ 'ਤੇ ਪੀਲੀਆਂ, ਕਾਲੀਆਂ ਜਾਂ ਚਿੱਟੀਆਂ ਧਾਰੀਆਂ ਹੁੰਦੀਆਂ ਹਨ। ਬਾਲਗ ਬੂਟਿਆਂ ਦੇ ਪਰਾਗ-ਕਣ, ਫੁੱਲਾਂ ਦਾ ਰਸ ਤੇ ਚੇਪਿਆਂ ਰਾਹੀਂ ਛੱਡੀਆਂ ਸ਼ਹਿਦ-ਬੂੰਦਾਂ ਖਾਂਦੇ ਹਨ। ਇਸ ਮੱਖੀ ਨੂੰ ਚੇਪੇ ਦੇ ਝੁੰਡਾਂ ਉੱਪਰ ਉਡਾਰੀ ਲਾਉਂਦੇ ਦੇਖਿਆ ਜਾ ਸਕਦਾ ਹੈ। ਇਸ ਦੀਆਂ ਬਿਨਾਂ ਲੱਤਾਂ ਵਾਲੀਆਂ ਸੁੰਡੀਆਂ ਇਕ ਸਿਰੇ ਤੋਂ ਮੋਟੀਆਂ ਤੇ ਦੂਜੇ ਸਿਰੇ ਤੋਂ ਪਤਲੀਆਂ ਹੁੰਦੀਆਂ ਹਨ। ਇਹ ਸੁੰਡੀਆਂ ਚਮਕਦਾਰ ਹਰੇ ਜਾਂ ਪੀਲੇ ਰੰਗ ਦੀਆਂ ਹੁੰਦੀਆਂ ਹਨ ਜਿਨਾਂ ਉੱਪਰ ਲੰਬੂਤਰੀ ਧਾਰੀ ਹੁੰਦੀ ਹੈ। ਇਹ ਸੁੰਡੀਆਂ ਕਣਕ ਤੇ ਸਰ੍ਹੋਂ ਦੇ ਚੇਪੇ ਨੂੰ ਖਾਂਦੀਆਂ ਹਨ।

**ਛੋਟੀ ਪਾਈਰੇਟ ਬੱਗ** : ਇਹ ਚੇਪੇ ਨੂੰ ਖਾਣ ਵਾਲਾ ਪਰਭਖਸ਼ੀ ਕੀੜਾ ਹੈ। ਇਸ ਦੇ ਬਾਲਗ ਬਹੁਤ ਛੋਟੇ 1/12 ਤੋਂ 1/5 ਇੰਚ ਲੰਬੇ, ਗੋਲ ਆਕਾਰ ਤੇ ਕਾਲੇ ਜਾਂ ਬੈਂਗਣੀ ਰੰਗ ਦੇ ਹੁੰਦੇ ਹਨ। ਇਨ੍ਹਾਂ ਦੇ ਸਰੀਰ 'ਤੇ ਚਿੱਟੀਆਂ ਧਾਰੀਆਂ ਹੁੰਦੀਆਂ ਹਨ ਤੇ ਸਿਰ ਤਿਕੋਣਾ ਹੁੰਦਾ ਹੈ। ਇਸ ਦੇ ਬਾਲਗ ਅਤੇ ਨਿੰਫ (ਬੱਚੇ) ਆਪਣੀ ਚੁੰਝ ਵਰਗੇ ਮੂੰਹ ਨਾਲ ਦੁਸ਼ਮਣ ਕੀੜੇ ਦੇ ਸਰੀਰ ਦਾ ਰਸ ਚੂਸ ਕੇ ਉਨ੍ਹਾਂ ਨੂੰ ਖ਼ਤਮ ਕਰ ਦਿੰਦੇ ਹਨ। ਨਿੰਫ ਛੋਟੇ ਆਕਾਰ ਦੇ, ਬਿਨਾਂ ਖੰਭਾਂ ਤੇ ਭਿੰਨ-ਭਿੰਨ ਰੰਗਾਂ (ਪੀਲੇ, ਸੰਤਰੀ ਜਾਂ ਭੂਰੇ) ਦੇ ਹੁੰਦੇ ਹਨ ਤੇ ਇਹ ਬਹੁਤ ਤੇਜ਼ ਭੱਜਦੇ ਹਨ। ਜਦੋਂ ਇਹ ਭੁੱਖੇ ਹੁੰਦੇ ਹਨ ਅਤੇ ਸ਼ਿਕਾਰ ਨਹੀਂ ਮਿਲਦਾ ਤਾਂ ਇਹ ਬੂਟਿਆਂ ਦੇ ਪਰਾਗ-ਕਣ ਖਾਂਦੇ ਹਨ ਜਾਂ ਫੁੱਲਾਂ ਦਾ ਰਸ ਪੀਂਦੇ ਹਨ। ਇਸ ਕਰਕੇ ਕਿਸਾਨ ਇਨ੍ਹਾਂ ਨੂੰ ਹਾਨੀਕਾਰਕ ਸਮਝ ਕੇ ਕੀਟਨਾਸ਼ਕਾਂ ਨਾਲ ਖਤਮ ਕਰ ਦਿੰਦੇ ਹਨ।

**ਵੱਡੀਆਂ ਅੱਖਾਂ ਵਾਲੀ ਬੱਗ** : ਇਹ ਸੁੰਡੀਆਂ ਅਤੇ ਚੇਪੇ ਨੂੰ ਖਾਣ ਵਾਲਾ ਪਰਭਖਸ਼ੀ ਕੀੜਾ ਹੈ। ਬਾਲਗ ਛੋਟੇ, ਲੰਬੂਤਰੇ-ਗੋਲਾਕਾਰ, ਸਲੇਟੀ, ਭੂਰੇ ਜਾਂ ਪੀਲੇ ਰੰਗ ਦੇ ਹੁੰਦੇ ਹਨ। ਇਨ੍ਹਾਂ ਦੇ ਸਿਰ ਚੌੜੇ ਹੁੰਦੇ ਹਨ ਜਿਨ੍ਹਾਂ 'ਤੇ ਵੱਡੀਆਂ-ਮੋਟੀਆਂ ਅੱਖਾਂ ਹੁੰਦੀਆਂ ਹਨ। ਨਿੰਫ (ਬੱਚੇ) ਬਾਲਗਾਂ ਵਰਗੇ ਹੁੰਦੇ ਹਨ ਪਰ ਇਹ ਆਕਾਰ ਵਿਚ ਛੋਟੇ ਅਤੇ ਬਿਨਾਂ ਖੰਭਾਂ ਤੋਂ ਹੁੰਦੇ ਹਨ।







## ਮਿੱਤਰ ਕੀੜਿਆਂ ਦੀ ਸੰਭਾਲ

ਵਾਤਾਵਰਨ ਤੇ ਮਨੁੱਖੀ ਗਤੀਵਿਧੀਆਂ 'ਚ ਤਬਦੀਲੀ ਕਰ ਕੇ ਮਿੱਤਰ ਕੀੜਿਆਂ ਦੀ ਸੰਭਾਲ ਕੀਤੀ ਜਾ ਸਕਦੀ ਹੈ ਮਿੱਤਰ ਜੀਵਾਂ ਨੂੰ ਬਚਾਉਣ ਲਈ ਕੀਟਨਾਸ਼ਕਾਂ ਦੀ ਵਰਤੋਂ ਘੱਟ ਕਰੋ।

- ਹਾਨੀਕਾਰਕ ਕੀੜਿਆਂ ਤੇ ਉਨ੍ਹਾਂ ਵੱਲੋਂ ਕੀਤੇ ਜਾ ਸਕਣ ਵਾਲੇ ਨੁਕਸਾਨ ਤੇ ਮਿੱਤਰ ਕੀੜਿਆਂ ਦੀ ਸਹੀ ਪਛਾਣ ਹੋਣੀ ਬਹੁਤ ਜ਼ਰੂਰੀ ਹੈ। ਕਈ ਵਾਰ ਕਿਸਾਨ ਕਣਕ ਤੇ ਸਰ੍ਹੋਂ ਦੀ ਫ਼ਸਲ 'ਤੇ ਲੇਡੀ ਬਰਡ ਭੂੰਡੀਆਂ, ਗਰੀਨ ਲੇਸ ਵਿੰਗ ਤੇ ਸਿਰਫਿਡ ਮੱਖੀ ਦੀਆਂ ਗਰੱਬਾਂ ਜਾਂ ਸੁੰਡੀਆਂ ਨੂੰ ਦੁਸ਼ਮਣ ਕੀੜੇ ਸਮਝ ਕੇ ਕੀਟਨਾਸ਼ਕਾਂ ਦਾ ਛਿੜਕਾਅ ਕਰ ਦਿੰਦੇ ਹਨ ਜਦਕਿ ਇਹ ਮਿੱਤਰ ਕੀੜੇ ਫ਼ਸਲ ਨੂੰ ਕੋਈ ਨੁਕਸਾਨ ਨਹੀ ਪੰਹੁਚਾਉਂਦੇ ਅਤੇ ਚੇਪਿਆਂ ਨੂੰ ਖਾਂਦੇ ਹਨ।
- ਜੇ ਕੀਟਨਾਸ਼ਕ ਦਾ ਛਿੜਕਾਅ ਕਰਨਾ ਹੀ ਪਵੇ ਤਾਂ ਇਸ ਦੀ ਵਰਤੋਂ ਚੋਣਵੇਂ ਢੰਗ ਨਾਲ ਕਰੋ। ਕੀਟਨਾਸ਼ਕ ਦੀ ਵਰਤੋਂ ਹਮਲੇ ਹੇਠ ਆਏ ਬੂਟਿਆਂ ਜਾਂ ਖੇਤ ਦੇ ਉਨ੍ਹਾਂ ਹਿੱਸਿਆਂ 'ਤੇ ਹੀ ਕਰੋ ਜਿੱਥੇ ਹਾਨੀਕਾਰਕ ਕੀੜਿਆਂ ਨੇ ਨੁਕਸਾਨ ਕੀਤਾ ਹੋਵੇ। ਕੋਸ਼ਿਸ਼ ਕਰੋ ਕਿ ਹਰੇ ਤਿਕੋਣ ਵਾਲੀਆਂ ਜ਼ਹਿਰਾਂ ਦੀ ਹੀ ਵਰਤੋਂ ਕਰੋ।
- ਹਾਨੀਕਾਰਕ ਕੀੜਿਆਂ ਨੂੰ ਖਾਣ ਵਾਲੇ ਪੰਛੀਆਂ ਲਈ ਖੇਤਾਂ ਵਿਚ ਆਲ੍ਹਣੇ ਬਣਾਓ।
- ਮਿੱਤਰ ਕੀੜਿਆਂ ਦੀ ਗਿਣਤੀ ਵਧਾਉਣ ਲਈ ਖੇਤਾਂ ਦੇ ਆਸ ਪਾਸ ਤਰ੍ਹਾਂ-ਤਰ੍ਹਾਂ ਦੇ ਬੂਟੇ ਤੇ ਰੱਖ ਲਗਾਓ ਕਿਉਂਕਿ ਮਿੱਤਰ ਕੀੜੇ ਆਪਣੇ ਜੀਵਨ ਚੱਕਰ ਦਾ ਕੁਝ ਹਿੱਸਾ ਇਨ੍ਹਾਂ ਬੂਟਿਆਂ 'ਤੇ ਪੂਰਾ ਕਰਦੇ ਹਨ। •

# ਕਣਕ ਦੀ ਸੁਚੱਜੀ ਸਾਂਭ-ਸੰਭਾਲ

*ਕਣਕ ਦੀ ਕਟਾਈ ਸਮੇਂ ਹੋਣ ਵਾਲੇ ਨੁਕਸਾਨ ਨੂੰ ਕੰਬਾਈਨ ਚਲਾਉਣ ਬਾਰੇ ਤਕਨੀਕੀ ਜਾਣਕਾਰੀ ਰਾਹੀਂ ਜਿੱਥੇ ਘੱਟ ਕੀਤਾ ਜਾ ਸਕਦਾ ਹੈ, ਉੱਥੇ ਅੱਗ ਲੱਗਣ ਨਾਲ ਹੋਣ ਵਾਲੇ ਨੁਕਸਾਨ ਤੋਂ ਬਚਾਅ ਲਈ ਚੌਕਸੀ ਵੀ ਜ਼ਰੂਰੀ ਹੈ...*



• ਮਹੇਸ਼ ਕੁਮਾਰ ਨਾਰੰਗ, ਬਲਦੇਵ ਡੋਗਰਾ

ਪੰਜਾਬ ਦੀ ਖੇਤੀ 'ਚ ਕੰਬਾਈਨਾਂ ਦਾ ਵੱਡਾ ਯੋਗਦਾਨ ਹੈ। ਪੰਜਾਬ 'ਚ 75 ਫ਼ੀਸਦੀ ਕਣਕ ਦੀ ਕਟਾਈ ਕੰਬਾਈਨ ਨਾਲ ਕੀਤੀ ਜਾਂਦੀ ਹੈ, ਜਦਕਿ ਬਾਕੀ ਫ਼ਸਲ ਰੀਪਰ ਨਾਲ ਜਾਂ ਹੱਥੀਂ ਕੱਟੀ ਜਾਂਦੀ ਹੈ। ਇਸ ਉਪਰੰਤ ਥਰੈਸ਼ਰ ਨਾਲ ਗਹਾਈ ਕੀਤੀ ਜਾਂਦੀ ਹੈ। ਆਮ ਤੌਰ 'ਤੇ ਕੰਬਾਈਨ ਨਾਲ ਕਟਾਈ ਕਿਰਾਏ 'ਤੇ ਕਰਵਾਈ ਜਾਂਦੀ ਹੈ। ਕੰਬਾਈਨ ਵਾਲਿਆਂ ਨੂੰ ਕੰਮ ਜ਼ਲਦੀ ਮੁਕੰਮਲ ਕਰ ਲੈਣ ਦੀ ਕਾਹਲੀ ਹੁੰਦੀ ਹੈ। ਇਸ ਕਾਹਲੀ ਕਾਰਨ ਜ਼ਿੰਮੀਦਾਰ ਨੂੰ ਕਈ ਵਾਰ ਨੁਕਸਾਨ ਉਠਾਉਣਾ ਪੈਂਦਾ ਹੈ। ਕੰਬਾਈਨ ਚਾਲਕ ਨੂੰ ਹੋਣ ਵਾਲੇ ਨੁਕਸਾਨ ਬਾਰੇ ਸੁਚੇਤ ਕਰ ਕੇ ਜ਼ਿੰਮੀਦਾਰ ਆਪਣੇ ਪੱਧਰ 'ਤੇ ਨੁਕਸਾਨ ਘੱਟ ਕਰ ਸਕਦੇ ਹਨ। ਸਭ ਤੋਂ ਵੱਧ ਨੁਕਸਾਨ ਕਣਕ ਦੀ ਪਛੇਤੀ ਕਟਾਈ ਦਾ ਹੁੰਦਾ ਹੈ। ਕਣਕ ਦੀ ਕਟਾਈ 10-12 ਫ਼ੀਸਦੀ ਨਮੀ 'ਤੇ ਹੋ ਜਾਣੀ ਚਾਹੀਦੀ ਹੈ।

## ਕਿਵੇਂ ਘਟਾਈਏ ਦਾਣਿਆਂ ਦਾ ਨੁਕਸਾਨ?

ਕੰਬਾਈਨ ਦੇ ਨੁਕਸ ਸੈਟਿੰਗ ਰਾਹੀਂ ਦੂਰ ਕਰ ਕੇ ਦਾਣਿਆਂ ਦਾ ਨੁਕਸਾਨ ਘੱਟ ਕੀਤਾ ਜਾ ਸਕਦਾ ਹੈ। ਕੰਬਾਈਨ ਨਾਲ ਸਹੀ ਤੇ ਸੁਰੱਖਿਅਤ ਕੰਮ ਕਰਨ ਲਈ ਇਹ ਨੁਕਤੇ ਜ਼ਰੂ ਧਿਆਨ ਵਿਚ ਰੱਖੋ :

**ਕੰਬਾਈਨ ਨਾਲ ਕਟਾਈ ਵੇਲੇ ਸਾਵਧਾਨੀਆਂ** : ਕੰਬਾਈਨ ਨੂੰ ਮਿੱਥੀ ਹੋਈ ਰਫ਼ਤਾਰ 'ਤੇ ਚਲਾਓ। ਜੇ ਕੰਬਾਈਨ ਸੈਲਫ਼ ਵਾਲੀ ਹੈ ਤੇ ਉਸ ਦੀ ਪਾਵਰ 80 ਤੋਂ 120 ਹਾਰਸ ਪਾਵਰ ਹੈ ਤਾਂ ਕਟਰ-ਬਾਰ ਦਾ ਸਾਈਜ਼ 4 ਤੋਂ 5 ਮੀਟਰ ਹੋਣਾ ਚਾਹੀਦਾ ਹੈ ਤੇ ਕੰਬਾਈਨ ਨੂੰ ਖੜ੍ਹੀ ਫ਼ਸਲ 'ਚ 3.5-5.5 ਕਿਲੋਮੀਟਰ ਪ੍ਰਤੀ ਘੰਟਾ ਦੀ ਰਫ਼ਤਾਰ ਨਾਲ ਤੇ ਡਿੱਗੀ ਹੋਈ ਫ਼ਸਲ ਦੀ ਕਟਾਈ ਲਈ 2 ਤੋਂ 3 ਕਿਲੋਮੀਟਰ ਪ੍ਰਤੀ ਘੰਟਾ ਦੀ ਰਫ਼ਤਾਰ ਨਾਲ ਚਲਾਉਣਾ ਚਾਹੀਦਾ ਹੈ। ਜੇ ਕੰਬਾਈਨ ਟ੍ਰੈਕਟਰ ਵਾਲੀ ਹੈ ਤੇ ਇਸ ਦੀ ਤਾਕਤ 50 ਤੋਂ 65 ਹਾਰਸ ਪਾਵਰ ਹੈ ਤਾਂ ਕਟਰ-ਬਾਰ ਦਾ ਸਾਈਜ਼ 3-4 ਮੀਟਰ ਹੋਣਾ ਚਾਹੀਦਾ ਹੈ। ਖੜ੍ਹੀ ਫ਼ਸਲ ਦੀ ਕਟਾਈ ਲਈ ਇਸ ਕਿਸਮ ਦੀ ਕੰਬਾਈਨ ਨੂੰ 3-4 ਕਿਲੋਮੀਟਰ ਤੇ ਡਿੱਗੀ ਹੋਈ ਫ਼ਸਲ ਦੀ ਕਟਾਈ ਲਈ 1.5 ਤੋਂ 2 ਕਿਲੋਮੀਟਰ ਪ੍ਰਤੀ ਘੰਟਾ ਦੀ ਰਫ਼ਤਾਰ ਨਾਲ ਚਲਾਉਣਾ ਚਾਹੀਦਾ ਹੈ। ਡਿੱਗੀ ਹੋਈ ਫ਼ਸਲ ਨੂੰ ਚੁੱਕਣ ਵਾਸਤੇ ਕੰਬਾਈਨ ਨੂੰ ਫ਼ਸਲ ਡਿੱਗਣ ਦੀ ਉਲਟ ਦਿਸ਼ਾ 'ਚ ਚਲਾਉਣਾ ਚਾਹੀਦਾ ਹੈ। ਜੇ ਫ਼ਸਲ ਦੀ ਨਮੀ 12 ਫ਼ੀਸਦੀ ਤੋਂ ਵੱਧ ਹੋਵੇ ਤਾਂ ਵਾਢੀ ਨਾ ਕਰੋ। ਖੁੰਡੇ ਹੋ ਗਏ ਕਟਰ-ਬਾਰ ਦੇ ਬਲੇਡ ਬਦਲੋ। ਜੇ ਕੰਬਾਈਨ ਦੇ ਪਿੱਛੇ ਦਾਣਿਆਂ ਦਾ ਨੁਕਸਾਨ ਇਕ ਫ਼ੀਸਦੀ ਤੋਂ ਵੱਧ ਹੋਵੇ ਤਾਂ ਪੱਖੇ ਦੀ ਹਵਾ ਘੱਟ ਕਰੋ। ਜੇ ਫਿਰ ਵੀ ਫ਼ਰਕ ਨਾ ਪਵੇ ਤਾਂ ਸਫ਼ਾਈ ਵਾਲੀ ਜਾਲੀ ਦੀ ਵਿੱਥ ਵਧਾਉ। ਜੇ ਦਾਣਿਆਂ ਵਾਲੇ ਟੈਂਕ 'ਚ ਦਾਣਿਆਂ ਦੀ ਟੁੱਟ-ਭੱਜ ਵਧੇਰੇ ਹੈ ਤਾਂ ਸਿਲੰਡਰ ਤੇ ਕਨਕੇਵ 'ਚ ਵਿੱਥ ਵਧਾਉ। ਜੇ ਅਣਗਾਹੇ ਦਾਣੇ ਇਕ ਫ਼ੀਸਦੀ ਤੋਂ ਵੱਧ ਹਨ ਤਾਂ ਸਿਲੰਡਰ ਤੇ ਕਨਕੇਵ ਵਿਚ ਵਿੱਥ ਘਟਾਉ। ਜੇ ਕੰਬਾਈਨ ਓਵਰਲੋਡ ਹੋ ਰਹੀ ਹੈ ਤਾਂ ਰਫ਼ਤਾਰ ਘਟਾਉ ਜਾਂ ਫ਼ਸਲ ਨੂੰ ਉਚਾਈ ਤੋਂ ਵੱਢੋ।

## ਕਣਕ ਦਾ ਅੱਗ ਤੋਂ ਬਚਾਅ

ਨਵੰਬਰ 'ਚ ਬੀਜੀ ਕਣਕ ਅਪ੍ਰੈਲ ਮਹੀਨੇ ਤਿਆਰ ਹੋ ਜਾਂਦੀ ਹੈ। ਫ਼ਸਲ ਨੂੰ ਕਈ ਵਾਰ ਅੱਗ ਲੱਗਣ ਨਾਲ ਭਾਰੀ ਨੁਕਸਾਨ ਹੁੰਦਾ ਹੈ। ਪਿਛਲੇ ਸਾਲ 500 ਏਕੜ ਤੋਂ ਵੱਧ ਕਣਕ ਅੱਗ ਦੀ ਭੇਟ ਚੜ੍ਹੀ ਤੇ ਲਗਪਗ 200 ਏਕੜ ਦੇ ਨਾੜ ਨੂੰ ਅੱਗ ਲੱਗੀ। ਅਜਿਹੇ ਹਾਦਸਿਆਂ ਕਾਰਨ ਭਾਰੀ ਮਾਲੀ ਨੁਕਸਾਨ ਹੁੰਦਾ ਹੈ ਤੇ ਕਈ ਵਾਰ ਜਾਨੀ ਨੁਕਸਾਨ ਵੀ ਹੋ ਜਾਂਦਾ ਹੈ। ਅੱਗ ਲੱਗਣ ਦੇ ਕਾਰਨਾਂ ਨੂੰ ਸਮਝ ਕੇ ਅਜਿਹੇ ਹਾਦਸਿਆਂ ਤੋਂ ਬਚਿਆ ਜਾ ਸਕਦਾ ਹੈ।

**ਨਮੀ ਵਾਲੀ ਫ਼ਸਲ ਦੀ ਕਟਾਈ** : ਮੀਂਹ ਨਾਲ ਗਿੱਲੀ ਜਾਂ ਜ਼ਿਆਦਾ ਨਮੀ ਵਾਲੀ ਫ਼ਸਲ ਦੀ ਕਟਾਈ ਕਰਨ ਨਾਲ ਅੱਗ ਲੱਗਣ ਦੀ ਸੰਭਾਵਨਾ ਵਧ ਜਾਂਦੀ ਹੈ। ਗਿੱਲੀ ਫ਼ਸਲ ਦਾ ਨਾੜ ਨਰਮ ਹੋਣ ਕਰਕੇ ਥਰੈਸ਼ਰ ਦੀ ਸ਼ਾਫਟ ਨਾਲ ਲਪੇਟਿਆ ਜਾਂਦਾ ਹੈ ਤੇ ਥਰੈਸ਼ਰ ਦੇ ਡਰੱਮ ਅੰਦਰ ਰਗੜ ਨਾਲ ਚਿੰਗਾਰੀ ਦਾ ਕਾਰਨ ਬਣਦਾ ਹੈ। ਇਹ ਹਾਦਸੇ ਪੱਕੀ ਕਣਕ ਦੀ ਰੀਪਰ ਜਾਂ ਕੰਬਾਈਨ ਮਸ਼ੀਨ ਨਾਲ ਵਾਢੀ ਵੇਲੇ, ਤੂੜੀ ਵਾਲੀ ਕੰਬਾਈਨ ਦੀ ਵਰਤੋਂ ਸਮੇਂ ਜਾਂ ਥਰੈਸ਼ਰ ਦੀ ਵਰਤੋਂ ਸਮੇਂ ਵਾਪਰ ਸਕਦੇ ਹਨ। ਕਟਾਈ ਤੇ ਗਹਾਈ ਸਹੀ ਨਮੀ 'ਤੇ ਹੀ ਕਰੋ।

**ਬਿਜਲੀ ਦੀਆਂ ਢਿੱਲੀਆਂ ਤਾਰਾਂ ਤੇ ਟਰਾਂਸਫਾਰਮਰ 'ਤੇ ਵੱਧ ਲੋਡ** : ਬਿਜਲੀ ਦੀਆਂ ਢਿੱਲੀਆਂ ਤਾਰਾਂ ਤੇ ਸ਼ਾਰਟ-ਸਰਕਿਟ ਵੀ ਫ਼ਸਲ ਨੂੰ ਅੱਗ ਲੱਗਣ ਦਾ ਕਾਰਨ ਬਣਦੇ ਹਨ। ਟਰਾਂਸਫਾਰਮਰ 'ਤੇ ਵੱਧ ਲੋਡ ਜਾਂ ਬਿਜਲੀ ਦੀਆਂ ਤਾਰਾਂ ਦੇ ਕੱਚੇ ਜੋੜ ਚੰਗਿਆੜੀ ਪੈਦਾ ਕਰਦੇ ਹਨ। ਢਿੱਲੀਆਂ ਤਾਰਾਂ ਤੇਜ਼ ਹਵਾ, ਪਤੰਗ ਦੀ ਡੋਰ ਜਾਂ ਪੰਛੀਆਂ ਦੇ ਬੈਠਣ ਕਰਕੇ ਆਪਸ 'ਚ ਜੁੜ ਜਾਂਦੀਆਂ ਹਨ। ਫ਼ਸਲ ਦੀ ਕੰਬਾਈਨ ਨਾਲ ਕਟਾਈ ਜਾਂ ਨਾੜ ਦੀ ਕੰਬਾਈਨ ਨਾਲ ਤੂੜੀ ਬਣਾਉਂਦੇ ਸਮੇਂ ਢਿੱਲੀਆਂ ਤੇ ਨੀਵੀਆਂ ਤਾਰਾਂ ਮਸ਼ੀਨ ਨਾਲ ਛੂਹ ਕੇ ਚੰਗਿਆੜੀਆਂ ਦਾ ਕਾਰਨ ਬਣਦੀਆਂ ਹਨ। ਇਸ ਲਈ ਟਰਾਂਸਫਰਮਰ ਤੇ ਬਿਜਲੀ ਦੇ ਖੰਭਿਆਂ ਲਾਗੇ ਫ਼ਸਲ ਦੀ ਕਟਾਈ ਹੱਥਾਂ ਨਾਲ ਕਰ ਲੈਣੀ ਚਾਹੀਦੀ ਹੈ। ਬਿਜਲੀ ਦੀਆਂ ਢਿੱਲੀਆਂ ਤਾਰਾਂ ਨੂੰ ਕਸਵਾ ਦੇਵੋ।



### ਟ੍ਰੈਕਟਰ ਤੇ ਡੀਜ਼ਲ ਇੰਜਣ ਦੀ ਗਰਮੀ

ਟ੍ਰੈਕਟਰ ਤੇ ਡੀਜ਼ਲ ਇੰਜਣ ਚਲ ਕੇ ਗਰਮ ਹੋ ਜਾਂਦੇ ਹਨ ਤੇ ਫ਼ਸਲ ਇਸ ਨਾਲ ਛੂਹ ਕੇ ਅੱਗ ਫੜ ਸਕਦੀ ਹੈ। ਇੰਜਨ ਦੇ ਸਾਈਲੈਂਸਰ 'ਚੋਂ ਨਿਕਲੀ ਚਿੰਗਾਰੀ ਵੀ ਹਾਦਸੇ ਦਾ ਕਾਰਨ ਬਣ ਸਕਦੀ ਹੈ। ਇਸ ਲਈ ਸਾਈਲੈਂਸਰ ਦਾ ਮੂੰਹ ਫ਼ਸਲ ਤੋਂ ਉਲਟੀ ਦਿਸ਼ਾ 'ਚ ਜਾਂ ਉੱਪਰ ਵੱਲ ਨੂੰ ਰੱਖੋ ਤੇ ਇਸ ਉੱਪਰ ਚਿੰਗਾਰੀ ਰੋਕਣ ਵਾਲਾ ਪੁਰਜਾ ਵੀ ਲੱਗਾ ਹੋਣਾ ਚਾਹੀਦਾ ਹੈ।

**ਫ਼ਸਲੀ ਰਹਿੰਦ-ਖੂੰਹਦ ਨੂੰ ਸਾੜਨਾ** : ਕਈ ਵਾਰ ਕਿਸਾਨ ਖੇਤ ਨੂੰ ਜਲਦੀ ਵਿਹਲਾ ਕਰਨ ਲਈ ਨਾੜ ਨੂੰ ਅੱਗ ਲਾ ਦਿੰਦੇ ਹਨ। ਹਵਾ ਨਾਲ ਇਹ ਅੱਗ ਦੂਸਰੇ ਖੇਤਾਂ ਤਕ ਪਹੁੰਚ ਜਾਂਦੀ ਹੈ ਤੇ ਵੱਡੇ ਨੁਕਸਾਨ ਦਾ ਕਾਰਨ ਬਣਦੀ ਹੈ।

**ਸਿਗਰਟਨੋਸ਼ੀ** : ਖੇਤ ਵਿਚ ਕੰਮ ਕਰਦੇ ਕਾਮਿਆਂ ਵੱਲੋਂ ਕੀਤੀ ਗਈ ਬੀੜੀ-ਸਿਗਰਟ ਦੀ ਵਰਤੋਂ ਵੀ ਅੱਗ ਦਾ ਕਾਰਨ ਬਣ ਸਕਦੀ ਹੈ। ਕਈ ਵਾਰ ਖੇਤ ਦੇ ਨੇੜੇ ਚੁੱਲ੍ਹੇ ਉੱਪਰ ਚਾਹ ਬਣਾਉਂਦੇ ਸਮੇਂ ਸੁਲਗਦੀ ਹੋਈ ਲੱਕੜੀ ਜਾਂ ਫੂਸ ਤੋਂ ਵੀ ਹਵਾ ਕਾਰਨ ਚਿੰਗਾਰੀ ਫ਼ਸਲ ਤਕ ਪਹੁੰਚ ਸਕਦੀ ਹੈ। ਨੂੰ ਅੱਗ ਲੱਗਣ ਦਾ ਕਾਰਨ ਬਣ ਸਕਦੀ ਹੈ। ਇਸ ਲਈ ਕਾਮਿਆਂ ਨੂੰ ਖੇਤ ਦੇ ਨੇੜੇ ਬੀੜੀ, ਸਿਗਰਟ, ਮਾਚਿਸ ਆਦਿ ਦੀ ਵਰਤੋਂ 'ਤੇ ਪੂਰੀ ਮਨਾਹੀ ਚਾਹੀਦੀ ਹੈ। ਚੁੱਲ੍ਹੇ ਉੱਪਰ ਚਾਹ ਕਮਰੇ ਦੇ ਅੰਦਰ ਜਾਂ ਗੈਸ 'ਤੇ ਬਣਾਉਣੀ ਚਾਹੀਦੀ ਹੈ। ਚਾਹ ਬਣਾਉਣ ਤੋਂ ਬਾਅਦ ਸੁਲਗਦੀ ਹੋਈ ਲੱਕੜ ਨੂੰ ਪਾਣੀ ਪਾ ਕੇ ਬੁਝਾ ਦੇਣਾ ਚਾਹੀਦਾ ਹੈ।

**ਗਰਮ ਹਵਾਵਾਂ ਤੇ ਝੱਖੜ** : ਅਪ੍ਰੈਲ-ਮਈ ਦੇ ਮਹੀਨੇ ਖੇਤ ਸੁੱਕੇ ਹੁੰਦੇ ਹਨ, ਮੌਸਮ ਗਰਮ ਹੁੰਦਾ ਹੈ ਤੇ ਨਤੀਜਨ ਗਰਮ ਹਵਾਵਾਂ ਹਨੇਰੀ ਦਾ ਰੂਪ ਲੈ ਲੈਂਦੀਆਂ ਹਨ। ਤੇਜ ਹਵਾਵਾਂ ਖੇਤ ਦੇ ਨੇੜੇ-ਤੇੜੇ ਬਲਦੀ ਅੱਗ ਨੂੰ ਦੂਰ ਤਕ ਖਿੰਡਾਅ ਦਿੰਦੀਆਂ ਹਨ ਤੇ ਵੱਡੇ ਹਾਦਸੇ ਦਾ ਕਾਰਨ ਬਣ ਸਕਦੀਆਂ ਹਨ।

ਉਪਰੋਕਤ ਕਾਰਨ ਕਣਕ ਦੇ ਖੇਤ ਨੂੰ ਅੱਗ ਲੱਗਣ ਦਾ ਜ਼ਰੀਆ ਬਣ ਸਕਦੇ ਹਨ। ਇਨ੍ਹਾਂ ਤੋਂ ਬਚਾਅ ਲਈ ਢੁੱਕਵੇ ਉਪਰਾਲੇ ਪਹਿਲਾਂ ਹੀ ਕਰ ਲੈਣੇ ਚਾਹੀਦੇ ਹਨ। ਕਣਕ ਦੇ ਖੇਤ ਦੁਆਲੇ ਹਰੀ ਫ਼ਸਲ ਦੀਆਂ ਕਤਾਰਾਂ ਅੱਗ ਦੇ ਨੁਕਸਾਨ ਨੂੰ ਰੋਕ ਸਕਦੀਆਂ ਹਨ। ਇਸ ਤੋਂ ਇਲਾਵਾ ਵਾਢੀ ਸਮੇਂ ਸਾਵਧਾਨੀ ਦੇ ਤੌਰ 'ਤੇ ਪਿੰਡ ਵਿਚ ਪਾਣੀ ਦਾ ਟੈਂਕਰ ਹਰ ਵੇਲੇ ਤਿਆਰ ਰੱਖਣਾ ਚਾਹੀਦਾ ਹੈ। ਪਿੰਡ ਵਿਚ ਲਾਊਡ ਸਪੀਕਰਾਂ ਜ਼ਰੀਏ ਅੱਗ ਤੋਂ ਬਚਾਅ ਬਾਰੇ ਜਾਣਕਾਰੀ ਦਿੰਦੇ ਰਹਿਣਾ ਚਾਹੀਦਾ ਹੈ। ਆਪਣੇ ਨੇੜਲੇ ਫਾਇਰ ਸਟੇਸ਼ਨ ਦਾ ਫੋਨ ਨੰਬਰ ਜ਼ਰੂਰ ਨੋਟ ਕਰ ਕੇ ਰੱਖੋ ਤਾਂ ਜੋ ਐਮਰਜੈਂਸੀ ਵਿਚ ਘਟਨਾ ਦੀ ਫੌਰੀ ਤੌਰ 'ਤੇ ਸੂਚਨਾ ਦਿੱਤੀ ਜਾ ਸਕੇ। •

## ਸੰਪਾਦਕੀ

# ਸੱਜੇ-ਪੱਖੀ ਕੱਟੜਵਾਦ ਵੱਲ ਵਧਦਾ ਝੁਕਾਅ'

ਦਹਾਕਿਆਂ ਦੀਆਂ ਪਾਬੰਦੀਆਂ ਨੇ ਕਿਊਬਾ ਦੀ ਆਰਥਿਕਤਾ ਦਾ ਲੱਕ ਤੋੜ ਦਿੱਤਾ। ਇਨ੍ਹਾਂ ਨਾਕਾਬੰਦੀਆਂ ਨੇ ਖੰਡ ਦੀ ਬਰਾਮਦ, ਊਰਜਾ, ਡਾਕਟਰੀ ਸਪਲਾਈ, ਤਕਨੀਕ ਅਤੇ ਵਿਦੇਸ਼ੀ ਨਿਵੇਸ਼ ਵਿੱਚ ਰੁਕਾਵਟ ਪਾਈ, ਜਿਸ ਨਾਲ ਇਸ ਦੇ ਆਰਥਿਕ ਵਿਕਾਸ ਅਤੇ ਜਨਤਕ ਸੇਵਾਵਾਂ ਨੂੰ ਲਕਵਾ ਮਾਰ ਗਿਆ। ਸਮਾਜਵਾਦੀ ਕਿਊਬਾ ਮਹਿੰਗਾਈ ਤੇ ਗ਼ੁਰਬਤ ਵੱਸ ਪੈ ਗਿਆ ਤੇ ਇਨਕਲਾਬ ਦੀਆਂ ਬਰਕਤਾਂ ਦੇ ਦਿਨ ਪੁੱਗਣੇ ਸ਼ੁਰੂ ਹੋ ਗਏ। ਕਿਊਬਾ ਨੂੰ ਸਾਖ਼ਰਤਾ ਅਤੇ ਸਿਹਤ ਸੰਭਾਲ ਵਿੱਚ ਮਹੱਤਵਪੂਰਨ ਪ੍ਰਾਪਤੀਆਂ ਦੇ ਬਾਵਜੂਦ ਉਸ ਨੇ ਲਗਾਤਾਰ ਵਧਦੀ ਮਹਿੰਗਾਈ, ਦਵਾਈਆਂ ਦੀ ਘਾਟ ਅਤੇ ਖੁਰ ਰਹੇ ਬੁਨਿਆਦੀ ਢਾਂਚੇ ਦਾ ਸੰਤਾਪ ਲਗਾਤਾਰ ਝੱਲਣਾ ਪੈ ਰਿਹਾ ਹੈ। ਆਰਥਿਕ ਰੁਕਾਵਟਾਂ ਤੇ ਬਾਹਰੀ ਸਾਮਰਾਜੀ ਦਾਬੇ ਦੇ ਨਾਲ-ਨਾਲ ਕਿਊਬਾ ਸਰਕਾਰ ਸਵੈ-ਨਿਰਭਰ, ਸਾਂਝਾ ਤੇ ਬਰਾਬਰੀ ਵਾਲਾ ਆਰਥਿਕ ਮਾਡਲ ਉਸਾਰਨ ਵਿੱਚ ਅਸਫਲ ਰਹੀ ਹੈ। ਇਸ ਨੇ ਠੋਸ ਬੁਨਿਆਦੀ ਸਮਾਜਵਾਦੀ ਤਬਦੀਲੀ ਵੱਲ ਧਿਆਨ ਨਹੀਂ ਦਿੱਤਾ ਤੇ ਨਾ ਹੀ ਦੇਸ਼ ਦੀ ਅਗਵਾਈ ਕਰਨ ਵਾਲੇ ਸਮਾਜਵਾਦੀ ਨੇਤਾ ਕਮਿਊਨਿਸਟ ਵਿਚਾਰਧਾਰਾ ਦੇ ਮੁੱਢਲੇ ਰਹਿਬਰਾਂ ਵਰਗੀ ਵਿਚਾਰਧਾਰਕ-ਸਿਆਸੀ ਪ੍ਰਤਿਭਾ ਤੇ ਮਿਆਰ ਦੇ ਮਾਲਕ ਸਨ। ਤਾਜ਼ਾ ਆਰਥਿਕ ਪਾਬੰਦੀਆਂ ਨਾਲ ਕਿਊਬਾ ਨੂੰ ਇੱਕ ਗੰਭੀਰ ਊਰਜਾ ਸੰਕਟ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਟਰੰਪ ਦੀਆਂ ਟੈਰਿਫ ਧਮਕੀਆਂ ਦੇ ਡਰੋਂ ਵੈਨੇਜ਼ੁਏਲਾ ਅਤੇ ਮੈਕਸਿਕੋ ਤੋਂ ਤੇਲ ਬਰਾਮਦ ਬੰਦ ਹੋ ਗਈ ਹੈ। ਹਾਲਾਂਕਿ ਮੈਕਸਿਕੋ ਨੇ ਕਿਊਬਾ ਨਾਲ ਖੇਤਰੀ ਇਕਜੁੱਟਤਾ ਨੂੰ ਉਜਾਗਰ ਕਰਦੇ ਹੋਏ ਜ਼ਰੂਰੀ ਭੋਜਨ ਪਦਾਰਥਾਂ ਸਮੇਤ ਮਾਨਵਤਾਵਾਦੀ ਸਹਾਇਤਾ ਭੇਜੀ ਹੈ। ਸੰਯੁਕਤ ਰਾਸ਼ਟਰ, ਮਨੁੱਖੀ ਅਧਿਕਾਰ ਸੰਗਠਨਾਂ ਤੇ ਸਹਿਯੋਗੀ ਮੁਲਕਾਂ ਨੇ ਅਮਰੀਕਾ ਦੁਆਰਾ ਕਿਊਬਨ ਲੋਕਾਂ ਦੇ ਖਾਣਾ-ਪਾਣੀ, ਊਰਜਾ ਅਤੇ ਸਿਹਤ ਸੰਭਾਲ ਸਪਲਾਈ ਰੋਕਣ ਦੇ ਕਦਮਾਂ ਨੂੰ ਗ਼ੈਰਕਾਨੂੰਨੀ ਤੇ ਅਣਮਨੁੱਖੀ ਦੱਸਿਆ ਹੈ। ਦਹਾਕਿਆਂ ਤੋਂ ਅਮਰੀਕੀ ਪਾਬੰਦੀਆਂ ਦੀ ਸੰਯੁਕਤ ਰਾਸ਼ਟਰ ਮਹਾਸਭਾ ਨੇ ਨਿੰਦਾ ਕੀਤੀ ਹੈ। ਟਰੰਪ ਪ੍ਰਸ਼ਾਸਨ ਦਾ ਮੌਜੂਦਾ ਫ਼ੈਸਲਾ ਕਿਊਬਾ ਦੀ ਪ੍ਰਭੂਸੱਤਾ, ਮਨੁੱਖੀ ਅਧਿਕਾਰਾਂ ਤੇ ਜਮਹੂਰੀ ਆਜ਼ਾਦੀਆਂ ਦੀ ਘੋਰ ਉਲੰਘਣਾ ਹੈ। ਅਮਰੀਕੀ ਨਾਕਾਬੰਦੀ ਆਰਥਿਕ ਦਬਦਬਾ ਬਣਾਈ ਰੱਖਣ ਅਤੇ ਸਮਾਜਵਾਦੀ ਵਿਚਾਰਧਾਰਾ ਨੂੰ ਦਬਾਉਣ ਲਈ ਇੱਕ ਅਰਾਜਕ ਸਾਮਰਾਜਵਾਦੀ ਰਣਨੀਤੀ ਵਜੋਂ ਕੰਮ ਕਰਦੀ ਹੈ। ਇਸ ਤਰ੍ਹਾਂ ਸਾਮਰਾਜੀ ਦੌਰ ਅੰਦਰ ਵੱਡੇ ਪੂੰਜੀਵਾਦੀ ਮੁਲਕ ਆਰਥਿਕ, ਰਾਜਨੀਤਕ ਅਤੇ ਫ਼ੌਜੀ ਤਾਕਤ ਦੇ ਜ਼ੋਰ 'ਤੇ ਕਮਜ਼ੋਰ ਦੇਸ਼ਾਂ ਨੂੰ ਦਬਾਉਂਦੇ ਆ ਰਹੇ ਹਨ। ਦੂਜੇ ਪਾਸੇ ਕਿਊਬਾ ਅਮਰੀਕੀ ਦਬਦਬੇ ਖ਼ਿਲਾਫ਼ ਬਗ਼ਾਵਤ ਦੇ ਸਿੱਟੇ ਵਜੋਂ ਅਮਰੀਕੀ ਸਾਮਰਾਜ ਵਿਰੋਧੀ ਲਹਿਰਾਂ ਲਈ ਪ੍ਰੇਰਨਾ ਸਰੋਤ ਵੀ ਬਣਿਆ ਹੋਇਆ ਹੈ। ਕਿਊਬਾ ਨੂੰ ਦਬਕਾਉਣ ਪਿਛਲਾ ਅਮਰੀਕੀ ਉਦੇਸ਼ ਕੌਮਾਂਤਰੀ ਪੱਧਰ 'ਤੇ ਅਮਰੀਕਾ ਦੇ ਵਿਰੋਧ ਅਤੇ ਕਿਊਬਨ ਲੋਕਾਂ ਨਾਲ ਇਕਜੁੱਟਤਾ ਦੀ ਲੋੜ ਵੀ ਪੈਦਾ ਕਰਦਾ ਹੈ। ਟਰੰਪ ਦੀਆਂ ਆਰਥਿਕ ਨਾਕਾਬੰਦੀ ਦੀਆਂ ਧਮਕੀਆਂ ਬੇਦੋਸ਼ੇ ਕਿਊਬਨ ਲੋਕਾਂ ਨੂੰ ਅਣਮਨੁੱਖੀ ਸਜ਼ਾ ਦੇਣ ਅਤੇ ਆਰਥਿਕ ਨਸਲਕੁਸ਼ੀ ਦੇ ਬਰਾਬਰ ਹਨ। ਸੰਸਾਰ ਭਰ ਦੇ ਲੋਕਾਂ ਨੂੰ ਕਿਊਬਾ ਦੇ ਅੰਦਰੂਨੀ ਮਾਮਲਿਆਂ ਵਿੱਚ ਬਾਹਰੀ ਸਾਮਰਾਜੀ ਦਖਲਅੰਦਾਜ਼ੀ ਦਾ ਵਿਰੋਧ ਕਰਨਾ ਚਾਹੀਦਾ ਹੈ ਅਤੇ ਇਸ ਗੱਲ ਦੀ ਵਜਾਹਤ ਕਰਨੀ ਚਾਹੀਦੀ ਹੈ ਕਿ ਕਿਊਬਾ ਦੇ ਲੋਕਾਂ ਨੂੰ ਆਪਣਾ ਖ਼ੁਦਮੁਖਤਿਆਰ ਸਮਾਜਿਕ, ਰਾਜਨੀਤਕ ਅਤੇ ਆਰਥਿਕ ਰਾਹ ਤੈਅ ਕਰਨ ਦਾ ਅਧਿਕਾਰ ਹੋਵੇ।

## ਚੋਣ ਸੌਗਾਤਾਂ

ਚੋਣਾਂ ਦੌਰਾਨ 'ਮੁਫ਼ਤਖੋਰੀ' ਦੇ ਵਧਦੇ ਰੁਝਾਨ 'ਤੇ ਸੁਪਰੀਮ ਕੋਰਟ ਦੀ ਤਿੱਖੀ ਟਿੱਪਣੀ ਇੱਕ ਅਹਿਮ ਮੋੜ 'ਤੇ ਆਈ ਹੈ। ਅਗਲੇ ਦੋ-ਤਿੰਨ ਮਹੀਨਿਆਂ ਵਿੱਚ ਚਾਰ ਪ੍ਰਮੁੱਖ ਰਾਜਾਂ- ਅਸਾਮ, ਪੱਛਮੀ ਬੰਗਾਲ, ਕੇਰਲਾ ਅਤੇ ਤਾਮਿਲਨਾਡੂ ਵਿੱਚ ਚੋਣਾਂ ਹੋਣ ਜਾ ਰਹੀਆਂ ਹਨ। ਹਾਲਾਂਕਿ, ਲੋਕ ਕਲਿਆਣ ਹਮੇਸ਼ਾ ਤੋਂ ਸ਼ਾਸਨ ਦਾ ਇੱਕ ਜ਼ਰੂਰੀ ਅੰਗ ਰਿਹਾ ਹੈ, ਪਰ ਲੋੜਵੰਦਾਂ ਦੀ ਸਹਾਇਤਾ ਅਤੇ ਚੋਣਾਂ ਤੋਂ ਪਹਿਲਾਂ ਦਿੱਤੇ ਜਾਣ ਵਾਲੇ ਲਾਲਚਾਂ ਵਿਚਲਾ ਫ਼ਰਕ ਤੇਜ਼ੀ ਨਾਲ ਮਿਟਦਾ ਜਾ ਰਿਹਾ ਹੈ। ਸੁਪਰੀਮ ਕੋਰਟ ਨੇ ਚਿਤਾਵਨੀ ਦਿੱਤੀ ਹੈ ਕਿ ਮੁਫ਼ਤ ਸੌਗਾਤਾਂ ਦੀ ਬਿਨਾਂ ਰੋਕ-ਟੋਕ ਵੰਡ ਰਾਜਾਂ ਦੇ ਵਿੱਤੀ ਅਨੁਸ਼ਾਸਨ ਨੂੰ ਭੰਗ ਕਰ ਸਕਦੀ ਹੈ। ਇਹ ਮਾਮਲਾ ਪਹਿਲਾਂ ਵੀ ਕਈ ਵਾਰ ਸਿਖ਼ਰਲੀ ਅਦਾਲਤ ਵਿੱਚ ਵਿਚਾਰਿਆ ਜਾ ਚੁੱਕਾ ਹੈ ਤੇ ਇਸ 'ਤੇ ਚਿੰਤਾ ਜਤਾਈ ਗਈ ਹੈ। ?ਇਸ ਵਿੱਚ ਕੋਈ ਦੋ ਰਾਵਾਂ ਨਹੀਂ ਕਿ ਰਾਜਾਂ ਦਾ ਫਰਜ਼ ਬਣਦਾ ਹੈ ਕਿ ਉਹ ਵਿਸ਼ੇਸ਼ ਕਰ ਕੇ ਕਮਜ਼ੋਰ ਵਰਗਾਂ ਦਾ ਖ਼ਿਆਲ ਰੱਖਣ। ਹਾਲਾਂਕਿ, ਜਦੋਂ ਘਾਟੇ ਵਿੱਚ ਚੱਲ ਰਹੇ ਰਾਜ ਮੁਫ਼ਤਖੋਰੀ ਲਈ ਵੱਡੀ ਰਕਮ ਅਲਾਟ ਕਰਦੇ ਹਨ ਤਾਂ ਸਰਕਾਰੀ ਖ਼ਜ਼ਾਨੇ 'ਤੇ ਬੋਝ ਹੋਰ ਵਧ ਜਾਂਦਾ ਹੈ। ਉਹ ਫੰਡ ਜੋ ਬੁਨਿਆਦੀ ਢਾਂਚੇ, ਸਿਹਤ ਸੰਭਾਲ ਅਤੇ ਸਿੱਖਿਆ ਨੂੰ ਮਜ਼ਬੂਤ ? ?ਕਰ ਸਕਦੇ ਸਨ, ਥੋੜ੍ਹੇ ਸਮੇਂ ਦੇ ਸਿਆਸੀ ਲਾਭਾਂ ਲਈ ਵਰਤ ਲਏ ਜਾਂਦੇ ਹਨ।

ਵੋਟਰ ਗਵਾਹ ਹਨ ਕਿ ਮੁਫ਼ਤ ਬਿਜਲੀ ਅਤੇ ਨਕਦੀ ਵੰਡਣ ਦੇ ਵਾਅਦਿਆਂ ਦਾ ਮੁਕਾਬਲਾ ਚੱਲ ਰਿਹਾ ਹੈ। ਇਹ ਕੋਈ ਹੈਰਾਨੀ ਦੀ ਗੱਲ ਨਹੀਂ ਹੈ ਕਿ ਵਿੱਤੀ ਸੂਝ-ਬੂਝ ਲੋਕ-ਲੁਭਾਊ ਵਾਅਦਿਆਂ ਅੱਗੇ ਦਮ ਤੋੜ ਰਹੀ ਹੈ। ਸਰਬਉੱਚ ਅਦਾਲਤ ਨੇ ਸਹੀ ਸਵਾਲ ਪੁੱਛਿਆ ਹੈ: ਰਾਜ ਰੁਜ਼ਗਾਰ ਦੇ ਮੌਕੇ ਪੈਦਾ ਕਰਨ ਅਤੇ ਹੁਨਰ ਵਿਕਾਸ ਲਈ ਬਜਟ ਪ੍ਰਸਤਾਵ ਕਿਉਂ ਨਹੀਂ ਪੇਸ਼ ਕਰ ਸਕਦੇ? ਰੁਜ਼ਗਾਰ ਦੇ ਰਾਹ ਤਿਆਰ ਕਰਨਾ ਸ਼ਕਤੀਕਰਨ ਦਾ ਇੱਕ ਟਿਕਾਊ ਰੂਪ ਹੈ ਜਦੋਂਕਿ ਨਿਰੰਤਰ ਦਿੱਤੀਆਂ ਜਾਣ ਵਾਲੀਆਂ ਰਿਆਇਤਾਂ ਲੋਕਾਂ ਨੂੰ ਸਰਕਾਰ 'ਤੇ ਵਧੇਰੇ ਨਿਰਭਰ ਕਰ ਦਿੰਦੀਆਂ ਹਨ। ?ਚੋਣ ਪ੍ਰਕਿਰਿਆ ਦੀ ਪਵਿੱਤਰਤਾ ਕਾਇਮ ਰੱਖਣ ਲਈ ਜ਼ਰੂਰੀ ਹੈ ਕਿ ਚੋਣਾਂ ਤੋਂ ਪਹਿਲਾਂ ਐਲਾਨੀਆਂ ਜਾਂ ਲਾਗੂ ਕੀਤੀਆਂ ਗਈਆਂ ਸਕੀਮਾਂ ਦੀ ਬਾਰੀਕੀ ਨਾਲ ਜਾਂਚ ਹੋਵੇ। ਬਿਹਾਰ ਸਰਕਾਰ 'ਤੇ ਦੋਸ਼ ਲੱਗਿਆ ਹੈ ਕਿ ਉਸ ਨੇ ਪਿਛਲੇ ਸਾਲ ਅਕਤੂਬਰ 'ਚ ਜਦੋਂ ਚੋਣ ਜ਼ਾਬਤਾ ਲਾਗੂ ਸੀ, ਉਦੋਂ 'ਮੁੱਖ ਮੰਤਰੀ ਮਹਿਲਾ ਰੁਜ਼ਗਾਰ ਯੋਜਨਾ' ਤਹਿਤ ਮਹਿਲਾ ਲਾਭਪਾਤਰੀਆਂ ਨੂੰ 15,600 ਕਰੋੜ ਰੁਪਏ ਵੰਡੇ ਸਨ। ਅਜਿਹੇ ਸਮਿਆਂ 'ਤੇ ਕੀਤੀਆਂ ਗਈਆਂ ਪਹਿਲਕਦਮੀਆਂ ਵਿਰੋਧੀ ਪਾਰਟੀਆਂ ਨੂੰ ਬਰਾਬਰੀ ਦੇ ਮੌਕੇ ਤੋਂ ਵਾਂਝਾ ਕਰਦੀਆਂ ਹਨ। ਭਾਰਤੀ ਚੋਣ ਕਮਿਸ਼ਨ ਨੂੰ ਚਾਹੀਦਾ ਹੈ ਕਿ ਉਹ ਵੋਟਰਾਂ ਨੂੰ ਰਿਸ਼ਵਤ ਦੇਣ ਦੀਆਂ ਅਜਿਹੀਆਂ ਕੋਸ਼ਿਸ਼ਾਂ ਦਾ ਨੋਟਿਸ ਲਵੇ, ਚਾਹੇ ਇਸ ਵਿੱਚ ਕੋਈ ਵੀ ਸਿਆਸੀ ਪਾਰਟੀ ਸ਼ਾਮਿਲ ਹੋਵੇ। ਪੱਖਪਾਤੀ ਪਹੁੰਚ ਸਾਡੇ ਲੋਕਤੰਤਰ ਲਈ ਨੁਕਸਾਨਦੇਹ ਹੈ।

# ਕਿਸਾਨਾਂ ਨੇ ਮੁੱਖ ਮੰਤਰੀ ਦੇ ਪੁਤਲੇ ਫੂਕੇ



**ਧੂਰੀ, 23 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਨੇ ਅੱਜ ਹਲਕਾ ਧੂਰੀ ਅੰਦਰਲੇ ਅੱਠ ਪਿੰਡਾਂ ਵਿੱਚ ਮੁੱਖ ਮੰਤਰੀ ਭਗਵੰਤ ਮਾਨ ਦੇ ਪੁਤਲੇ ਫੂਕੇ ਅਤੇ ਨਾਅਰੇਬਾਜ਼ੀ ਕਰਦਿਆਂ 'ਆਪ' ਸਰਕਾਰ ਵੱਲੋਂ ਹੱਕੀ ਮੰਗਾਂ ਲਈ ਸੰਘਰਸ਼ ਕਰਦੇ ਕਿਸਾਨਾਂ 'ਤੇ ਕੀਤੇ ਜਬਰ ਵਿਰੁੱਧ ਕਿਰਤੀ ਕਿਸਾਨਾਂ ਨੂੰ ਤਕੜੀ ਲਾਮਬੰਦੀ ਕਰਕੇ ਸੰਘਰਸ਼ਾਂ ਦੇ ਅਖਾੜਿਆਂ ਵਿੱਚ ਨਿੱਤਰਨ ਦਾ ਸੱਦਾ ਦਿੱਤਾ। ਇਹ ਸੱਦਾ ਬੀ ਕੇ ਯੂ ਏਕਤਾ ਉਗਰਾਹਾਂ ਦੇ ਬਲਾਕ ਪ੍ਰਧਾਨ ਹਰਪਾਲ ਸਿੰਘ ਨੇ ਪਿੰਡ ਪੇਧਨੀ ਵਿੱਚ ਕੀਤੇ ਰੋਸ ਮੁਜ਼ਾਹਰੇ ਦੌਰਾਨ ਕੀਤਾ। ਇਸੇ ਤਰ੍ਹਾਂ ਲੱਡਾ, ਕੱਕੜਵਾਲ, ਬੇਨੜਾ, ਕੰਧਾਰਗੜ੍ਹ ਛੰਨਾ, ਮੂਲੋਵਾਲ, ਭਸੌੜ, ਕਿਲਾਹਕੀਮਾ, ਭਲਵਾਨ ਅਤੇ ਪੇਧਨੀ ਵਿੱਚ ਮੁੱਖ ਮੰਤਰੀ ਦੇ ਪੁਤਲੇ ਅਗਨ ਭੇਟ ਕੀਤੇ ਗਏ। ਇਸੇ ਦੌਰਾਨ ਕਿਸਾਨ ਆਗੂ ਹਰਪਾਲ ਸਿੰਘ ਪੇਧਨੀ ਨੇ ਕਿਹਾ ਕਿ 22 ਫਰਵਰੀ ਨੂੰ ਸੂਬੇ ਅੰਦਰ ਸੰਯੁਕਤ ਕਿਸਾਨ ਮੋਰਚੇ ਦੇ ਸਹਿਯੋਗ ਨਾਲ ਆਮ ਆਦਮੀ ਪਾਰਟੀ ਅਤੇ ਭਾਜਪਾ ਨਾਲ ਸਬੰਧਤ ਪੰਜਾਬ ਦੇ ਮੰਤਰੀਆਂ ਤੇ ਹੋਰਨਾ ਦੇ ਘਰਾਂ ਦੇ ਘਿਰਾਓ ਕਰਕੇ ਰੋਸ ਪ੍ਰਦਰਸ਼ਨ ਕੀਤੇ ਜਾਣਗੇ। ਉਧਰ, ਕਿਰਤੀ ਕਿਸਾਨ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਜਰਨੈਲ ਸਿੰਘ ਜਹਾਂਗੀਰ ਅਤੇ ਬੀ ਕੇ ਯੂ ਡਕੌਂਦਾ ਦੇ ਜ਼ਿਲ੍ਹਾ ਪ੍ਰਧਾਨ ਕਰਮਜੀਤ ਸਿੰਘ ਛੰਨਾ ਨੇ ਵੱਖੋ-ਵੱਖ ਬਿਆਨਾਂ ਰਾਹੀ ਪਿੰਡ ਜਿਉਂਦ ਤੇ ਹੋਰ ਥਾਵਾਂ 'ਤੇ ਕਿਸਾਨਾਂ 'ਤੇ ਜਬਰ ਦੀ ਨਿੰਦਾ ਕੀਤੀ।

ਦਿੜ੍ਹਬਾ ਮੰਡੀ (ਰਣਜੀਤ ਸਿੰਘ ਸ਼ੀਤਲ): ਭਾਰਤੀ ਕਿਸਾਨ ਯੂਨੀਅਨ ਏਕਤਾ (ਉਗਰਾਹਾਂ) ਬਲਾਕ ਦਿੜ੍ਹਬਾ ਦੇ 20 ਪਿੰਡਾਂ ਵੱਲੋਂ ਭਗਵੰਤ ਮਾਨ ਸਰਕਾਰ ਦੇ ਪੁਤਲੇ ਫੂਕੇ ਗਏ। ਇਸ ਮੌਕੇ ਬਲਾਕ ਪ੍ਰਧਾਨ ਹਰਜੀਤ ਸਿੰਘ ਮਹਿਲਾਂ ਅਤੇ ਅਮਨਦੀਪ ਸਿੰਘ ਮਹਿਲਾਂ ਨੇ ਪਿੰਡ ਜਿਉਂਦ ਵਿੱਚ ਕਿਸਾਨਾਂ 'ਤੇ ਕੀਤੇ ਤਸ਼ੱਦਦ ਦੀ ਨਿਖੇਧੀ ਕੀਤੀ। ਉਨ੍ਹਾਂ ਕਿਹਾ ਕਿ ਜੇ ਸਰਕਾਰ ਕਿਸਾਨਾਂ 'ਤੇ ਇਸ ਤਰ੍ਹਾਂ ਤਸ਼ੱਦਦ ਕਰਨ ਤੋਂ ਬਾਜ ਨਾ ਆਈ ਤਾਂ ਆਉਣ ਵਾਲੇ ਸਮੇਂ ਵਿੱਚ ਇਸ ਜਬਰ ਦਾ ਲੋਕ ਹਿਸਾਬ ਕਿਤਾਬ ਜ਼ਰੂਰ ਕਰਨਗੇ। ਇਸ ਮੌਕੇ ਜਗਦੀਪ ਸਿੰਘ ਮਹਿਲਾਂ, ਹਰਬੰਸ ਸਿੰਘ ਦਿੜ੍ਹਬਾ, ਜਸਵੰਤ ਸਿੰਘ ਸਮੂਰਾ, ਮਿਸ਼ਰਾ ਸਿੰਘ, ਜੋਗਿੰਦਰ ਸਿੰਘ, ਮੇਜਰ ਕੌਹਰੀਆਂ ਹਾਜ਼ਰ ਸਨ।

ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਬਲਾਕ ਲਹਿਰਾਗਾਗਾ ਦੀ ਇਕਾਈ ਪਿੰਡ ਸੰਗਤਪੁਰਾ ਵਿੱਚ ਕਿਸਾਨਾਂ ਨੇ ਮੁੱਖ ਮੰਤਰੀ ਭਗਵੰਤ ਮਾਨ ਦੀ ਅਰਥੀ ਫੂਕੀ।ਇਸ ਮੌਕੇ ਇਕਾਈ ਪ੍ਰਧਾਨ ਦਰਸ਼ਨ ਸਿੰਘ ਸੰਗਤਪੁਰਾ ਨੇ ਪਿੰਡ ਜਿਉਂਦ ਵਿੱਚ ਕਿਸਾਨਾਂ 'ਤੇ ਕੀਤੇ ਜਬਰ ਦੀ ਨਿੰਦਾ ਕੀਤੀ। ਇਸ ਮੌਕੇ ਬਲਾਕ ਪ੍ਰਧਾਨ ਗੁਰਪ੍ਰੀਤ ਸੰਗਤਪੁਰਾ, ਗੁਰਚਰਨ ਸਿੰਘ, ਅਮਰਜੀਤ ਸਿੰਘ ਗਿਦੜਿਆਣੀ ਹਾਜ਼ਰ ਸਨ।

# ਮਾਂ ਬੋਲੀ ਦਿਹਾੜਾ ਨੂੰ ਸਮਰਪਿਤ ਪ੍ਰੋਗਰਾਮ ਉਤਸ਼ਾਹ ਨਾਲ ਮਨਾਇਆ ਗਿਆ




**ਪਟਿਆਲਾ, 23 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬੀ ਯੂਨੀਵਰਸਿਟੀ ਦੇ ਮਕੈਨੀਕਲ ਇੰਜੀਨੀਅਰਿੰਗ ਵਿਭਾਗ ਵੱਲੋਂ ਅੰਤਰਰਾਸ਼ਟਰੀ ਮਾਂ ਬੋਲੀ ਦਿਹਾੜੇ ਨੂੰ ਸਮਰਪਿਤ ਵਿਦਿਆਰਥੀਆਂ ਲਈ ਪੋਸਟਰ ਮੇਕਿੰਗ ਅਤੇ ਕਾਵਿ-ਉਚਾਰਣ ਮੁਕਾਬਲੇ ਕਰਵਾਏ ਗਏ। ਦੋਵਾਂ ਮੁਕਾਬਲਿਆਂ ਵਿੱਚ ਵਿਭਾਗ ਦੇ ਵਿਦਿਆਰਥੀਆਂ ਨੇ ਵੱਡੇ ਉਤਸ਼ਾਹ ਨਾਲ ਭਾਗ ਲਿਆ। ਮਕੈਨੀਕਲ ਇੰਜੀਨੀਅਰਿੰਗ ਵਿਭਾਗ ਦੇ ਮੁਖੀ ਡਾ. ਵਿਨੋਦ ਕੁਮਾਰ ਵਰਮਾ ਨੇ ਸਵਾਗਤੀ ਭਾਸ਼ਣ ਦਿੰਦਿਆਂ ਕਿਹਾ ਕਿ ਇਸ ਸਮਾਗਮ ਦਾ ਮੂਲ ਉਦੇਸ਼ ਮਾਂ ਬੋਲੀ ਪ੍ਰਤੀ ਜਾਗਰੂਕਤਾ ਪੈਦਾ ਕਰਨ ਦੇ ਨਾਲ-ਨਾਲ ਵਿਦਿਆਰਥੀਆਂ ਨੂੰ ਆਪਣੇ ਵਿਚਾਰ ਪ੍ਰਗਟ ਕਰਨ ਲਈ ਮੰਚ ਪ੍ਰਦਾਨ ਕਰਨਾ ਹੈ। ਇਸ ਮੌਕੇ ਉਨ੍ਹਾਂ ਨੇ ਵਿਸ਼ੇਸ਼ ਲੈਕਚਰ ਦੇਣ ਲਈ ਮੁੱਖ ਵਕਤਾ ਦੇ ਤੌਰ ਉੱਤੇ ਆਏ ਉੱਘੇ ਕਵੀ ਅਤੇ ਲੇਖਕ ਡਾ. ਮੋਹਨ ਤਿਆਗੀ ਦਾ ਸਵਾਗਤ ਕੀਤਾ। ਉਨ੍ਹਾਂ ਦੱਸਿਆ ਕਿ ਵਿਭਾਗ ਵਿੱਚ ਪੰਜਾਬੀ ਸਾਹਿਤ ਨੂੰ ਪ੍ਰਫੁੱਲਤ ਕਰਨ ਲਈ ਪੰਜਾਬੀ ਲਿਟਰੇਰੀ ਕਮੇਟੀ ਦਾ ਗਠਨ ਕੀਤਾ ਗਿਆ ਹੈ, ਜੋ ਸਮੇਂ-ਸਮੇਂ 'ਤੇ ਅਜਿਹੇ ਸਾਹਿਤਿਕ ਮੁਕਾਬਲੇ ਕਰਵਾਉਂਦੀ ਰਹਿੰਦੀ ਹੈ। ਡੀਨ ਇੰਜੀਨੀਅਰਿੰਗ ਫੈਕਲਟੀ ਮਨਜੀਤ ਸਿੰਘ ਭਮਰਾ ਨੇ ਵੀ ਆਪਣੇ ਸੰਬੋਧਨ ਵਿੱਚ ਵਿਦਿਆਰਥੀਆਂ ਅਤੇ ਅਧਿਆਪਕਾਂ ਦੀ ਪ੍ਰਸ਼ੰਸਾ ਕਰਦਿਆਂ ਕਿਹਾ ਕਿ ਅਜਿਹੇ ਉਪਰਾਲੇ ਤਕਨੀਕੀ ਵਿਦਿਆ ਦੇ ਨਾਲ ਨਾਲ ਭਾਸ਼ਾਈ ਅਤੇ ਸਾਹਿਤਿਕ ਜਾਗਰੂਕਤਾ ਨੂੰ ਵੀ ਮਜ਼ਬੂਤ ਕਰਦੇ ਹਨ। ਪ੍ਰੋਗਰਾਮ ਕਨਵੀਨਰ ਡਾ. ਚਰਨਜੀਤ ਨੌਹਰਾ ਅਤੇ ਕੋ-ਕਨਵੀਨਰ ਡਾ. ਖ਼ੁਸ਼ਦੀਪ ਗੋਇਲ ਨੇ ਜਾਣਕਾਰੀ ਦਿੰਦਿਆਂ ਕਿਹਾ ਕਿ ਇੰਜੀਨੀਅਰਿੰਗ ਵਿਦਿਆਰਥੀਆਂ ਦੀਆਂ ਸਾਹਿਤਿਕ ਰੁਚੀਆਂ ਨੂੰ ਉਤਸ਼ਾਹਿਤ ਕਰਨ ਅਤੇ ਮਾਂ ਬੋਲੀ ਪ੍ਰਤੀ ਉਨ੍ਹਾਂ ਦੇ ਵਿਚਾਰਾਂ ਨੂੰ ਮੰਚ ਦੇਣ ਲਈ ਅਜਿਹੇ ਸਮਾਗਮ ਹਰ ਸਾਲ ਕਰਵਾਏ ਜਾਂਦੇ ਹਨ। ਸੈਮੀਨਾਰ ਹਾਲ ਵਿੱਚ ਹੋਏ ਇਸ ਸਮਾਗਮ ਵਿੱਚ ਯੂਨੀਵਰਸਿਟੀ ਦੇ ਪੰਜਾਬੀ ਸਾਹਿਤ ਅਧਿਐਨ ਵਿਭਾਗ ਦੇ ਮੁਖੀ ਡਾ. ਮੋਹਨ ਤਿਆਗੀ ਮੁੱਖ ਵਕਤਾ ਵਜੋਂ ਸ਼ਾਮਲ ਹੋਏ। ਡਾ. ਚਰਨਜੀਤ ਨੌਹਰਾ ਨੇ ਉਨ੍ਹਾਂ ਦੀ ਜਾਣ-ਪਛਾਣ ਕਰਵਾਉਂਦਿਆਂ ਦੱਸਿਆ ਕਿ ਡਾ. ਤਿਆਗੀ 20 ਤੋਂ ਵੱਧ ਕਿਤਾਬਾਂ ਦੇ ਲੇਖਕ ਹਨ ਅਤੇ ਉਨ੍ਹਾਂ ਨੂੰ ਸੰਤ ਰਾਮ ਉਦਾਸੀ ਪੁਰਸਕਾਰ, ਲਾਲ ਸਿੰਘ ਦਿਲ ਪੁਰਸਕਾਰ ਅਤੇ ਹਰਭਜਨ ਸਿੰਘ ਹਲਵਾਰਵੀ ਪੁਰਸਕਾਰ ਨਾਲ ਸਨਮਾਨਿਤ ਕੀਤਾ ਜਾ ਚੁੱਕਿਆ ਹੈ। ਆਪਣੇ ਸੰਬੋਧਨ ਵਿੱਚ ਡਾ. ਮੋਹਨ ਤਿਆਗੀ ਨੇ ਇੰਜੀਨੀਅਰਿੰਗ ਵਿਦਿਆਰਥੀਆਂ ਨੂੰ ਪੰਜਾਬੀ ਸਾਹਿਤ ਨਾਲ ਵੱਧ ਤੋਂ ਵੱਧ ਜੁੜਨ ਦੀ ਪ੍ਰੇਰਣਾ ਦਿੱਤੀ ਅਤੇ ਕਾਵਿ-ਉਚਾਰਣ ਮੁਕਾਬਲੇ ਵਿੱਚ ਭਾਗ ਲੈਣ ਵਾਲੇ ਵਿਦਿਆਰਥੀਆਂ ਦੀ ਵੀ ਹੌਂਸਲਾ ਅਫਜ਼ਾਈ ਕੀਤੀ। ਕਾਵਿ-ਉਚਾਰਣ ਮੁਕਾਬਲੇ ਲਈ ਜੱਜਾਂ ਦੀ ਭੂਮਿਕਾ ਡਾ. ਗੁਰਜੰਟ ਸਿੰਘ ਅਤੇ ਡਾ. ਦਵਿੰਦਰ ਸਿੰਘ ਨੇ ਨਿਭਾਈ, ਜਦਕਿ ਪੋਸਟਰ ਮੇਕਿੰਗ ਮੁਕਾਬਲੇ ਲਈ ਸ੍ਰੀਮਤੀ ਪਰਮੀਤ ਕੌਰ ਜੱਜ ਰਹੇ। ਮੁਕਾਬਲਿਆਂ ਦੇ ਨਤੀਜਿਆਂ ਬਾਰੇ ਜਾਣਕਾਰੀ ਡਾ. ਦਵਿੰਦਰ ਸਿੰਘ ਨੇ ਦਿੱਤੀ। ਪੋਸਟਰ ਮੇਕਿੰਗ ਮੁਕਾਬਲੇ ਵਿੱਚ ਪਹਿਲਾ ਸਥਾਨ ਪਲਕ (ਬੀ.ਟੈਕ ਪਹਿਲਾ ਵਰ੍ਹਾ), ਦੂਜਾ ਸਥਾਨ ਕਰਨ (ਬੀ.ਟੈਕ ਦੂਜਾ ਵਰ੍ਹਾ) ਅਤੇ ਤੀਜਾ ਸਥਾਨ ਮੋਨਿਕਾ (ਬੀ.ਟੈਕ ਤੀਜਾ ਵਰ੍ਹਾ) ਨੇ ਹਾਸਲ ਕੀਤਾ। ਕਾਵਿ-ਉਚਾਰਣ ਮੁਕਾਬਲੇ ਵਿੱਚ ਪਹਿਲਾ ਸਥਾਨ ਹਰਸ਼ਦੀਪ ਕੌਰ, ਦੂਜਾ ਸਥਾਨ ਸਿਮਰਨ ਕੌਰ ਅਤੇ ਤੀਜਾ ਸਥਾਨ ਜਸਨੂਰ ਸਿੰਘ ਬਰਾੜ ਨੇ ਹਾਸਲ ਕੀਤਾ। ਮੰਚ ਸੰਚਾਲਨ ਵਿਦਿਆਰਥੀਆਂ ਅਰਸ਼ਦੀਪ ਸਿੰਘ ਮੰਡੇਰ, ਪ੍ਰਵੀਨ ਕੌਰ ਅਤੇ ਹਰਸ਼ਦੀਪ ਕੌਰ ਵੱਲੋਂ ਕੀਤਾ ਗਿਆ। ਸਮਾਗਮ ਦੇ ਅੰਤ ਵਿੱਚ ਡਾ. ਸੁਖਜਿੰਦਰ ਸਿੰਘ ਬੁੱਟਰ ਨੇ ਧੰਨਵਾਦੀ ਭਾਸ਼ਣ ਪੇਸ਼ ਕੀਤਾ। ਸਮੂਹ ਵਿਦਿਆਰਥੀਆਂ ਨੇ ਇਸ ਪ੍ਰੋਗਰਾਮ ਵਿੱਚ ਉਤਸ਼ਾਹ ਨਾਲ ਭਾਗ ਲਿਆ ਅਤੇ ਮਾਂ ਬੋਲੀ ਪ੍ਰਤੀ ਆਪਣੀ ਨਿਸ਼ਠਾ ਦਾ ਪ੍ਰਗਟਾਵਾ ਕੀਤਾ।

# ਕੈਬਨਿਟ ਮੰਤਰੀ ਨੇ ਜਲੰਧਰ 'ਚ ਵਿਕਾਸ ਪ੍ਰਾਜੈਕਟਾਂ ਦਾ ਲਿਆ ਜਾਇਜ਼ਾ, ਸਮੇਂ ਸਿਰ ਮੁਕੰਮਲ ਕਰਨ 'ਤੇ ਦਿੱਤਾ ਜ਼ੋਰ



**ਜਲੰਧਰ, 23 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਬਾਗਬਾਨੀ, ਸੁਤੰਤਰਤਾ ਸੈਨਾਨੀ ਅਤੇ ਰੱਖਿਆ ਸੇਵਾਵਾਂ ਭਲਾਈ ਮੰਤਰੀ ਮੋਹਿੰਦਰ ਭਗਤ ਨੇ ਅੱਜ ਜਲੰਧਰ ਸ਼ਹਿਰ ਵਿੱਚ ਚੱਲ ਰਹੇ ਵਿਕਾਸ ਕਾਰਜਾਂ ਦਾ ਜਾਇਜ਼ਾ ਲਿਆ ਅਤੇ ਨਗਰ ਨਿਗਮ ਦੇ ਅਧਿਕਾਰੀਆਂ ਨੂੰ ਇਹ ਪ੍ਰਾਜੈਕਟ ਸਮੇਂ ਸਿਰ ਮੁਕੰਮਲ ਕਰਨ ਦੀਆਂ ਹਦਾਇਤਾਂ ਕੀਤੀਆਂ।

ਮੇਅਰ ਵਿਨੀਤ ਧੀਰ, ਚੇਅਰਮੈਨ ਜ਼ਿਲ੍ਹਾ ਯੋਜਨਾ ਕਮੇਟੀ ਅੰਮ੍ਰਿਤਪਾਲ ਸਿੰਘ ਅਤੇ ਕਮਿਸ਼ਨਰ ਨਗਰ ਨਿਗਮ ਸੰਦੀਪ ਰਿਸ਼ੀ ਸਮੇਤ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਕੈਬਨਿਟ ਮੰਤਰੀ ਨੇ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਸ਼ਹਿਰੀ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਕੇ ਨਾਗਰਿਕਾਂ ਸੇਵਾਵਾਂ ਵਿੱਚ ਵਾਧਾ ਕਰਨ ਲਈ ਵਚਨਬੱਧ ਹੈ।

ਮੀਟਿੰਗ ਦੌਰਾਨ ਕੈਬਨਿਟ ਮੰਤਰੀ ਨੇ ਸੜਕ ਨਿਰਮਾਣ, ਜਲ ਸਪਲਾਈ ਵਧਾਉਣ ਅਤੇ ਸੀਵਰੇਜ ਪ੍ਰਣਾਲੀ ਨੂੰ ਅਪਗ੍ਰੇਡ ਕਰਨ ਸਮੇਤ ਵੱਡੇ ਪ੍ਰਾਜੈਕਟਾਂ ਦਾ ਵਿਸਥਾਰ ਨਾਲ ਜਾਇਜ਼ਾ ਲਿਆ। ਉਨ੍ਹਾਂ ਅਧਿਕਾਰੀਆਂ ਨੂੰ ਸਾਰੇ ਵਿਕਾਸ ਕਾਰਜਾਂ 'ਤੇ ਸਖ਼ਤੀ ਨਾਲ ਨਿਗਰਾਨੀ ਰੱਖਣ ਦੇ ਨਿਰਦੇਸ਼ ਦਿੱਤੇ ਅਤੇ ਚਿਤਾਵਨੀ ਦਿੱਤੀ ਕਿ ਗੁਣਵੱਤਾ ਨਾਲ ਕੋਈ ਵੀ ਸਮਝੌਤਾ, ਖਾਸ ਕਰਕੇ ਸੜਕ ਨਿਰਮਾਣ ਅਤੇ ਜਨਤਕ ਬੁਨਿਆਦੀ ਢਾਂਚੇ ਦੇ ਪ੍ਰਾਜੈਕਟਾਂ ਵਿੱਚ, ਬਿਲਕੁਲ ਬਰਦਾਸ਼ਤ ਨਹੀਂ ਕੀਤਾ ਜਾਵੇਗਾ।

ਉਨ੍ਹਾਂ ਕਿਹਾ ਕਿ ਸੂਬੇ ਵਿੱਚ ਵਿਕਾਸ ਕਾਰਜਾਂ ਲਈ ਫੰਡਜ਼ ਦੀ ਕੋਈ ਕਮੀ ਨਹੀਂ ਹੈ ਅਤੇ ਸੂਬਾ ਸਰਕਾਰ ਨਾਗਰਿਕ ਸੇਵਾਵਾਂ ਨੂੰ ਹੋਰ ਬਿਹਤਰ ਬਣਾਉਣ ਲਈ ਪਹਿਲਾਂ ਹੀ ਕਈ ਅਗਾਂਹਵਧੂ ਪਹਿਲਕਦਮੀਆਂ ਕਰ ਰਹੀ ਹੈ।ਇਸ ਮੌਕੇ ਵਾਰਡ ਕੌਂਸਲਰਾਂ ਵਲੋਂ ਆਪੋ-ਆਪਣੇ ਖੇਤਰਾਂ ਵਿੱਚ ਨਵੇਂ ਵਿਕਾਸ ਕਾਰਜਾਂ ਲਈ ਤਜਵੀਜ਼ਾਂ ਵੀ ਪੇਸ਼ ਕੀਤੀਆਂ ਗਈਆਂ। ਕੈਬਨਿਟ ਮੰਤਰੀ ਨੇ ਅਧਿਕਾਰੀਆਂ ਨੂੰ ਵਿਕਾਸ ਪ੍ਰਾਜੈਕਟਾਂ ਸਬੰਧੀ ਜਲਦ ਤੋਂ ਜਲਦ ਵਿਸਥਾਰਿਤ ਰਿਪੋਰਟ ਬਣਾਉਣ ਦੀਆਂ ਹਦਾਇਤਾਂ ਕੀਤੀਆਂ ਗਈਆਂ ਤਾਂ ਜੋ ਇਨ੍ਹਾਂ ਕੰਮਾਂ ਨੂੰ ਸਮੇਂ ਸਿਰ ਸ਼ੁਰੂ ਕੀਤਾ ਜਾ ਸਕੇ।

# ਗੁਰਦੁਆਰਿਆਂ ਦੀਆਂ ਜ਼ਮੀਨਾਂ ਸਸਤੇ ਭਾਅ ਵੇਚਣ ਦੇ ਵਾਧੂ ਸਬੂਤ : ਗਿਆਨੀ ਹਰਪ੍ਰੀਤ ਸਿੰਘ

**ਅੰਮ੍ਰਿਤਸਰ, 23 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**



ਸਾਬਕਾ ਜਥੇਦਾਰ ਅਤੇ ਸ਼੍ਰੋਮਣੀ ਅਕਾਲੀ ਦਲ ਪੁਨਰ ਸੁਰਜੀਤ ਦੇ ਪ੍ਰਧਾਨ ਗਿਆਨੀ ਹਰਪ੍ਰੀਤ ਸਿੰਘ ਨੇ ਸ਼੍ਰੋਮਣੀ ਕਮੇਟੀ ਵੱਲੋਂ ਉਨ੍ਹਾਂ ਖਿਲਾਫ ਮਾਨਹਾਨੀ ਦਾ ਕੇਸ ਦਾਇਰ ਕਰਨ ਦੇ ਫੈਸਲੇ ਦਾ ਸਵਾਗਤ ਕਰਦਿਆਂ ਕਿਹਾ ਕਿ ਉਹ ਇਸ ਸਬੰਧ ਵਿੱਚ ਲੋੜੀਂਦੇ ਸਬੂਤ ਅਦਾਲਤ ਵਿੱਚ, ਪੰਥ ਦੀ ਕਚਹਿਰੀ ਵਿੱਚ ਅਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਦੇ ਘਰ ਜਾ ਕੇ ਵੀ ਸੌਂਪਣਗੇ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਅੱਜ ਅੰਤਰਿੰਗ ਕਮੇਟੀ ਦੀ ਮੀਟਿੰਗ ਤੋਂ ਬਾਅਦ ਪੱਤਰਕਾਰ ਸੰਮੇਲਨ ਦੌਰਾਨ ਗੁਰਦੁਆਰਿਆਂ ਦੀਆਂ ਜ਼ਮੀਨਾਂ ਵੇਚਣ ਸਬੰਧੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਵੱਲੋਂ ਲਾਏ ਗਏ ਦੋਸ਼ਾਂ ਨੂੰ ਬੇਬੁਨਿਆਦ ਅਤੇ ਨਿਰਾਧਾਰ ਆਖਦਿਆਂ ਉਨ੍ਹਾਂ ਨੂੰ ਜਨਤਕ ਤੌਰ 'ਤੇ ਮੁਆਫੀ ਮੰਗਣ ਜਾਂ ਉਨ੍ਹਾਂ ਖਿਲਾਫ ਮਾਨਹਾਨੀ ਦਾ ਕੇਸ ਦਾਇਰ ਕਰਨ ਦੀ ਚਿਤਾਵਨੀ ਦਿੱਤੀ ਹੈ। ਉਹਨਾਂ ਆਖਿਆ ਕਿ ਗਿਆਨੀ ਹਰਪ੍ਰੀਤ ਸਿੰਘ ਨੇ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਨੂੰ ਬਦਨਾਮ ਕਰਨ ਦਾ ਯਤਨ ਕੀਤਾ ਹੈ ਅਤੇ ਸੰਗਤ ਨੂੰ ਗੁਮਰਾਹ ਕੀਤਾ ਹੈ।

ਇਸ ਮਾਮਲੇ ਵਿੱਚ ਗਿਆਨੀ ਹਰਪ੍ਰੀਤ ਸਿੰਘ ਨੇ ਇੱਕ ਵੀਡੀਓ ਅਪਲੋਡ ਕਰਕੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੂੰ ਸੁਖਬੀਰ ਸਿੰਘ ਬਾਦਲ ਦਾ ਸਿਪਾਹੀ ਆਖਦਿਆਂ ਕਿਹਾ ਕਿ ਉਹ ਮਾਨਹਾਨੀ ਦਾ ਕੇਸ ਅਦਾਲਤ ਵਿੱਚ ਦਾਇਰ ਕਰਨ ਦੇ ਫੈਸਲੇ ਦਾ ਸਵਾਗਤ ਕਰਦੇ ਹਨ ਪਰ ਉਹਨਾਂ ਕੋਲ ਇਸ ਸਬੰਧੀ ਵਾਧੂ ਸਬੂਤ ਹਨ।

ਉਹ ਇਹ ਸਬੂਤ ਅਦਾਲਤ ਵਿੱਚ ਵੀ ਪੇਸ਼ ਕਰਨਗੇ ਅਤੇ ਹੋਲੇ ਮਹੱਲੇ ਮੌਕੇ ਕੀਤੇ ਜਾਣ ਵਾਲੀ ਕਾਨਫਰੰਸ ਵਿੱਚ ਸੰਗਤ ਦੀ ਕਚਹਿਰੀ ਵਿੱਚ ਵੀ ਰੱਖਣਗੇ। ਹੋਲੇ ਮਹੱਲੇ ਤੋਂ ਬਾਅਦ ਇੱਕ ਇਕੱਠ ਦੇ ਰੂਪ ਵਿੱਚ ਉਹ ਇਹ ਸਬੂਤ ਐਡਵੋਕੇਟ ਧਾਮੀ ਦੇ ਘਰ ਦੇਣ ਵਾਸਤੇ ਵੀ ਜਾਣਗੇ, ਜਿੱਥੇ ਸੰਗਤ ਐਡਵੋਕੇਟ ਧਾਮੀ ਕੋਲੋਂ ਇਸ ਸਬੰਧੀ ਸਵਾਲ ਵੀ ਪੁੱਛੇਗੀ।

ਉਹਨਾਂ ਆਖਿਆ ਕਿ ਸਿੱਖ ਵਿਦਵਾਨਾਂ ਨੇ ਆਖਿਆ ਸੀ ਕਿ ਜਥੇਦਾਰ ਅਦਾਲਤਾਂ ਵਿੱਚ ਨਹੀਂ ਜਾਂਦੇ ਪਰ ਹੁਣ ਜਦੋਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਅਦਾਲਤ ਵਿੱਚ ਜਾਣਗੇ ਤਾਂ ਉਹ ਉਨ੍ਹਾਂ ਨੂੰ ਬਰਖਾਸਤ ਕਰਨ ਵਾਲੇ ਫੈਸਲੇ ਦਾ ਮਾਮਲਾ ਵੀ ਅਦਾਲਤ ਵਿੱਚ ਲੈ ਕੇ ਜਾਣਗੇ ਜਿੱਥੇ ਉਹਨਾਂ ਕੋਲੋਂ ਪੁੱਛਣਗੇ ਕਿ ਕਿਸ ਆਧਾਰ 'ਤੇ ਅਤੇ ਕਿਸ ਕਥਿਤ ਕਮੇਟੀ ਦੀ ਜਾਂਚ ਦੇ ਆਧਾਰ 'ਤੇ ਉਹਨਾਂ ਨੂੰ ਅਹੁਦੇ ਤੋਂ ਹਟਾਇਆ ਗਿਆ ਸੀ।

ਉਨ੍ਹਾਂ ਨੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਨੂੰ ਆਖਿਆ ਕਿ ਉਹ ਹੁਣ ਗੁਰਦੁਆਰਾ ਭੱਠਾ ਸਾਹਿਬ ਅਤੇ ਗੁਰਦੁਆਰਾ ਅੰਬ ਸਾਹਿਬ ਤੋਂ ਇਲਾਵਾ ਹੋਰਨਾਂ ਗੁਰਦੁਆਰਿਆਂ ਦੇ ਮੈਨੇਜਰਾਂ ਨੂੰ ਵੀ ਮਾਨਹਾਨੀ ਦੇ ਕੇਸ ਦਾਇਰ ਕਰਨ ਲਈ ਅਧਿਕਾਰਤ ਕਰ ਦੇਣ ਕਿਉਂਕਿ ਉਹ ਹੋਰ ਵੀ ਗੁਰਦੁਆਰਿਆਂ ਦੀਆਂ ਜ਼ਮੀਨਾਂ ਦੇ ਮਾਮਲਿਆਂ ਸਬੰਧੀ ਮੁੱਦੇ ਚੁੱਕਣ ਜਾ ਰਹੇ ਹਨ।

ਉਹਨਾਂ ਆਖਿਆ ਕਿ ਗੁਰਦੁਆਰਾ ਅੰਬ ਸਾਹਿਬ ਦੀ ਜ਼ਮੀਨ ਵੇਚਣ ਦੇ ਮਾਮਲੇ ਵਿੱਚ ਸਿੱਖ ਸੰਗਤ ਦੀਆਂ ਭਾਵਨਾਵਾਂ ਨੂੰ ਵੱਡੀ ਠੇਸ ਪੁੱਜੀ ਹੈ।

ਇਸ ਮਾਮਲੇ ਨੂੰ ਲੈ ਕੇ ਜਥੇਬੰਦੀ ਅਤੇ ਸਿੱਖ ਸੰਗਤ ਵੱਲੋਂ ਅਦਾਲਤ ਵਿੱਚ ਵੱਖ-ਵੱਖ ਅਤੇ ਵੱਡੇ ਪੱਧਰ 'ਤੇ ਪਟੀਸ਼ਨਾਂ ਦਾਇਰ ਕਰਕੇ ਸਿੱਖ ਸੰਗਤ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦੇ ਦੋਸ਼ ਹੇਠ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਖਿਲਾਫ ਕਾਰਵਾਈ ਦੀ ਅਪੀਲ ਕੀਤੀ ਜਾਵੇਗੀ।

# ਅੰਮ੍ਰਿਤਸਰ 'ਚ ਦਹਿਸ਼ਤ ਦੀ ਵੱਡੀ ਸਾਜ਼ਿਸ਼ ਨਾਕਾਮ

**ਅੰਮ੍ਰਿਤਸਰ, 23 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਅੰਮ੍ਰਿਤਸਰ ਦੇ ਰਈਆ ਵਿੱਚ ਸ਼ੁੱਕਰਵਾਰ ਦੇਰ ਰਾਤ ਪੰਜਾਬ ਪੁਲੀਸ ਨੇ ਇੱਕ ਵੱਡੀ ਅਤਿਵਾਦੀ ਘਟਨਾ ਨੂੰ ਟਾਲਦਿਆਂ ਬਿਆਸ ਪੁਲੀਸ ਸਟੇਸ਼ਨ ਦੇ ਅਧੀਨ ਆਉਂਦੀ ਰਈਆ ਪੁਲੀਸ ਚੌਕੀ ਨੂੰ ਉਡਾਉਣ ਦੀ ਸਾਜ਼ਿਸ਼ ਨੂੰ ਨਾਕਾਮ ਕਰ ਦਿੱਤਾ। ਜਾਣਕਾਰੀ ਅਨੁਸਾਰ, ਪੁਲੀਸ ਚੌਕੀ ਦੇ ਪਿੱਛੇ ਇੱਕ ਸ਼ੱਕੀ ਵਸਤੂ ਮਿਲੀ ਸੀ, ਜਿਸ ਦੀ ਪਛਾਣ ਆਈ.ਈ.ਡੀ. (ਇੰਪ੍ਰੋਵਾਈਜ਼ਡ ਐਕਸਪਲੋਸਿਵ ਡਿਵਾਈਸ) ਵਜੋਂ ਹੋਈ।

ਸੂਚਨਾ ਮਿਲਦੇ ਹੀ ਸੁਰੱਖਿਆ ਏਜੰਸੀਆਂ ਨੇ ਇਲਾਕੇ ਨੂੰ ਸੀਲ ਕਰ ਦਿੱਤਾ ਅਤੇ ਸ਼ਨੀਵਾਰ ਤੜਕੇ ਬੰਬ ਨਿਰੋਧਕ ਦਸਤੇ ਨੇ ਇਸ ਖਤਰਨਾਕ ਯੰਤਰ ਨੂੰ ਸੁਰੱਖਿਅਤ ਢੰਗ ਨਾਲ ਨਸ਼ਟ ਕਰ ਦਿੱਤਾ। ਐਸ.ਐਸ.ਪੀ. ਅੰਮ੍ਰਿਤਸਰ ਦਿਹਾਤੀ ਸੋਹੇਲ ਕਾਸਿਮ ਮੀਰ ਨੇ ਦੱਸਿਆ ਕਿ ਫੋਰਸ ਦੀ ਮੁਸਤੈਦੀ ਸਦਕਾ ਇੱਕ ਵੱਡਾ ਹਾਦਸਾ ਹੋਣੋਂ ਬਚ ਗਿਆ ਹੈ।

ਪੁਲੀਸ ਇਸ ਗੱਲ ਦੀ ਗੰਭੀਰਤਾ ਨਾਲ ਜਾਂਚ ਕਰ ਰਹੀ ਹੈ ਕਿ ਇਸ ਘਟਨਾ ਪਿੱਛੇ ਕਿਸੇ ਅਤਿਵਾਦੀ ਸੰਗਠਨ ਦਾ ਹੱਥ ਹੈ ਜਾਂ ਫਿਰ ਕਿਸੇ ਗੈਂਗਸਟਰ ਗਰੁੱਪ ਨੇ ਪੁਲੀਸ ਨੂੰ ਨਿਸ਼ਾਨਾ ਬਣਾਉਣ ਲਈ ਇਹ ਹਰਕਤ ਕੀਤੀ ਹੈ। ਫਿਲਹਾਲ ਕਿਸੇ ਵੀ ਜਥੇਬੰਦੀ ਨੇ ਇਸ ਦੀ ਜ਼ਿੰਮੇਵਾਰੀ ਨਹੀਂ ਲਈ ਹੈ।

ਪੁਲੀਸ ਵੱਲੋਂ ਇਲਾਕੇ ਦੇ ਸੀਸੀਟੀਵੀ ਫੁਟੇਜ ਖੰਗਾਲੇ ਜਾ ਰਹੇ ਹਨ ਤਾਂ ਜੋ ਵਿਸਫੋਟਕ ਰੱਖਣ ਵਾਲੇ ਮੁਲਜ਼ਮਾਂ ਦੀ ਪਛਾਣ ਕੀਤੀ ਜਾ ਸਕੇ। ਪੁਲੀਸ ਅਧਿਕਾਰੀਆਂ ਦਾ ਕਹਿਣਾ ਹੈ ਕਿ ਮਾਮਲੇ ਦੀ ਡੂੰਘਾਈ ਨਾਲ ਜਾਂਚ ਜਾਰੀ ਹੈ ਅਤੇ ਜਲਦ ਹੀ ਦੋਸ਼ੀਆਂ ਨੂੰ ਕਾਬੂ ਕਰ ਲਿਆ ਜਾਵੇਗਾ।

# ਰਮਜ਼ਾਨ ਦੇ ਪਹਿਲੇ ਜੁੰਮੇ ਦੀ ਨਮਾਜ਼ ਅਦਾ



**ਲੁਧਿਆਣਾ, 23 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁਸਲਿਮ ਭਾਈਚਾਰੇ ਨੇ ਰਮਜ਼ਾਨ ਮਹੀਨੇ ਦੇ ਪਹਿਲੇ ਜੁੰਮੇ ਦੀ ਨਮਾਜ਼ ਅੱਜ ਸ਼ਹਿਰ ਭਰ ਦੀਆਂ ਵੱਖ-ਵੱਖ ਮਸਜਿਦਾਂ 'ਚ ਅਦਾ ਕੀਤੀ। ਫੀਲਡ ਗੰਜ ਚੌਂਕ ਸਥਿਤ ਇਤਿਹਾਸਿਕ ਜਾਮਾ ਮਸਜਿਦ ਵਿੱਚ ਸੰਬੋਧਨ ਕਰਦਿਆਂ ਪੰਜਾਬ ਦੇ ਸ਼ਾਹੀ ਇਮਾਮ ਮੌਲਾਨਾ ਮੁਹੰਮਦ-ਉਸਮਾਨ-ਰਹਿਮਾਨੀ-ਲੁਧਿਆਣਵੀਂ ਨੇ ਕਿਹਾ ਕਿ ਰੋਜ਼ਾ ਇਨਸਾਨ ਨੂੰ ਬੁਰਾਈਆਂ ਤੋਂ ਰੋਕ ਕੇ ਚੰਗੇ ਰਾਹ ਵੱਲ ਲਿਜਾਂਦਾ ਹੈ।ਉਨ੍ਹਾਂ ਕਿਹਾ ਕਿ ਰੋਜ਼ਾ ਰੱਖਣ ਦਾ ਮਤਲਬ ਸਿਰਫ਼ ਭੁੱਖੇ-ਪਿਆਸੇ ਰਹਿਣਾ ਨਹੀਂ ਹੈ ਸਗੋਂ ਰੋਜ਼ੇਦਾਰ ਲਈ ਲਾਜ਼ਮੀ ਹੈ ਕਿ ਉਹ ਆਪਣੀਆਂ ਅੱਖਾਂ, ਆਪਣੀ ਜ਼ੁਬਾਨ ਅਤੇ ਕੰਨਾਂ ਦਾ ਵੀ ਰੋਜ਼ਾ ਰੱਖੇ ਅਤੇ ਕਿਸੇ ਵੱਲ ਵੀ ਗਲਤ ਨਿਗ੍ਹਾ ਨਾਲ ਨਾ ਦੇਖੇ ਅਤੇ ਆਪਣੀ ਜ਼ੁਬਾਨ ਨਾਲ ਲੋਕਾਂ ਨੂੰ ਤਕਲੀਫ਼ ਨਾ ਪਹੁੰਚਾਵੇ। ਅੱਜ ਪਵਿੱਤਰ ਰਮਜ਼ਾਨ ਦੇ ਪਹਿਲੇ ਜੁੰਮੇ ਦੀ ਨਮਾਜ਼ ਮੌਕੇ ਲੱਖਾਂ ਮੁਸਲਮਾਨ ਮਸਜਿਦਾਂ 'ਚ ਇਕੱਠੇ ਹੋਏ ਜਿੱਥੇ ਉਨ੍ਹਾਂ ਨਮਾਜ਼ ਤੋਂ ਬਾਅਦ ਵਿਸ਼ਵ ਸ਼ਾਂਤੀ ਦੀ ਦੁਆ ਵੀ ਕੀਤੀ।

# ਪੁਲਿਸ ਵਿਭਾਗ 'ਚ ਨੌਕਰੀ ਦਿਵਾਉਣ ਦੇ ਨਾਂ 'ਤੇ 86.90 ਲੱਖ ਦੀ ਠੱਗੀ

**ਲੁਧਿਆਣਾ, 23 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਇੱਥੋਂ ਪੁਲੀਸ ਨੇ ਇੱਕ ਵਿਅਕਤੀ ਨੂੰ ਪੰਜਾਬ ਪੁਲ*ਸ ਵਿਭਾਗ ਵਿੱਚ ਸਪੋਰਟਸ ਕੋਟੇ ਤਹਿਤ ਸਰਕਾਰੀ ਨੌਕਰੀ ਦਿਵਾਉਣ ਦੇ ਬਹਾਨੇ 86.90 ਲੱਖ ਰੁਪਏ ਦੀ ਠੱਗੀ ਮਾਰਨ ਦੇ ਦੋਸ਼ ਵਿੱਚ ਇੱਕ ਜੋੜੇ ਅਤੇ ਉਨ੍ਹਾਂ ਦੇ ਪੁੱਤਰ ਖ਼ਿਲਾਫ਼ ਮਾਮਲਾ ਦਰਜ ਕੀਤਾ ਹੈ। ਪੈਸੇ ਲੈਣ ਦੇ ਬਾਵਜੂਦ ਮੁਲਜ਼ਮ ਸ਼ਿਕਾਇਤਕਰਤਾ ਦੇ ਪੁੱਤਰ ਨੂੰ ਪੁਲੀਸ ਵਿਭਾਗ ਵਿੱਚ ਭਰਤੀ ਕਰਵਾਉਣ ਵਿੱਚ ਅਸਫ਼ਲ ਰਹੇ ਅਤੇ ਪੈਸੇ ਵਾਪਸ ਕਰਨ ਤੋਂ ਵੀ ਇਨਕਾਰ ਕਰ ਦਿੱਤਾਨੌਕਰੀ ਦਾ ਵਾਅਦਾ ਕਰਨ ਤੋਂ ਇਲਾਵਾ ਮੁਲਜ਼ਮਾਂ ਨੇ ਕਾਰੋਬਾਰੀ ਨਿਵੇਸ਼ 'ਤੇ ਵੱਡੇ ਮੁਨਾਫੇ ਦਾ ਝੂਠਾ ਵਾਅਦਾ ਵੀ ਕੀਤਾ ਸੀ। ਲੁਧਿਆਣਾ ਦੇ ਪ੍ਰੇਮ ਨਗਰ ਦੇ ਰਹਿਣ ਵਾਲੇ ਸ਼ਿਕਾਇਤਕਰਤਾ ਪਰਮਿੰਦਰਪਾਲ ਨੇ ਪੁਲਿਸ ਨੂੰ ਦੱਸਿਆ ਕਿ ਮੁਲਜ਼ਮਾਂ ਨੇ ਆਪਸੀ ਮਿਲੀਭੁਗਤ ਨਾਲ ਉਸ ਦੇ ਪੁੱਤਰ ਨਮਨ ਗੋਇਲ ਨੂੰ ਖੇਡ ਕੋਟੇ ਤਹਿਤ ਪੁਲਿਸ ਵਿਭਾਗ ਵਿੱਚ ਗਜ਼ਟਿਡ ਅਹੁਦਾ ਦਿਵਾਉਣ ਦਾ ਭਰੋਸਾ ਦਿੱਤਾ ਸੀ।

ਉਨ੍ਹਾਂ ਨੇ ਕਾਰੋਬਾਰ ਵਿੱਚ ਵੱਡੇ ਮੁਨਾਫੇ ਦਾ ਲਾਲਚ ਵੀ ਦਿੱਤਾ ਅਤੇ ਇਨ੍ਹਾਂ ਵਾਅਦਿਆਂ ਦੇ ਬਦਲੇ ਮੁਲਜ਼ਮਾਂ ਨੇ ਵੱਖ-ਵੱਖ ਕਿਸ਼ਤਾਂ ਵਿੱਚ ਕੁੱਲ 86.90 ਲੱਖ ਰੁਪਏ ਹਾਸਲ ਕੀਤੇ।

ਹਾਲਾਂਕਿ, ਨਾ ਤਾਂ ਉਸ ਦੇ ਪੁੱਤਰ ਨੂੰ ਨੌਕਰੀ ਮਿਲੀ ਅਤੇ ਨਾ ਹੀ ਕੋਈ ਲਾਭ ਦਿੱਤਾ ਗਿਆ। ਜਦੋਂ ਉਸ ਨੇ ਆਪਣੇ ਪੈਸੇ ਵਾਪਸ ਮੰਗੇ ਤਾਂ ਮੁਲਜ਼ਮ ਟਾਲ-ਮਟੋਲ ਕਰਨ ਲੱਗੇ। ਸ਼ਿਕਾਇਤਕਰਤਾ ਨੇ ਦੋਸ਼ ਲਾਇਆ ਕਿ ਮੁਲਜ਼ਮਾਂ ਨੇ ਇੱਕ ਸੋਚੀ-ਸਮਝੀ ਸਾਜ਼ਿਸ਼ ਤਹਿਤ ਧੋਖਾਧੜੀ ਅਤੇ ਭਰੋਸੇ ਦੀ ਉਲੰਘਣਾ ਕੀਤੀ ਹੈ।
ਉਸ ਦੀ ਸ਼ਿਕਾਇਤ ਦੇ ਆਧਾਰ 'ਤੇ ਪੁਲੀਸ ਨੇ ਮਾਮਲਾ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਹੈ।

ਪੁਲੀਸ ਅਧਿਕਾਰੀਆਂ ਨੇ ਦੱਸਿਆ ਕਿ ਮਾਮਲਾ ਦਰਜ ਕਰਨ ਤੋਂ ਬਾਅਦ ਬੈਂਕ ਰਿਕਾਰਡ ਅਤੇ ਲੈਣ-ਦੇਣ ਦੀ ਜਾਂਚ ਕੀਤੀ ਜਾ ਰਹੀ ਹੈ ਅਤੇ ਮੁਲਜ਼ਮਾਂ ਤੋਂ ਪੁੱਛਗਿੱਛ ਕੀਤੀ ਜਾਵੇਗੀ।ਫਿਲਹਾਲ ਨਿਊ ਸ਼ਿਮਲਾਪੁਰੀ ਲੁਧਿਆਣਾ ਦੇ ਰਹਿਣ ਵਾਲੇ ਮੁਲਜ਼ਮ ਹਰਜਿੰਦਰ ਸਿੰਘ, ਉਸ ਦੀ ਪਤਨੀ ਕੁਲਵਿੰਦਰ ਕੌਰ ਅਤੇ ਉਨ੍ਹਾਂ ਦਾ ਪੁੱਤਰ ਯੂਨੀਕ ਸਿੰਘ ਫਰਾਰ ਹਨ। ਪੁਲੀਸ ਨੇ ਲੋਕਾਂ ਨੂੰ ਅਜਿਹੀਆਂ ਧੋਖਾਧੜੀਆਂ ਤੋਂ ਬਚਣ ਦੀ ਅਪੀਲ ਕੀਤੀ।

# ਤਿੰਨ ਮਹੀਨਿਆਂ 'ਚ ਸਿਹਤ ਕਾਰਡ ਜਾਰੀ ਕਰਨ ਦਾ ਟੀਚਾ

**ਲੁਧਿਆਣਾ, 23 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸੂਬਾ ਸਰਕਾਰ ਅਗਲੇ ਤਿੰਨ ਮਹੀਨਿਆਂ ਦੇ ਅੰਦਰ ਹਰੇਕ ਪੰਜਾਬੀ ਨੂੰ ਮੁੱਖ ਮੰਤਰੀ ਸਿਹਤ ਯੋਜਨਾ (ਐੱਮ ਐੱਮ ਐੱਸ ਵਾਈ) ਤਹਿਤ ਸਿਹਤ ਕਾਰਡ ਪ੍ਰਦਾਨ ਕਰਨ ਦੇ ਰਾਹ 'ਤੇ ਹੈ।

ਇਸ ਮੁਹਿੰਮ ਦਾ ਉਦੇਸ਼ ਪੰਜਾਬ ਦੀ ਪੂਰੀ ਆਬਾਦੀ ਨੂੰ ਪ੍ਰਤੀ ਪਰਿਵਾਰ ਸਾਲਾਨਾ 10 ਲੱਖ ਰੁਪਏ ਤੱਕ ਦਾ ਯੂਨੀਵਰਸਲ ਕੈਸ਼ਲੈੱਸ ਸਿਹਤ ਬੀਮਾ ਕਵਰੇਜ ਦੇਣਾ ਹੈ। ਪੰਜਾਬ ਦੇ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਸ਼ੁੱਕਰਵਾਰ ਨੂੰ ਇਹ ਐਲਾਨ ਕੀਤਾ।

ਮੁੱਖ ਮੰਤਰੀ ਸਿਹਤ ਯੋਜਨਾ ਦੀ ਸਮੀਖਿਆ ਤੋਂ ਬਾਅਦ ਮੀਡੀਆ ਨਾਲ ਗੱਲਬਾਤ ਕਰਦਿਆਂ ਸਿਹਤ ਮੰਤਰੀ ਡਾ. ਬਲਬੀਰ ਸਿੰਘ ਨੇ ਮੁੱਖ ਮੰਤਰੀ ਸਿਹਤ ਯੋਜਨਾ ਨੂੰ ਆਪਣੀ ਕਿਸਮ ਦੀ ਇੱਕ ਵਿਲੱਖਣ ਯੂਨੀਵਰਸਲ ਸਕੀਮ ਕਰਾਰ ਦਿੱਤਾ। ਸਿਹਤ ਮੰਤਰੀ ਨੇ ਖੁਲਾਸਾ ਕੀਤਾ ਕਿ ਨਾਮਾਂਕਣ ਪ੍ਰਕਿਰਿਆ ਨੇ ਬਹੁਤ ਤੇਜ਼ੀ ਫੜ ਲਈ ਹੈ।



ਇਸ ਸਮੇਂ ਹਰ ਰੋਜ਼ ਕਰੀਬ 60 ਹਜ਼ਾਰ ਸਿਹਤ ਕਾਰਡ ਜਾਰੀ ਕੀਤੇ ਜਾ ਰਹੇ ਹਨ ਅਤੇ ਪੰਜਾਬ ਸਰਕਾਰ ਹੁਣ ਰੋਜ਼ਾਨਾ ਔਸਤਨ 3 ਲੱਖ ਨਾਮਾਂਕਣ ਪ੍ਰਾਪਤ ਕਰਨ ਲਈ ਜ਼ੋਰ ਦੇ ਰਹੀ ਹੈ। ਹੁਣ ਤੱਕ ਰਾਜ ਭਰ ਵਿੱਚ ਲਗਪਗ 9 ਲੱਖ ਸਿਹਤ ਕਾਰਡ ਪਹਿਲਾਂ ਹੀ ਵੰਡੇ ਜਾ ਚੁੱਕੇ ਹਨ।

ਉਨ੍ਹਾਂ ਨੇ ਵਿਸ਼ੇਸ਼ ਤੌਰ 'ਤੇ ਹਸਪਤਾਲਾਂ ਨੂੰ ਪੰਜਾਬ ਦੇ ਸਭ ਤੋਂ ਵਧੀਆ ਪ੍ਰਦਰਸ਼ਨ ਕਰਨ ਵਾਲੇ ਹਲਕੇ ਵਜੋਂ ਉਜਾਗਰ ਕੀਤਾ। ਵਿੱਤੀ ਮੋਰਚੇ 'ਤੇ ਪੰਜਾਬ ਸਰਕਾਰ ਪਹਿਲਾਂ ਹੀ ਬੀਮਾ ਭਾਈਵਾਲ ਨੂੰ 500 ਕਰੋੜ ਰੁਪਏ ਜਾਰੀ ਕਰ ਚੁੱਕੀ ਹੈ। ਇਹ ਯਕੀਨੀ ਬਣਾਉਣ ਲਈ ਸਖ਼ਤ ਨਿਰਦੇਸ਼ ਜਾਰੀ ਕੀਤੇ ਗਏ ਹਨ ਕਿ ਸਾਰੇ ਸੂਚੀਬੱਧ ਹਸਪਤਾਲਾਂ ਨੂੰ 21 ਦਿਨਾਂ ਦੇ ਅੰਦਰ ਉਨ੍ਹਾਂ ਦੇ ਭੁਗਤਾਨ ਮਿਲ ਜਾਣ। ਮੰਤਰੀ ਨੇ ਪੁਸ਼ਟੀ ਕੀਤੀ ਕਿ ਇਸ ਵੇਲੇ 31 ਜਨਵਰੀ, 2026 ਤੱਕ ਹਸਪਤਾਲਾਂ ਦਾ ਕੋਈ ਬਕਾਇਆ ਨਹੀਂ ਹੈ ਜੋ ਸਿਹਤ ਸੰਭਾਲ ਪ੍ਰਦਾਤਾਵਾਂ ਨੂੰ ਪੂਰਾ ਭਰੋਸਾ ਦਿੰਦਾ ਹੈ।

# ਪੰਜਾਬ ਦੇ ਉਦਯੋਗ ਮੰਤਰੀ ਸੰਜੀਵ ਅਰੋੜਾ ਨੇ ਉਦਯੋਗਪਤੀ ਸੱਜਣ ਜਿੰਦਲ ਨਾਲ ਕੀਤੀ ਮੁਲਾਕਾਤ ; ਰਾਜਪੁਰਾ ਵਿੱਚ ਸਟੀਲ ਖੇਤਰ ਲਈ 1500 ਕਰੋੜ ਦੇ ਨਿਵੇਸ਼ ਦਾ ਐਲਾਨ

## ਰਾਜਪੁਰਾ ਵਿਖੇ ਸਟੀਲ ਖੇਤਰ 'ਚ 1500 ਕਰੋੜ ਦਾ ਨਿਵੇਸ਼ ਪੰਜਾਬ ਦੀ ਨਿਰਮਾਣ ਸਮਰੱਥਾ ਨੂੰ ਕਰੇਗਾ ਮਜ਼ਬੂਤ ਅਤੇ ਵੱਡੇ ਪੱਧਰ 'ਤੇ ਪੈਦਾ ਕਰੇਗਾ ਰੁਜ਼ਗਾਰ ਦੇ ਮੌਕੇ : ਸੰਜੀਵ ਅਰੋੜਾ

**ਚੰਡੀਗੜ੍ਹ, 23 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਉਦਯੋਗ ਅਤੇ ਵਪਾਰ, ਨਿਵੇਸ਼ ਪ੍ਰੋਤਸਾਹਨ ਅਤੇ ਬਿਜਲੀ ਮੰਤਰੀ ਸ਼੍ਰੀ ਸੰਜੀਵ ਅਰੋੜਾ ਨੇ ਅੱਜ ਮੁੰਬਈ ਵਿੱਚ ਪ੍ਰਮੁੱਖ ਉਦਯੋਗਪਤੀ ਅਤੇ Sajjan Jindal, ਚੇਅਰਮੈਨ, JSW Group ਨਾਲ ਮਹੱਤਵਪੂਰਨ ਮੀਟਿੰਗ ਕੀਤੀ। ਮੀਟਿੰਗ ਵਿੱਚ ਪੰਜਾਬ ਇਨਵੈਸਟ ਦੇ ਸੀਈਓ ਅਮਿਤ ਢਾਕਾ ਵੀ ਮੌਜੂਦ ਸਨ।



ਮੀਟਿੰਗ ਦੌਰਾਨ ਸੱਜਣ ਜਿੰਦਲ ਨੇ ਰਾਜਪੁਰਾ ਵਿੱਚ ਇਸਪਾਤ ਖੇਤਰ ਵਿੱਚ ?1,500 ਕਰੋੜ ਦੇ ਨਿਵੇਸ਼ ਦਾ ਐਲਾਨ ਕੀਤਾ। ਉਨ੍ਹਾਂ ਨੇ ਇਹ ਵੀ ਦੱਸਿਆ ਕਿ JSW ਗਰੁੱਪ ਪੰਜਾਬ ਵਿੱਚ ਆਪਣੇ ਵੱਖ-ਵੱਖ ਕਾਰੋਬਾਰੀ ਖੇਤਰਾਂ ਵਿੱਚ ਹੋਰ ਨਿਵੇਸ਼ ਦੇ ਮੌਕਿਆਂ ਦੀ ਜਾਂਚ ਕਰੇਗਾ। ਇਸ ਪ੍ਰਸਤਾਵਿਤ ਨਿਵੇਸ਼ ਨਾਲ ਰਾਜ ਦੀ ਉਤਪਾਦਨ ਸਮਰੱਥਾ ਮਜ਼ਬੂਤ ਹੋਵੇਗੀ, ਇਸਪਾਤ ਮੁੱਲ ਸ਼੍ਰਿੰਖਲਾ ਹੋਰ ਗਹਿਰੀ ਹੋਵੇਗੀ ਅਤੇ ਖੇਤਰ ਵਿੱਚ ਸਿੱਧੇ ਅਤੇ ਅਪਰੋਖ ਰੋਜ਼ਗਾਰ ਦੇ ਵੱਡੇ ਮੌਕੇ ਪੈਦਾ ਹੋਣਗੇ।

ਜਿੰਦਲ ਨੇ 13 ਮਾਰਚ ਨੂੰ Plaksha University ਵਿੱਚ ਹੋਣ ਵਾਲੇ ਇਨਵੈਸਟ ਪੰਜਾਬ ਸਮਿੱਟ ਦੇ ਉਦਘਾਟਨੀ ਸੈਸ਼ਨ ਵਿੱਚ ਆਪਣੀ ਹਾਜ਼ਰੀ ਦੀ ਪੁਸ਼ਟੀ ਕੀਤੀ। ਉਨ੍ਹਾਂ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਰਾਜ ਸਰਕਾਰ ਵੱਲੋਂ ਤਿਆਰ ਕੀਤੇ ਜਾ ਰਹੇ ਉਦਯੋਗ-ਅਨੁਕੂਲ ਮਾਹੌਲ ਅਤੇ ਸਰਗਰਮ ਉਦਯੋਗਿਕ ਪਹੁੰਚ ਦੀ ਸਰਾਹਨਾ ਕੀਤੀ।

ਮੰਤਰੀ ਸੰਜੀਵ ਅਰੋੜਾ ਨੇ ਕਿਹਾ ਕਿ ਪੰਜਾਬ ਉੱਤਰੀ ਬਾਜ਼ਾਰਾਂ ਨਾਲ ਸ਼ਾਨਦਾਰ ਕੁਨੈਕਟਿਵਿਟੀ, ਮਜ਼ਬੂਤ ਐਮਐਸਐਮਈ ਪ੍ਰਣਾਲੀ, ਕੁਸ਼ਲ ਮਨੁੱਖੀ ਸਰੋਤ ਅਤੇ ਇਸਪਾਤ, ਆਟੋ ਕੰਪੋਨੈਂਟਸ, ਟੈਕਸਟਾਈਲ, ਖੇਡ ਸਮਾਨ, ਫੂਡ ਪ੍ਰੋਸੈਸਿੰਗ ਅਤੇ ਲਾਈਟ ਇੰਜੀਨੀਅਰਿੰਗ ਵਰਗੇ ਖੇਤਰਾਂ ਵਿੱਚ ਵਿਕਸਿਤ ਉਦਯੋਗਿਕ ਕਲੱਸਟਰਾਂ ਨਾਲ ਸਜਿਆ ਹੋਇਆ ਹੈ। ਉਨ੍ਹਾਂ ਨੇ ਈਜ਼ ਆਫ ਡੂਇੰਗ ਬਿਜ਼ਨਸ ਸੁਧਾਰਾਂ ਵਿੱਚ ਪੰਜਾਬ ਨੂੰ ਲਗਾਤਾਰ ਟਾਪ ਅਚੀਵਰ ਦਾ ਦਰਜਾ ਮਿਲਣ ਅਤੇ ਸਮੇਂ-ਬੱਧ ਮਨਜ਼ੂਰੀਆਂ ਲਈ ਇਕਲ-ਖਿੜਕੀ ਪ੍ਰਣਾਲੀ ਦੀ ਵੀ ਚਰਚਾ ਕੀਤੀ।

ਮੰਤਰੀ ਨੇ ਦੱਸਿਆ ਕਿ ਪੰਜਾਬ ਸਰਕਾਰ ਨਵੀਂ, ਮਜ਼ਬੂਤ ਅਤੇ ਭਵਿੱਖ-ਕੇਂਦ੍ਰਿਤ ਉਦਯੋਗਿਕ ਨੀਤੀ ਨੂੰ ਅੰਤਿਮ ਰੂਪ ਦੇਣ ਦੇ ਅਗਲੇ ਪੜਾਅ ਵਿੱਚ ਹੈ। ਇਹ ਨੀਤੀ ਪ੍ਰਤੀਯੋਗੀ ਵਿੱਤੀ ਪ੍ਰੋਤਸਾਹਨ, ਪਲਗ-ਐਂਡ-ਪਲੇ ਉਦਯੋਗਿਕ ਢਾਂਚਾ, ਖੇਤਰ-ਵਿਸ਼ੇਸ਼ ਪਾਰਕ, ਤੇਜ਼ ਮਨਜ਼ੂਰੀਆਂ, ਲਾਜਿਸਟਿਕ ਕੁਸ਼ਲਤਾ ਅਤੇ ਡਿਫੈਂਸ ਮੈਨੂਫੈਕਚਰਿੰਗ, ਇਲੈਕਟ੍ਰਿਕ ਮੋਬਿਲਿਟੀ, ਅਡਵਾਂਸਡ ਮੈਟੀਰੀਅਲ, ਨਵੀਨੀਕਰਣਯੋਗ ਊਰਜਾ ਅਤੇ ਹਾਈ-ਐਂਡ ਇੰਜੀਨੀਅਰਿੰਗ ਵਰਗੇ ਉਭਰਦੇ ਖੇਤਰਾਂ ਲਈ ਮਜ਼ਬੂਤ ਨੀਤੀ ਸਮਰਥਨ ਪ੍ਰਦਾਨ ਕਰੇਗੀ। ਮੁੱਲ-ਵੱਧਤ ਉਤਪਾਦਨ, ਨਿਰਯਾਤ ਵਾਧੇ ਅਤੇ ਪੰਜਾਬ ਦੇ ਯੁਵਕਾਂ ਲਈ ਵੱਡੇ ਪੱਧਰ 'ਤੇ ਰੋਜ਼ਗਾਰ ਸਿਰਜਣ 'ਤੇ ਵਿਸ਼ੇਸ਼ ਧਿਆਨ ਦਿੱਤਾ ਜਾਵੇਗਾ।

ਜਿੰਦਲ ਨੇ ਪੰਜਾਬ ਸਰਕਾਰ ਦੀ ਸਰਗਰਮ ਅਤੇ ਉਦਯੋਗ-ਮਿੱਤਰ ਨੀਤੀਆਂ ਦੀ ਪ੍ਰਸ਼ੰਸਾ ਕਰਦੇ ਹੋਏ ਮੰਤਰੀ ਸੰਜੀਵ ਅਰੋੜਾ ਦੇ ਰਾਜ ਵਿੱਚ ਨਵੇਂ ਨਿਵੇਸ਼ ਆਕਰਸ਼ਿਤ ਕਰਨ ਲਈ ਕੀਤੇ ਜਾ ਰਹੇ ਅਥਕ ਯਤਨਾਂ ਦੀ ਭਰਪੂਰ ਸਰਾਹਨਾ ਕੀਤੀ। ਉਨ੍ਹਾਂ ਨੇ ਡਿਫੈਂਸ ਮੈਨੂਫੈਕਚਰਿੰਗ, ਆਟੋਮੋਬਾਈਲ ਖੇਤਰ ਅਤੇ ਨਵੀਨੀਕਰਣਯੋਗ ਊਰਜਾ ਪ੍ਰੋਜੈਕਟਾਂ ਵਿੱਚ ਰੁਚੀ ਜਤਾਈ।

ਮੰਤਰੀ ਸੰਜੀਵ ਅਰੋੜਾ ਨੇ ਸਰਕਾਰ ਦੀ ਉਦਯੋਗਾਂ ਪ੍ਰਤੀ ਵਚਨਬੱਧਤਾ ਦੁਹਰਾਉਂਦੇ ਹੋਏ ਪ੍ਰਸਤਾਵਿਤ JSW ਪ੍ਰੋਜੈਕਟਾਂ ਲਈ ਪੂਰਾ ਸਹਿਯੋਗ, ਮਾਰਗਦਰਸ਼ਨ ਅਤੇ ਤੁਰੰਤ ਮਨਜ਼ੂਰੀਆਂ ਦਾ ਭਰੋਸਾ ਦਿੱਤਾ। ਉਨ੍ਹਾਂ ਨੇ ਕਿਹਾ ਕਿ ਪੰਜਾਬ ਉਦਯੋਗਾਂ ਦੀ ਸਥਾਪਨਾ ਅਤੇ ਵਿਸਥਾਰ ਲਈ ਭਰੋਸੇਯੋਗ ਬਿਜਲੀ ਸਪਲਾਈ, ਸੁਧਰੇ ਹੋਏ ਲਾਜਿਸਟਿਕ ਢਾਂਚੇ ਅਤੇ ਸੰਵੇਦਨਸ਼ੀਲ ਪ੍ਰਸ਼ਾਸਨਿਕ ਪ੍ਰਣਾਲੀ ਪ੍ਰਦਾਨ ਕਰਨ ਲਈ ਪ੍ਰਤੀਬੱਧ ਹੈ।

ਇਹ ਮੀਟਿੰਗ ਪ੍ਰੋਗਰੈਸਿਵ ਪੰਜਾਬ ਇਨਵੈਸਟਰਜ਼ ਸਮਿੱਟ 2026 ਤੋਂ ਪਹਿਲਾਂ ਸਮਾਵੇਸ਼ੀ ਵਿਕਾਸ, ਉਦਯੋਗਿਕ ਵਿਭਿੰਨਤਾ ਅਤੇ ਰੋਜ਼ਗਾਰ ਸਿਰਜਣ ਦੇ ਵਿਜ਼ਨ ਅਨੁਸਾਰ ਪੰਜਾਬ ਨੂੰ ਭਾਰਤ ਦੇ ਸਭ ਤੋਂ ਪਸੰਦੀਦਾ ਅਤੇ ਪ੍ਰਤੀਯੋਗੀ ਨਿਵੇਸ਼ ਗੰਤੀਵਿਆਂ ਵਿੱਚ ਸ਼ਾਮਲ ਕਰਨ ਦੇ ਯਤਨਾਂ ਵਿੱਚ ਇੱਕ ਮਹੱਤਵਪੂਰਨ ਮੀਲ ਪੱਥਰ ਹੈ।

# ਵਿਨਰਜੀਤ ਸਿੰਘ ਖਡਿਆਲ ਦੀ ਅਗਵਾਈ ਹੇਠ ਵੱਡੀ ਗਿਣਤੀ ਵਿੱਚ ਅਕਾਲੀ ਦਲ ਵਿੱਚ ਹੋਏ ਸ਼ਾਮਲ



**ਸੁਨਾਮ ਊਧਮ ਸਿੰਘ ਵਾਲਾ, 23 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਹਲਕਾ ਸੁਨਾਮ ਊਧਮ ਸਿੰਘ ਵਾਲਾ ਤੋਂ ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਇੰਚਾਰਜ ਵਿਨਰਜੀਤ ਸਿੰਘ ਖਡਿਆਲ ਵੱਲੋਂ ਲਗਾਤਾਰ ਸ਼੍ਰੋਮਣੀ ਅਕਾਲੀ ਦਲ ਨੂੰ ਮਜ਼ਬੂਤ ਕਰਨ ਦੇ ਯਦਨਾਂ ਸਦਕਾ ਪਾਰਟੀ ਵਿੱਚ ਨੌਜਵਾਨਾਂ ਤੇ ਵਿਅਕਤੀਆਂ ਨੂੰ ਸ਼ਾਮਲ ਕੀਤਾ ਜਾ ਰਿਹਾ ਹੈ ਜਿਸਦੇ ਚਲਦਿਆਂ ਅੱਜ ਪਿੰਡ ਨਾਗਰਾ ਵਿੱਚੋਂ ਸ਼੍ਰੋਮਣੀ ਅਕਾਲੀ ਦਲ ਨੂੰ ਉਦੋਂ ਵੱਡਾ ਹੁੰਗਾਰਾ ਮਿਲਿਆ ਜਦੋਂ ਸ਼੍ਰੋਮਣੀ ਅਕਾਲੀ ਦਲ ਪੁਨਰ ਸੁਰਜੀਤ ਢੀਂਡਸਾ ਗਰੁੱਪ ਨੂੰ ਅਲਵਿਦਾ ਕਰਕੇ ਸਰਕਲ ਪ੍ਰਧਾਨ ਗੱਗੜਪੁਰ ਬਲਵਿੰਦਰ ਸਿੰਘ ਅਕਬਰਪੁਰ ਦੀ ਪ੍ਰੇਰਨਾ ਸਦਕਾ ਅਤੇ ਹਲਕਾ ਇੰਚਾਰਜ ਵਿਨਰਜੀਤ ਸਿੰਘ ਖਡਿਆਲ ਦੀ ਅਗਵਾਈ ਵਿੱਚ ਨੌਜਵਾਨ ਚਤਵਿੰਦਰ ਸਿੰਘ ਚੱਚੂ ਆਪਣੇ ਸਾਥੀਆਂ ਸਮੇਤ ਸ਼ਾਮਲ ਹੋਏ। ਇਸ ਮੌਕੇ ਜਸਪਾਲ ਸਿੰਘ, ਲਛਮਣ ਸਿੰਘ, ਜਗਸੀਰ ਸਿੰਘ, ਜਗਜੀਤ ਸਿੰਘ, ਪਰਵੀਨ ਦਾਸ, ਜੂਪਾ ਸਿੰਘ, ਬਲਦੇਵ ਸਿੰਘ, ਸੇਵਾ ਸਿੰਘ, ਜਗਦੇਵ ਸਿੰਘ, ਅਜੈਬ ਸਿੰਘ, ਆਤਮਾ ਸਿੰਘ, ਜੀਤ ਸਿੰਘ, ਬਲਜੀਤ ਸਿੰਘ, ਗੁਰਚਰਨ ਸਿੰਘ ਸਾਬਕਾ ਮੈਂਬਰ, ਕੁਲਜੀਤ ਸਿੰਘ ਸੈਕਰਟਰੀ, ਪ੍ਰਧਾਨ ਜਰਨੈਲ ਸਿੰਘ, ਗੁਰਮੀਤ ਸਿੰਘ ਪ੍ਰਧਾਨ ਆਦਿ ਮੌਜੂਦ ਸਨ।

# ਏ.ਐਸ.ਆਈ ਨਿਰਭੈ ਸਿੰਘ ਨੂੰ ਜ਼ਿਲ੍ਹਾ ਪੁਲਿਸ ਮੁਖੀ ਨੇ ਪ੍ਰਸ਼ੰਸ਼ਾ ਪੱਤਰ ਨਾਲ ਕੀਤਾ ਸਨਮਾਨਿਤ




**ਸੁਨਾਮ ਊਧਮ ਸਿੰਘ ਵਾਲਾ, 23 ਫਰਵਰੀ**
**-ਸੁਭਾਸ਼ ਭਾਰਤੀ-**
**-ਕੌਮੀ ਪੱਤ੍ਰਿਕਾ ਬਿਊਰੋ-**

ਐਸਐਸਪੀ ਸੰਗਰੂਰ ਸਰਤਾਜ ਸਿੰਘ ਚਾਹਲ ਵੱਲੋਂ ਏਐਸਆਈ ਨਿਰਭੈ ਸਿੰਘ ਨੂੰ ਪ੍ਰਸ਼ੰਸ਼ਾ ਪੱਤਰ ਅਤੇ ਨਗਦ ਇਨਾਮ ਦੇ ਕੇ ਸਨਮਾਨਿਤ ਕੀਤਾ ਗਿਆ। ਦੱਸਣਯੋਗ ਹੈ ਕਿ ਪਿਛਲੇ ਕੁਝ ਮਹੀਨਿਆਂ ਤੋਂ ਆਈਪੀਐਸ ਐਸਐਸਪੀ ਸਰਤਾਜ ਸਿੰਘ ਚਹਿਲ ਵੱਲੋਂ ਸੜਕ ਸੁਰੱਖਿਆ ਅਤੇ ਟਰੈਫਿਕ ਲਈ ਵਧੀਆ ਕਾਰਗੁਜਾਰੀ ਲਈ ਟਰੈਫਿਕ ਪੁਲਿਸ ਸੁਨਾਮ ਦੇ ਇੰਚਾਰਜ ਏਐਸਆਈ ਨਿਰਭੈ ਸਿੰਘ ਨੂੰ ਅੱਜ ਪੁਲਿਸ ਲਾਈਨ ਸੰਗਰੂਰ ਵਿਖੇ ਪ੍ਰਸ਼ੰਸ਼ਾ ਪੱਤਰ ਦੇ ਕੇ ਸਨਮਾਨਿਤ ਕੀਤਾ ਗਿਆ।

ਇਸ ਮੌਕੇ ਐਸਐਸਪੀ ਚਾਹਲ ਨੇ ਏਐਸਆਈ ਨਿਰਭੈ ਸਿੰਘ ਦੀ ਪ੍ਰਸ਼ੰਸਾ ਕੀਤੀ ਅਤੇ ਉਹਨਾਂ ਨੂੰ ਹੋਰ ਵਧੀਆ ਕੰਮ ਕਰਨ ਲਈ ਉਤਸਾਹਿਤ ਕੀਤਾ। ਇਸ ਮੌਕੇ ਏਐਸਆਈ ਨਿਰਭੈ ਸਿੰਘ ਨੇ ਐਸਐਸਪੀ ਸਰਤਾਜ ਸਿੰਘ ਚਾਹਲ ਦਾ ਧੰਨਵਾਦ ਕਰਦਿਆਂ ਕਿਹਾ ਕਿ ਜ਼ਿਲ੍ਹਾ ਪੁਲਿਸ ਮੁਖੀ ਦਾ ਹਮੇਸ਼ਾ ਮਾਰਗਦਰਸ਼ਨ ਮਿਲਿਆ ਹੈ ਅਤੇ ਉਹ ਆਉਣ ਵਾਲੇ ਸਮੇਂ ਵਿੱਚ ਇਸ ਤੋਂ ਵੀ ਵਧੀਆ ਕੰਮ ਕਰਨਗੇ ਅਤੇ ਇਹ ਪ੍ਰਸ਼ੰਸ਼ਾ ਪੱਤਰ ਦੇ ਕੇ ਉਹਨਾਂ ਦਾ ਮਾਣ ਵਧਾਇਆ ਹੈ।

# ਮੁੱਖ ਮੰਤਰੀ ਸਿਹਤ ਯੋਜਨਾ ਤਹਿਤ ਸੂਬੇ 'ਚ 9 ਲੱਖ ਸਿਹਤ ਕਾਰਡ ਜਾਰੀ : ਸਿਹਤ ਮੰਤਰੀ

## ➢ ਸਕੀਮ ਦਾ ਉਦੇਸ਼ ਮੈਡੀਕਲ ਐਮਰਜੈਂਸੀ ਦੌਰਾਨ ਪਰਿਵਾਰਾਂ ਦੇ ਵਿੱਤੀ ਬੋਝ ਨੂੰ ਬਿਲਕੁਲ ਘੱਟ ਕਰਨਾ ➢ ਲੋਕਾਂ ਨੂੰ ਸਕੀਮ ਦਾ ਲਾਭ ਲੈਣ ਲਈ ਰਜਿਸਟ੍ਰੇਸ਼ਨ ਕਰਵਾਉਣ ਦੀ ਕੀਤੀ ਅਪੀਲ

**ਜਲੰਧਰ, 23 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਅੱਜ ਕਿਹਾ ਕਿ ਮੁੱਖ ਮੰਤਰੀ ਸਿਹਤ ਯੋਜਨਾ ਤਹਿਤ ਸੂਬੇ ਵਿੱਚ ਹੁਣ ਤੱਕ ਕਰੀਬ 9 ਲੱਖ ਸਿਹਤ ਕਾਰਡ ਜਾਰੀ ਕੀਤੇ ਜਾ ਚੁੱਕੇ ਹਨ ਅਤੇ ਪੰਜਾਬ ਸਰਕਾਰ ਵੱਲੋਂ ਸੂਬੇ ਦੇ ਹਰ ਪਰਿਵਾਰ ਨੂੰ ਇਸ ਸਕੀਮ ਤਹਿਤ ਕਵਰ ਕਰਨ ਲਈ ਪੂਰੀ ਸਰਗਰਮੀ ਨਾਲ ਕੰਮ ਕੀਤਾ ਜਾ ਰਿਹਾ ਹੈ।




ਇਥੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਮੁੱਖ ਮੰਤਰੀ ਸਿਹਤ ਯੋਜਨਾ ਸਬੰਧੀ ਵਿਸਥਾਰਿਤ ਸਮੀਖਿਆ ਮੀਟਿੰਗ ਉਪਰੰਤ ਮੀਡੀਆ ਨਾਲ ਗੱਲਬਾਤ ਕਰਦਿਆਂ ਸਿਹਤ ਮੰਤਰੀ, ਜਿਨ੍ਹਾਂ ਨਾਲ ਪੰਜਾਬ ਦੇ ਬਾਗਬਾਨੀ ਮੰਤਰੀ ਮੋਹਿੰਦਰ ਭਗਤ, ਵਿਧਾਇਕ ਬਲਕਾਰ ਸਿੰਘ, ਵਿਧਾਇਕ ਇੰਦਰਜੀਤ ਕੌਰ ਮਾਨ, ਜ਼ਿਲ੍ਹਾ ਯੋਜਨਾ ਕਮੇਟੀ ਦੇ ਚੇਅਰਮੈਨ ਅੰਮ੍ਰਿਤਪਾਲ ਸਿੰਘ, ਵਧੀਕ ਡਿਪਟੀ ਕਮਿਸ਼ਨਰ (ਸ਼ਹਿਰੀ ਵਿਕਾਸ) ਜਸਬੀਰ ਸਿੰਘ ਅਤੇ ਸਿਵਲ ਸਰਜਨ ਡਾ. ਰਾਜੇਸ਼ ਗਰਗ ਵੀ ਮੌਜੂਦ ਸਨ, ਨੇ ਕਿਹਾ ਕਿ ਸਰਕਾਰੀ ਹਸਪਤਾਲਾਂ ਵਿੱਚ 70 ਫੀਸਦੀ ਤੋਂ ਜ਼ਿਆਦਾ ਮਰੀਜ਼ਾਂ ਦਾ ਇਲਾਜ ਮੁੱਖ ਮੰਤਰੀ ਸਿਹਤ ਯੋਜਨਾ ਤਹਿਤ ਮੁਫ਼ਤ ਹੋ ਰਿਹਾ ਹੈ। ਡਾ. ਬਲਬੀਰ ਸਿੰਘ ਨੇ ਕਿਹਾ ਕਿ ਇਸ ਯੋਜਨਾ ਨੂੰ ਸੂਬੇ ਦੇ ਲੋਕਾਂ ਵੱਲੋਂ ਭਰਵਾਂ ਹੁੰਗਾਰਾ ਦਿੱਤਾ ਜਾ ਰਿਹਾ ਹੈ ਅਤੇ ਰਜਿਸਟ੍ਰੇਸ਼ਨ ਲਈ ਵੱਡੀ ਗਿਣਤੀ ਲੋਕ ਰੋਜ਼ਾਨਾ ਪਹੁੰਚ ਰਹੇ ਹਨ। ਉਨ੍ਹਾਂ ਕਿਹਾ ਕਿ ਸਕੀਮ ਤਹਿਤ ਇਨਰੋਲਮੈਂਟ ਵਿੱਚ ਤੇਜ਼ੀ ਲਿਆਂਦੀ ਗਈ ਹੈ ਅਤੇ ਮੌਜੂਦਾ ਸਮੇਂ ਹਰ ਰੋਜ਼ ਕਰੀਬ 60 ਹਜ਼ਾਰ ਸਿਹਤ ਕਾਰਡ ਜਾਰੀ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਇਸ ਕੰਮ ਨੂੰ ਹੋਰ ਗਤੀ ਦੇਣ ਲਈ ਵਾਧੂ ਸਟਾਫ਼ ਤਾਇਨਾਤ ਕਰਨ ਦੇ ਨਾਲ-ਨਾਲ ਵਾਧੂ ਮਸ਼ੀਨਰੀ ਲਗਾਈ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਆਉਣ ਵਾਲੇ ਦਿਨਾਂ ਵਿੱਚ ਰਜਿਸਟ੍ਰੇਸ਼ਨ ਕੈਂਪਾਂ ਦੀ ਗਿਣਤੀ ਵਿੱਚ ਵੀ ਵਾਧਾ ਕੀਤਾ ਜਾਵੇਗਾ।

ਸਿਹਤ ਮੰਤਰੀ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਬੀਮਾ ਪਾਰਟਨਰ ਨੂੰ 500 ਕਰੋੜ ਰੁਪਏ ਪਹਿਲਾਂ ਹੀ ਜਾਰੀ ਕੀਤੇ ਜਾ ਚੁੱਕੇ ਹਨ ਤਾਂ ਜੋ ਸਾਰੇ ਸੂਚੀਬੱਧ ਹਸਪਤਾਲਾਂ ਨੂੰ ਨਿਰਧਾਰਿਤ ਸਮੇਂ ਦੇ ਅੰਦਰ ਅਦਾਇਗੀ ਯਕੀਨੀ ਬਣਾਈ ਜਾ ਸਕੇ। ਉਨ੍ਹਾਂ ਇਹ ਵੀ ਦੱਸਿਆ ਕਿ ਇਸ ਵੇਲੇ ਹਸਪਤਾਲਾਂ ਦਾ 31 ਜਨਵਰੀ, 2026 ਤੱਕ ਦਾ ਕੋਈ ਬਕਾਇਆ ਨਹੀਂ ਹੈ।

ਡਾ. ਬਲਬੀਰ ਸਿੰਘ ਨੇ ਕਿਹਾ ਕਿ ਮੁੱਖ ਮੰਤਰੀ ਸ.ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ ਇਸ ਸਕੀਮ ਤਹਿਤ ਪ੍ਰਤੀ ਪਰਿਵਾਰ ਸਾਲਾਨਾ 10 ਲੱਖ ਰੁਪਏ ਤੱਕ ਦੇ ਨਕਦੀ ਰਹਿਤ ਇਲਾਜ ਦੀ ਸਹੂਲਤ ਦਿੱਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਇਸ ਸਕੀਮ ਦਾ ਉਦੇਸ਼ ਮੈਡੀਕਲ ਐਮਰਜੈਂਸੀ ਦੌਰਾਨ ਪਰਿਵਾਰਾਂ ਦੇ ਵਿੱਤੀ ਬੋਝ ਨੂੰ ਬਿਲਕੁਲ ਘੱਟ ਕਰਨਾ ਹੈ। ਉਨ੍ਹਾਂ ਸੂਬੇ ਦੇ ਲੋਕਾਂ ਨੂੰ ਬਿਨਾਂ ਦੇਰੀ ਸਕੀਮ ਤਹਿਤ ਰਜਿਸਟ੍ਰੇਸ਼ਨ ਕਰਵਾਉਣ ਦੀ ਅਪੀਲ ਕੀਤੀ।

ਇਸ ਤੋਂ ਪਹਿਲਾਂ ਜ਼ਿਲ੍ਹਾ ਪ੍ਰਸ਼ਾਸਨ ਅਤੇ ਸਿਹਤ ਵਿਭਾਗ ਦੇ ਅਧਿਕਾਰੀਆਂ ਨਾਲ ਮੀਟਿੰਗ ਦੌਰਾਨ ਸਿਹਤ ਮੰਤਰੀ ਨੇ ਜ਼ਿਲ੍ਹੇ ਵਿੱਚ ਮੁੱਖ ਮੰਤਰੀ ਸਿਹਤ ਯੋਜਨਾ ਤਹਿਤ ਕੀਤੀ ਜਾ ਰਹੀ ਰਜਿਸਟ੍ਰੇਸ਼ਨ ਦਾ ਜਾਇਜ਼ਾ ਲਿਆ। ਉਨ੍ਹਾਂ ਜ਼ਿਲ੍ਹਾ ਪ੍ਰਸ਼ਾਸਨ, ਸਿਹਤ ਵਿਭਾਗ, ਕਾਮਨ ਸਰਵਿਸ ਸੈਂਟਰਾਂ, ਸੇਵਾ ਕੇਂਦਰ ਅਤੇ ਹੋਰ ਸਬੰਧਤ ਵਿਭਾਗਾਂ ਨੂੰ ਹੋਰ ਬਿਹਤਰ ਤਾਲਮੇਲ ਨਾਲ ਕੰਮ ਕਰਨ ਦੀ ਹਦਾਇਤ ਕੀਤੀ ਤਾਂ ਜੋ ਇਸ ਲੋਕ-ਹਿਤੂ ਯੋਜਨਾ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਦਿਆਂ ਸੂਬੇ ਦੇ ਹਰ ਵਿਅਕਤੀ ਤੱਕ ਇਸਦਾ ਲਾਭ ਪਹੁੰਚਦਾ ਕੀਤਾ ਜਾ ਸਕੇ। ਉਨ੍ਹਾਂ ਇਕੱਲੇ-ਇਕੱਲੇ ਸੀ.ਐਸ.ਸੀ. ਦੀ ਕਾਰਗੁਜ਼ਾਰੀ ਨੂੰ ਹੋਰ ਬਿਹਤਰ ਬਣਾਉਣ ਲਈ ਐਸ.ਡੀ.ਐਮਜ਼ ਅਤੇ ਐਸ.ਐਮ.ਓਜ਼ ਨੂੰ ਸੀ.ਐਸ.ਸੀ. ਨੂੰ ਵਿਜ਼ਿਟ ਕਰਨ ਲਈ ਵੀ ਕਿਹਾ ਤਾਂ ਜੋ ਉਨ੍ਹਾਂ ਨੂੰ ਰਜਿਸਟ੍ਰੇਸ਼ਨ ਵਿੱਚ ਜੇਕਰ ਕੋਈ ਦਿੱਕਤ ਆ ਰਹੀ ਹੈ ਤਾਂ ਉਸ ਨੂੰ ਤੁਰੰਤ ਦੂਰ ਕੀਤਾ ਜਾ ਸਕੇ। ਉਨ੍ਹਾਂ ਕਿਹਾ ਕਿ ਆਉਣ ਵਾਲੇ ਦਿਨਾਂ ਵਿੱਚ ਜਲੰਧਰ ਵਿੱਚ ਹਰ ਰੋਜ਼ 10 ਹਜ਼ਾਰ ਸਿਹਤ ਕਾਰਡ ਬਣਨ ਲੱਗ ਜਾਣਗੇ।

ਇਸ ਮੌਕੇ 'ਆਪ' ਆਗੂ ਰਾਜਵਿੰਦਰ ਕੌਰ ਥਿਆੜਾ, ਨਿਤਿਨ ਕੋਹਲੀ, ਦਿਨੇਸ਼ ਢੱਲ, ਪਿੰਦਰ ਪੰਡੋਰੀ, ਪ੍ਰਿੰ. ਪ੍ਰੇਮ ਕੁਮਾਰ, ਸਮੂਹ ਐਸ.ਡੀ.ਐਮਜ਼ ਤੋਂ ਇਲਾਵਾ ਸਿਹਤ ਵਿਭਾਗ, ਨਗਰ ਨਿਗਮ, ਸੇਵਾ ਕੇਂਦਰ ਅਤੇ ਸੀ.ਐਸ.ਸੀ. ਦੇ ਅਧਿਕਾਰੀ ਵੀ ਮੌਜੂਦ ਸਨ।

# ਜਲੰਧਰ 'ਚ ਪਾਸਪੋਰਟ ਅਦਾਲਤ 25 ਫਰਵਰੀ ਨੂੰ ਰੀਜ਼ਨਲ ਪਾਸਪੋਰਟ ਅਫ਼ਸਰ ਵਲੋਂ ਬਿਨੈਕਾਰਾਂ ਨੂੰ ਲੋੜੀਂਦੇ ਦਸਤਾਵੇਜ਼ਾਂ ਨਾਲ ਲੈਕੇ ਪਹੁੰਚਣ ਦੀ ਅਪੀਲ

**ਜਲੰਧਰ, 23 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਰੀਜ਼ਨਲ ਪਾਸਪੋਰਟ ਅਫ਼ਸਰ ਯਸ਼ਪਾਲ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ 25 ਫਰਵਰੀ 2026 ਨੂੰ ਰੀਜ਼ਨਲ ਪਾਸਪੋਰਟ ਦਫ਼ਤਰ, ਐਸ.ਸੀ.ਓ. ਨੰਬਰ 42-51, ਪਾਕੇਟ-1, ਨੇੜੇ ਬੱਸ ਸਟੈਂਡ ਜਲੰਧਰ ਵਿਖੇ ਪਾਸਪੋਰਟ ਅਦਾਲਤ ਲਗਾਈ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਇਹ ਪਾਸਪੋਰਟ ਅਦਾਲਤ ਲਗਾਉਣ ਦਾ ਮੰਤਵ 31 ਜਨਵਰੀ 2026 ਤੱਕ ਜਮ੍ਹਾਂ ਹੋਏ ਸਾਰੀਆਂ ਸ੍ਰੇਣੀਆਂ ਦੇ ਬਿਨੈਕਾਰਾਂ ਨੂੰ ਰਾਹਤ ਪਹੁੰਚਾਉਣ ਦਾ ਹੈ ਜਿਨ੍ਹਾਂ ਦੇ ਬਿਨੈਪੱਤਰ ਕਿਸੇ ਕਾਰਨ ਕਰਕੇ ਬਕਾਇਆ ਰਹਿ ਗਏ ਹਨ।

ਉਨ੍ਹਾਂ ਕਿਹਾ ਕਿ ਯੋਗ ਬਿਨੈਕਾਰਜ ਨਿਸ਼ਚਿਤ ਮਿਤੀ ਨੂੰ ਲੋੜੀਂਦੇ ਦਸਤਾਵੇਜ਼ ਨਾਲ ਲੈ ਕੇ ਸਵੇਰੇ 9:30 ਵਜੇ ਤੋਂ ਦੁਪਹਿਰ 12:30 ਵਜੇ ਤੱਕ ਆ ਸਕਦੇ ਹਨ ਤਾਂ ਜੋ ਬਕਾਇਆ ਬਿਨੈਪੱਤਰਾਂ ਦੇ ਨਿਪਟਾਰੇ ਦੀ ਪ੍ਰਕਿਰਿਆ ਨੂੰ ਤੇਜ਼ ਕੀਤਾ ਜਾ ਸਕੇ।

ਉਨ੍ਹਾਂ ਸਪਸ਼ਟ ਕੀਤਾ ਕਿ ਵਿਦੇਸ਼ ਮਾਮਲੇ ਮੰਤਰਾਲੇ ਵਲੋਂ ਪਾਸਪੋਰਟ ਅਰਜ਼ੀਆਂ ਦੀ ਪ੍ਰਕਿਰਿਆ ਲਈ ਕਿਸੇ ਵੀ ਸੰਸਥਾ ਜਾਂ ਵਿਚੋਲੇ ਨੂੰ ਅਧਿਕਾਰਤ ਨਹੀਂ ਕੀਤਾ ਗਿਆ। ਉਨ੍ਹਾਂ ਬਿਨੈਕਾਰਾਂ ਨੂੰ ਸਲਾਹ ਦਿੱਤੀ ਕਿ ਵਿਦੇਸ਼ ਮਾਮਲੇ ਵਿਭਾਗ ਦੀ ਅਧਿਕਾਰਤ ਵੈਬਸਾਈਟ www.passportindia.gov.in ਰਾਹੀਂ ਅਪਲਾਈ ਕੀਤਾ ਜਾਵੇ ਅਤੇ ਕਿਸੇ ਵੀ ਏਜੰਟ ਜਾਂ ਵਿਚੋਲੇ ਦੇ ਝਾਂਸੇ ਵਿੱਚ ਨਾ ਆਉਣ। ਉਨ੍ਹਾਂ ਕਿਹਾ ਕਿ ਬਿਨੈਕਾਰ ਪਾਸਪੋਰਟ ਸਬੰਧੀ ਕਿਸੇ ਵੀ ਤਰ੍ਹਾਂ ਦੀ ਸਹਾਇਤਾ ਲਈ ਦਫ਼ਤਰ ਆ ਸਕਦੇ ਹਨ।

# ਹਰਜੋਤ ਬੈਂਸ ਨੇ ਇੰਡੀਆ ਏ.ਆਈ. ਇੰਪੈਕਟ ਐਕਸਪੋ 'ਚ ਪੰਜਾਬ ਦੇ ਸਕੂਲਾਂ ਲਈ ਆਰਟੀਫੀਸ਼ੀਅਲ ਇੰਟੈਲੀਜੈਂਸ ਆਧਾਰਤ ਸੰਭਾਵਨਾਵਾਂ ਨੂੰ ਤਲਾਸ਼ਿਆ

## ➢ ਸਿੱਖਿਆ ਮੰਤਰੀ ਵੱਲੋਂ ਪੰਜਾਬ ਦੇ ਸਕੂਲਾਂ ਵਿੱਚ ਤਕਨੀਕੀ ਕ੍ਰਾਂਤੀਕਾਰੀ ਸੁਧਾਰ ਲਿਆਉਣ ਲਈ ਗੂਗਲ, ਨਵੀਡੀਆ, ਓਪਨ ਏਆਈ ਅਤੇ ਹੋਰ ਵਿਸ਼ਵ-ਪੱਧਰੀ ਫਰਮਾਂ ਨਾਲ ਵਿਚਾਰ-ਵਟਾਂਦਰੇ ➢ ਪੰਜਾਬ ਦੀ ਸਿੱਖਿਆ ਪ੍ਰਣਾਲੀ ਵਿੱਚ ਉੱਨਤ ਏ.ਆਈ. ਤਕਨੀਕਾਂ ਦੇ ਨਾਲ ਸਿੱਖਿਆ ਦੇ ਭਵਿੱਖ ਬਾਰੇ ਵੀ ਕੀਤੀ ਚਰਚਾ

**ਨਵੀਂ ਦਿੱਲੀ, 23 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸੂਬੇ ਦੇ ਵਿੱਦਿਅਕ ਢਾਂਚੇ ਦੇ ਭਵਿੱਖ ਨੂੰ ਤਕਨਾਲੋਜੀ ਪੱਖੋਂ ਹੋਰ ਨਿਪੁੰਨ ਬਣਾਉਣ ਦੀ ਦਿਸ਼ਾ ਵਿੱਚ ਮਹੱਤਵਪੂਰਨ ਕਦਮ ਚੁੱਕਦਿਆਂ ਪੰਜਾਬ ਦੇ ਸਿੱਖਿਆ ਮੰਤਰੀ ਸ. ਹਰਜੋਤ ਸਿੰਘ ਬੈਂਸ ਦੀ ਅਗਵਾਈ ਵਿੱਚ ਸਕੂਲ ਸਿੱਖਿਆ ਵਿਭਾਗ ਦਾ ਉੱਚ-ਪੱਧਰੀ ਵਫ਼ਦ ਅੱਜ ਭਾਰਤ ਮੰਡਪਮ, ਨਵੀਂ ਦਿੱਲੀ ਵਿਖੇ ਇੰਡੀਆ ਏ.ਆਈ. ਇੰਪੈਕਟ ਐਕਸਪੋ 2026 ਵਿੱਚ ਸ਼ਾਮਲ ਹੋਇਆ, ਜਿੱਥੇ ਉਨ੍ਹਾਂ ਨੇ ਸੂਬੇ ਦੇ ਵਿਸ਼ਾਲ ਸਕੂਲੀ ਢਾਂਚੇ ਲਈ ਮਨਸੂਈ ਬੌਧਿਕਤਾ ਅਧਾਰਤ ਵਿਸਥਾਰਤ ਸੰਭਾਵਨਾਵਾਂ ਅਤੇ ਸਿੱਖਿਆ ਦੇ ਹੋਰ ਉਸਾਰੂ ਨਤੀਜਿਆਂ ਵਾਸਤੇ ਸਮਾਧਾਨ ਤਲਾਸ਼ਣ ਲਈ ਵਿਸ਼ਵ ਪੱਧਰੀ ਤਕਨੀਕੀ ਖੇਤਰ ਦੇ ਦਿੱਗਜਾਂ ਅਤੇ ਕੇਂਦਰ ਸਰਕਾਰ ਦੇ ਅਦਾਰਿਆਂ ਨਾਲ ਲੜੀਵਾਰ ਰਣਨੀਤਕ ਵਿਚਾਰ-ਵਟਾਂਦਰਿਆਂ 'ਚ ਹਿੱਸਾ ਲਿਆ।

ਪ੍ਰਦਰਸ਼ਨੀ ਹਾਲਾਂ ਦੇ ਵਿਆਪਕ ਦੌਰੇ, ਜਿਸ ਮੌਕੇ ਉਨ੍ਹਾਂ ਨਾਲ ਸਕੂਲ ਸਿੱਖਿਆ ਦੇ ਸਕੱਤਰ ਸੋਨਾਲੀ ਗਿਰਿ, ਪੀ.ਐਸ.ਈ.ਬੀ. ਦੇ ਚੇਅਰਮੈਨ ਡਾ. ਅਮਰਪਾਲ ਸਿੰਘ ਅਤੇ ਡੀ.ਜੀ.ਐਸ.ਈ ਸ੍ਰੀ ਅਰਵਿੰਦ ਵੀ ਮੌਜੂਦ ਸਨ, ਦੌਰਾਨ ਸਿੱਖਿਆ ਮੰਤਰੀ ਨੇ ਗੂਗਲ, ਡੇਲੋਇਟ, ਇੰਟੈਲ, ਓਪਨ ਏਆਈ, ਨਵੀਡੀਆ ਅਤੇ ਡੈਲ ਸਮੇਤ ਪ੍ਰਮੁੱਖ ਵਿਸ਼ਵ ਤਕਨਾਲੋਜੀ ਫਰਮਾਂ ਨਾਲ ਗੱਲਬਾਤ ਕਰਦਿਆਂ ਪੰਜਾਬ ਦੀ ਸਿੱਖਿਆ ਪ੍ਰਣਾਲੀ ਵਿੱਚ ਉੱਨਤ ਏਆਈ ਤਕਨੀਕਾਂ ਅਪਨਾਉਣ ਵੱਲ ਵਿਸ਼ੇਸ਼ ਧਿਆਨ ਦੇ ਨਾਲ ਭਵਿੱਖ ਦੀ ਸਿੱਖਿਆ ਬਾਰੇ ਵਿਚਾਰ-ਚਰਚਾ ਕੀਤੀ। ਇਸ ਦੌਰਾਨ ਵਫ਼ਦ ਨੇ ਇਲੈਕਟ੍ਰਾਨਿਕਸ ਤੇ ਸੂਚਨਾ ਤਕਨਾਲੋਜੀ ਅਤੇ ਸਿੱਖਿਆ ਮੰਤਰਾਲੇ ਦੇ ਨੁਮਾਇੰਦਿਆਂ ਨਾਲ ਵੀ ਗੱਲਬਾਤ ਕੀਤੀ ਅਤੇ ਦੇਸ਼ ਦੀ ਏਆਈ ਰਣਨੀਤੀ, ਡਿਜੀਟਲ ਜਨਤਕ ਬੁਨਿਆਦੀ ਢਾਂਚੇ ਅਤੇ ਗਵਰਨੈਂਸ ਮਾਡਲਾਂ, ਜੋ ਪੰਜਾਬ ਦੇ ਕਲਾਸਰੂਮਾਂ ਲਈ ਅਨੁਕੂਲ ਹੋ ਸਕਦੇ ਹਨ, ਬਾਰੇ ਮਹੱਤਵਪੂਰਨ ਜਾਣਕਾਰੀ ਹਾਸਲ ਕੀਤੀ। ਸਿੱਖਿਆ ਮੰਤਰੀ ਨੇ ਸਿੱਖਿਆ ਅਤੇ ਏ.ਆਈ. ਈਕੋਸਿਸਟਮ ਵਿੱਚ ਮੋਹਰੀ ਕੰਪਨੀਆਂ, ਜਿਨ੍ਹਾਂ ਵਿੱਚ ਵਾਧਵਾਨੀ ਏਆਈ, ਜੀਐਨਏਐਨਆਈ.ਏਆਈ ਅਤੇ ਬੋਧ ਏਆਈ ਸ਼ਾਮਲ ਹਨ, ਨਾਲ ਵਿਸਥਾਰਪੂਰਵਕ ਵਿਚਾਰ-ਵਟਾਂਦਰਾ ਵੀ ਕੀਤਾ। ਇਹ ਵਿਚਾਰ-ਵਟਾਂਦਰਾ ਏਆਈ-ਸਮਰੱਥ ਸਕੂਲ ਸਿੱਖਿਆ ਐਪਲੀਕੇਸ਼ਨਾਂ 'ਤੇ ਕੇਂਦ੍ਰਿਤ ਸੀ, ਜਿਸ ਵਿੱਚ ਵਿਅਕਤੀਗਤ ਅਨੁਕੂਲ ਸਿਖਲਾਈ (ਪੀ.ਏ.ਐਲ.), ਬੁਨਿਆਦੀ ਸਾਖ਼ਰਤਾ ਅਤੇ ਗਣਿਤ ਸਿੱਖਿਆ (ਐਫਐਲਐਨ), ਏਆਈ-ਸਮਰਥਿਤ ਮੁਲਾਂਕਣ, ਬਹੁ-ਭਾਸ਼ਾਈ ਸਿਖਲਾਈ ਟੂਲਜ਼, ਅਧਿਆਪਕ ਸਹਾਇਤਾ ਅਤੇ ਮਜ਼ਬੂਤ ਸ਼ਾਸਨ ਅਤੇ ਬੁਨਿਆਦੀ ਢਾਂਚੇ ਦੀ ਨਿਗਰਾਨੀ ਲਈ ਸਮਾਂ-ਅਧਾਰਤ ਨਿਗਰਾਨ ਪ੍ਰਣਾਲੀਆਂ ਦੇ ਵਿਸ਼ਲੇਸ਼ਣ ਬਾਰੇ ਚਰਚਾ ਕੀਤੀ ਗਈ।




ਸ. ਹਰਜੋਤ ਸਿੰਘ ਬੈਂਸ ਨੇ ਐਕਸਪੋ ਵਿਖੇ ਪੰਜਾਬ ਸਟਾਰਟਅੱਪ ਪੈਵੇਲੀਅਨ ਦਾ ਦੌਰਾ ਕੀਤਾ, ਜਿੱਥੇ ਉਨ੍ਹਾਂ ਨੇ ਪੰਜਾਬ ਸਰਕਾਰ ਦੇ ਪ੍ਰੋਗਰਾਮਾਂ ਅਧੀਨ ਤਿਆਰ ਕੀਤੇ ਗਏ ਕਈ ਖਾਸ, ਖੇਤਰ-ਵਿਸ਼ੇਸ਼ ਏਆਈ ਸਟਾਰਟਅੱਪਸ ਨਾਲ ਗੱਲਬਾਤ ਕੀਤੀ, ਜੋ ਵਿਦਿਅਕ ਤਕਨਾਲੋਜੀ ਨਵੀਨਤਾ ਦੇ ਖੇਤਰ ਵਿੱਚ ਇੱਕ ਧੁਰੇ ਵਜੋਂ ਉਭਰ ਰਹੇ ਪੰਜਾਬ ਨੂੰ ਉਜਾਗਰ ਕਰਦੇ ਹਨ।

ਸ. ਹਰਜੋਤ ਸਿੰਘ ਬੈਂਸ ਨੇ ਕਿਹਾ ਕਿ ਇਹ ਦੌਰਾ ਪੰਜਾਬ ਦੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਭਵਿੱਖ ਦੇ ਸਾਧਨਾਂ ਨਾਲ ਲੈਸ ਕਰਨ ਵਿੱਚ ਮਦਦ ਕਰੇਗਾ। ਐਨਵੀਆਈਡੀਆਈ (ਨਵੀਡੀਆ), ਗੂਗਲ, ਅਤੇ ਓਪਨ ਏਆਈ ਵਰਗੀਆਂ ਆਲਮੀ ਕੰਪਨੀਆਂ ਨਾਲ ਚੱਲ ਰਹੀ ਸਾਡੀ ਵਿਚਾਰ-ਚਰਚਾ ਅਤੇ ਸਾਡੇ ਘਰੇਲੂ ਸਟਾਰਟਅੱਪਸ ਨੇ ਸਾਨੂੰ ਇੱਕ ਸਪੱਸ਼ਟ ਭਵਿੱਖੀ ਦਿਸ਼ਾ ਦਿੱਤੀ ਹੈ। ਅਸੀਂ ਹੁਣ ਵਿਸ਼ੇਸ਼ ਤੌਰ 'ਤੇ ਵਿਅਕਤੀਗਤ ਅਨੁਕੂਲ ਸਿਖਲਾਈ ਅਤੇ ਏਆਈ ਰਾਹੀਂ ਫਾਊਂਡੇਸ਼ਨ ਲਿਟ੍ਰੇਸੀ ਅਤੇ ਨਿਊਮਰੇਸੀ ਨੂੰ ਮਜ਼ਬੂਤ ਕਰਨ 'ਤੇ ਕੇਂਦ੍ਰਿਤ ਹਾਂ। ਇਹਨਾਂ ਤਕਨਾਲੋਜੀਆਂ ਨੂੰ ਐਮਈਆਈਟੀਵਾਈ ਅਤੇ ਸਿੱਖਿਆ ਮੰਤਰਾਲੇ ਵੱਲੋਂ ਸਾਂਝੇ ਕੀਤੇ ਗਏ ਮਜ਼ਬੂਤ ਨੀਤੀਗਤ ਢਾਂਚੇ ਨਾਲ ਜੋੜ ਕੇ, ਅਸੀਂ ਅਜਿਹਾ ਮਾਡਲ ਤਿਆਰ ਕਰਾਂਗੇ ਜਿੱਥੇ ਤਕਨਾਲੋਜੀ ਸਾਡੇ ਅਧਿਆਪਕਾਂ ਲਈ ਇੱਕ ਸਾਰਥਕ ਸਾਧਨ ਅਤੇ ਪੰਜਾਬ ਦੇ ਹਰੇਕ ਵਿਦਿਆਰਥੀ ਲਈ ਇੱਕ ਵਿਅਕਤੀਗਤ ਗਾਈਡ ਵਜੋਂ ਕੰਮ ਕਰੇਗੀ।

# ਪੰਜਾਬ ਦੇ 22 ਆਈਏਐੱਸ ਤੇ 8 ਪੀਸੀਐੱਸ ਅਧਿਕਾਰੀ ਬਦਲੇ

**ਚੰਡੀਗੜ੍ਹ, 23 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਨੇ ਅੱਜ ਦੇਰ ਰਾਤ ਵੱਡਾ ਪ੍ਰਸ਼ਾਸਨਿਕ ਫੇਰ ਬਦਲ ਕਰਦਿਆਂ 22 ਆਈਏਐੱਸ, ਇਕ ਆਈਐੱਫਐੱਸ ਤੇ 8 ਪੀਸੀਐੱਸ ਅਧਿਕਾਰੀਆਂ ਦੇ ਤਬਾਦਲੇ ਕਰ ਦਿੱਤੇ ਹਨ। ਸੂਬਾ ਸਰਕਾਰ ਵੱਲੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਜ਼ਿਲ੍ਹੇ ਸੰਗਰੂਰ ਸਣੇ ਤਿੰਨ ਜ਼ਿਲ੍ਹਿਆਂ ਦੇ ਡਿਪਟੀ ਕਮਿਸ਼ਨਰ ਵੀ ਬਦਲ ਦਿੱਤੇ ਗਏ ਹਨ। ਸੂਬਾ ਸਰਕਾਰ ਵੱਲੋਂ ਜਾਰੀ ਆਦੇਸ਼ ਅਨੁਸਾਰ ਆਈਏਐੱਸ ਅਧਿਕਾਰੀ ਵਿਕਾਸ ਪ੍ਰਤਾਪ ਨੂੰ ਵਧੀਕ ਮੁੱਖ ਸਕੱਤਰ ਸਮਾਜਿਕ ਸੁਰੱਖਿਆ, ਇਸਤਰੀ ਤੇ ਬਾਲ ਵਿਕਾਸ ਵਿਭਾਗ ਅਤੇ ਸੁਮੇਰ ਸਿੰਘ ਗੁਜਰ ਨੂੰ ਪ੍ਰਮੁੱਖ ਸਕੱਤਰ ਚੋਣਾਂ ਵਿਭਾਗ ਦੇ ਨਾਲ-ਨਾਲ ਵਿੱਤ ਕਮਿਸ਼ਨਰ ਸਹਿਕਾਰਤਾ ਦੀ ਜ਼ਿੰਮੇਵਾਰੀ ਦਿੱਤੀ ਗਈ ਹੈ। ਇਸੇ ਤਰ੍ਹਾਂ ਆਈਏਐੱਸ ਅਧਿਕਾਰੀ ਮੁਹੰਮਦ ਤਈਅਬ ਨੂੰ ਸਕੱਤਰ ਜੇਲ੍ਹਾਂ, ਗੁਰਪ੍ਰੀਤ ਸਿੰਘ ਖਹਿਰਾ ਨੂੰ ਸਕੱਤਰ ਨਿਆਂ ਵਿਭਾਗ, ਸੰਦੀਪ ਹੰਸ ਨੂੰ ਮੈਨੇਜਿੰਗ ਡਾਇਰੈਕਟਰ ਪੰਜਾਬ ਸੂਚਨਾ ਤੇ ਸੰਚਾਰ ਤਕਨੀਕ ਕਾਰਪੋਰੇਸ਼ਨ ਲਿਮਟਿਡ, ਗਿਰੀਸ਼ ਦਿਆਲਨ ਨੂੰ ਰਜਿਸਟਰਾਰ ਸਹਿਕਾਰੀ ਸਭਾਵਾਂ ਦੇ ਨਾਲ ਮੈਨੇਜਿੰਗ ਡਾਇਰੈਕਟਰ ਪੰਜਾਬ ਰਾਜ ਸਹਿਕਾਰੀ ਬੈਂਕ ਲਿਮਟਿਡ, ਕੁਲਵੰਤ ਸਿੰਘ ਨੂੰ ਡਾਇਰੈਕਟਰ ਸਥਾਨਕ ਸਰਕਾਰਾਂ, ਬਲਦੀਪ ਕੌਰ ਨੂੰ ਵਿਸ਼ੇਸ਼ ਸਕੱਤਰ ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਦੇ ਨਾਲ ਡਾਇਰੈਕਟਰ ਆਬਾਦਕਾਰੀ ਦੀ ਵਾਧੂ ਜ਼ਿੰਮੇਵਾਰੀ ਦਿੱਤੀ ਗਈ ਹੈ। ਸੂਬਾ ਸਰਕਾਰ ਨੇ ਆਈਏਐੱਸ ਅਧਿਕਾਰੀ ਸ਼ੌਕਤ ਅਹਿਮਦ ਪੈਰੇ ਨੂੰ ਵਿਸ਼ੇਸ਼ ਸਕੱਤਰ ਵਿੱਤ ਵਿਭਾਗ ਤੇ ਮੁੱਖ ਕਾਰਜਕਾਰੀ ਅਫ਼ਸਰ ਪੰਜਾਬ ਵਕਫ਼ ਬੋਰਡ, ਪਰਨੀਤ ਸ਼ੇਰਗਿੱਲ ਨੂੰ ਰਾਜ ਟਰਾਂਸਪੋਰਟ ਕਮਿਸ਼ਨਰ, ਜਦਕਿ ਜਤਿੰਦਰ ਜੋਰਵਾਲ ਨੂੰ ਵਿਸ਼ੇਸ਼ ਸਕੱਤਰ ਆਬਕਾਰੀ ਤੇ ਕਰ ਵਿਭਾਗ, ਵਧੀਕ ਕਮਿਸ਼ਨਰ ਆਬਕਾਰੀ ਪਟਿਆਲਾ, ਵਧੀਕ ਕਮਿਸ਼ਨਰ ਕਰ ਪਟਿਆਲਾ ਤੇ ਆਬਕਾਰੀ ਕਮਿਸ਼ਨਰ ਪੰਜਾਬ ਲਾਇਆ ਹੈ। ਇਸੇ ਤਰ੍ਹਾਂ ਜਸਪ੍ਰੀਤ ਸਿੰਘ ਨੂੰ ਵਿਸ਼ੇਸ਼ ਸਕੱਤਰ ਫੂਡ ਪ੍ਰੋਸੈਸਿੰਗ ਵਿਭਾਗ ਤੇ ਮਿਸ਼ਨ ਡਾਇਰੈਕਟਰ ਫੂਡ ਪ੍ਰੋਸੈਸਿੰਗ, ਰਾਜੇਸ਼ ਧੀਮਾਨ ਨੂੰ ਡਿਪਟੀ ਕਮਿਸ਼ਨਰ ਬਠਿੰਡਾ, ਸੰਦੀਪ ਰਿਸ਼ੀ ਨੂੰ ਕਮਿਸ਼ਨਰ ਨਗਰ ਨਿਗਮ ਜਲੰਧਰ, ਗੌਤਮ ਜੈਨ ਨੂੰ ਵਧੀਕ ਸਕੱਤਰ ਪ੍ਰਸੋਨਲ ਵਿਭਾਗ ਤੇ ਮੈਨੇਜਿੰਗ ਡਾਇਰੈਕਟਰ ਪੰਜਾਬ ਰਾਜ ਗੋਦਾਮ ਨਿਗਮ ਲਿਮਟਿਡ, ਜਦਕਿ ਗੁਲਪ੍ਰੀਤ ਸਿੰਘ ਔਲਖ ਨੂੰ ਵਿਸ਼ੇਸ਼ ਸਕੱਤਰ ਮਾਲ ਤੇ ਪੁਨਰਵਾਸ ਵਿਭਾਗ ਅਤੇ ਡਾਇਰੈਕਟਰ ਭੌਂ ਰਿਕਾਰਡ ਲਾਇਆ ਗਿਆ ਹੈ।

ਆਈਏਐੱਸ ਅਧਿਕਾਰੀ ਰਵਿੰਦਰ ਸਿੰਘ ਨੂੰ ਵਧੀਕ ਸਕੱਤਰ ਕਿਰਤ ਵਿਭਾਗ ਤੇ ਵਧੀਕ ਸਕੱਤਰ ਸਮਾਜਿਕ ਨਿਆਂ, ਅਧਿਕਾਰਤਾ ਤੇ ਘੱਟ ਗਿਣਤੀ ਵਿਭਾਗ ਦੇ ਨਾਲ ਸਕੱਤਰ ਅਧੀਨ ਸੇਵਾ ਚੋਣ ਬੋਰਡ, ਰਾਹੁਲ ਚਾਬਾ ਨੂੰ ਡਿਪਟੀ ਕਮਿਸ਼ਨਰ ਸੰਗਰੂਰ, ਵਿੰਮੀ ਭੁੱਲਰ ਨੂੰ ਡਾਇਰੈਕਟਰ ਤੇ ਵਧੀਕ ਸਕੱਤਰ ਸਮਾਜਿਕ ਨਿਆਂ, ਅਧਿਕਾਰਤਾ ਤੇ ਘੱਟ ਗਿਣਤੀ, ਨਵਜੋਤ ਕੌਰ ਨੂੰ ਡਿਪਟੀ ਕਮਿਸ਼ਨਰ ਮਾਨਸਾ, ਬਿਕਰਮਜੀਤ ਸਿੰਘ ਸ਼ੇਰਗਿੱਲ ਨੂੰ ਕਮਿਸ਼ਨਰ ਨਗਰ ਨਿਗਮ ਅੰਮ੍ਰਿਤਸਰ, ਆਯੂਸ਼ ਗੋਇਲ ਨੂੰ ਐੱਸਡੀਐੱਮ ਤਪਾ ਅਤੇ ਆਈਐੱਫਐੱਸ ਅਧਿਕਾਰੀ ਕਲਪਨਾ ਕੇ ਨੂੰ ਵਧੀਕ ਸਕੱਤਰ ਸਕੂਲ ਸਿੱਖਿਆ ਵਿਭਾਗ ਤੇ ਪ੍ਰਾਜੈਕਟ ਡਾਇਰੈਕਟਰ ਵਿਸ਼ਵ ਬੈਂਕ ਪ੍ਰਾਜੈਕਟ, ਸਕੂਲ ਸਿੱਖਿਆ ਵਿਭਾਗ ਦੀ ਜ਼ਿੰਮੇਵਾਰੀ ਦਿੱਤੀ ਗਈ ਹੈ।

# ਸਦਾ ਯਾਦ ਰਹਿਣਗੇ ਸੰਦੀਪ ਗਿਲ੍ਹੋਤਰਾ; ਕੈਬਨਿਟ ਮੰਤਰੀ ਅਮਨ ਅਰੋੜਾ ਦੇ ਸਹੁਰਾ ਸੰਦੀਪ ਗਿਲ੍ਹੋਤਰਾ ਨਮਿਤ ਅੰਤਿਮ ਅਰਦਾਸ ਅੱਜ

**ਸੁਨਾਮ ਊਧਮ ਸਿੰਘ ਵਾਲਾ, 23 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਫ਼ਜ਼ਿਲਕਾ ਸਮੇਤ ਸਮੁੱਚੇ ਪੰਜਾਬ ਦੇ ਪ੍ਰਸਿੱਧ ਉਦਯੋਗਪਤੀ, ਸਮਾਜਸੇਵੀ ਅਤੇ ਪ੍ਰਕਿਰਤੀ ਪ੍ਰੇਮੀ ਸ੍ਰੀ ਸੰਦੀਪ ਗਿਲ੍ਹੋਤਰਾ, ਜੋ ਕਿ ਕੈਬਨਿਟ ਮੰਤਰੀ ਸ੍ਰੀ ਅਮਨ ਅਰੋੜਾ ਦੇ ਸਹੁਰਾ ਸਨ, 12 ਫਰਵਰੀ 2026, ਆਪਣੀ ਸੰਸਾਰਿਕ ਯਾਤਰਾ ਪੂਰੀ ਕਰਕੇ ਪ੍ਰਭੂ ਚਰਨਾਂ ਵਿੱਚ ਲੀਨ ਹੋ ਗਏ। ਉਨ੍ਹਾਂ ਦੇ ਅਚਾਨਕ ਵਿਛੋੜੇ ਨਾਲ ਹਰ ਪਾਸੇ ਸੋਗ ਦੀ ਲਹਿਰ ਦੌੜ ਗਈ ਹੈ ਤੇ ਉਹਨਾਂ ਨਮਿਤ ਅੰਤਿਮ ਅਰਦਾਸ/ ਰਸਮ ਕਿਰਿਆ, ਐਮ ਆਰ ਵੁਡਸ ਗੋਲਡ, ਫਾਜ਼ਿਲਕਾ ਵਿਖੇ ਅੱਜ ਹੋਵੇਗੀ।

ਸ੍ਰੀ ਗਿਲ੍ਹੋਤਰਾ ਦਾ ਜਨਮ 6 ਮਾਰਚ 1956 ਨੂੰ ਪ੍ਰਸਿੱਧ ਭੂਮਿਪਤੀ ਸੇਠ ਰਾਜਾ ਰਾਮ ਨਾਗਪਾਲ ਅਤੇ ਸ੍ਰੀਮਤੀ ਕ੍ਰਿਸ਼ਨਾ ਰਾਣੀ ਦੇ ਘਰ ਹੋਇਆ। ਉਨ੍ਹਾਂ ਨੂੰ ਉਨ੍ਹਾਂ ਦੇ ਨਾਨਾ ਅਤੇ ਖੇਤਰ ਦੇ ਮਾਣਯੋਗ ਵਿਅਕਤੀ ਸੇਠ ਮੁੰਸ਼ੀ ਰਾਮ ਗਿਲ੍ਹੋਤਰਾ ਨੇ ਗੋਦ ਲਿਆ। ਸੇਠ ਮੁੰਸ਼ੀ ਰਾਮ ਗਿਲ੍ਹੋਤਰਾ ਆਪਣੇ ਸਮੇਂ ਵਿੱਚ ਨਗਰ ਕੌਂਸਲ ਫਾਜ਼ਿਲਕਾ ਦੇ ਪ੍ਰਧਾਨ ਅਤੇ ਮਾਰਕੀਟ ਕਮੇਟੀ ਫਾਜ਼ਿਲਕਾ ਦੇ ਚੇਅਰਮੈਨ ਰਹੇ ਅਤੇ ਸਮਾਜਿਕ, ਧਾਰਮਿਕ ਅਤੇ ਰਾਜਨੀਤਿਕ ਖੇਤਰਾਂ ਵਿੱਚ ਉਨ੍ਹਾਂ ਦਾ ਵਿਸ਼ੇਸ਼ ਮਾਣ-ਸਤਿਕਾਰ ਸੀ।

ਸ੍ਰੀ ਸੰਦੀਪ ਗਿਲ੍ਹੋਤਰਾ ਨੇ ਗ੍ਰੈਜੂਏਸ਼ਨ ਤਕ ਸਿੱਖਿਆ ਪ੍ਰਾਪਤ ਕਰਕੇ ਆਪਣੇ ਉੱਚ ਪਰਿਵਾਰਕ ਸੰਸਕਾਰਾਂ ਨੂੰ ਜੀਵਨ ਦੇ ਹਰ ਖੇਤਰ ਵਿੱਚ ਅਮਲ ਕੀਤਾ। ਮੁਕਤਸਰ ਦੇ ਮਾਣਯੋਗ ਸੇਤੀਆ ਪਰਿਵਾਰ ਦੀ ਪੁੱਤਰੀ ਸ੍ਰੀਮਤੀ ਰੰਜਨਾ ਗਿਲ੍ਹੋਤਰਾ ਨਾਲ ਉਨ੍ਹਾਂ ਦਾ ਵਿਵਾਹ ਹੋਇਆ। ਸ੍ਰੀਮਤੀ ਰੰਜਨਾ ਗਿਲ੍ਹੋਤਰਾ ਨੇ ਇਕ ਆਦਰਸ਼ ਜੀਵਨ ਸਾਥੀ ਵਜੋਂ ਹਰ ਮੋੜ 'ਤੇ ਉਨ੍ਹਾਂ ਦਾ ਸਾਥ ਨਿਭਾਇਆ। ਉਨ੍ਹਾਂ ਦੇ ਘਰ ਪੁੱਤਰ ਕਰਨ ਗਿਲ੍ਹੋਤਰਾ ਅਤੇ ਧੀ ਸਬੀਨਾ ਦੇ ਰੂਪ ਵਿੱਚ ਖੁਸ਼ੀਆਂ ਆਈਆਂ। ਸ਼੍ਰੀ ਗਿਲ੍ਹੋਤਰਾ ਦੀ ਧੀ ਸਬੀਨਾ ਨਾਲ ਹੀ ਕੈਬਨਿਟ ਮੰਤਰੀ ਸ਼੍ਰੀ ਅਮਨ ਅਰੋੜਾ ਦੀ ਸ਼ਾਦੀ ਹੋਈ।

ਸ੍ਰੀ ਗਿਲ੍ਹੋਤਰਾ ਜੀ ਦੂਰਅੰਦੇਸ਼ੀ ਸੋਚ ਵਾਲੇ ਉਦਯੋਗਪਤੀ ਸਨ। ਫਾਜ਼ਿਲਕਾ ਜ਼ਿਲ੍ਹੇ ਦੇ ਸਭ ਤੋਂ ਵੱਡੇ ਕਲੋਨਾਈਜ਼ਰਾਂ ਵਿੱਚੋਂ ਇੱਕ ਵਜੋਂ ਉਨ੍ਹਾਂ ਨੇ ਕਾਟਨ, ਚਾਵਲ, ਤੇਲ ਉਦਯੋਗ, ਕੋਲਡ ਸਟੋਰ, ਫੋਕਲ ਪਾਇੰਟ, ਸਿਨੇਮਾ, ਸੋਲਰ ਪ੍ਰੋਜੈਕਟ ਅਤੇ ਮੇਰਿਜ ਪੈਲੇਸ ਸਮੇਤ ਕਈ ਖੇਤਰਾਂ ਵਿੱਚ 'ਐਮ ਆਰ ਗਰੁੱਪ' ਦੇ ਬੈਨਰ ਹੇਠ ਵਪਾਰਕ ਵਿਸਥਾਰ ਕੀਤਾ। ਉਨ੍ਹਾਂ ਨੇ ਸ਼ਹਿਰ ਵਿੱਚ ਚਾਰ ਵੱਡੀਆਂ ਤੇ ਸ਼ਾਨਦਾਰ ਕਲੋਨੀਆਂ ਦਾ ਨਿਰਮਾਣ ਕਰਵਾ ਕੇ ਸੈਂਕੜਿਆਂ ਲੋਕਾਂ ਨੂੰ ਰੋਜ਼ਗਾਰ ਦੇ ਮੌਕੇ ਪ੍ਰਦਾਨ ਕੀਤੇ।

ਉਨ੍ਹਾਂ ਦਾ ਯੋਗਦਾਨ ਸਿਰਫ਼ ਵਪਾਰ ਤੱਕ ਸੀਮਿਤ ਨਹੀਂ ਸੀ। ਉਹ ਪ੍ਰਕਿਰਤੀ ਪ੍ਰੇਮੀ ਵੀ ਸਨ ਅਤੇ ਫਾਜ਼ਿਲਕਾ ਨੂੰ ਹਰਾ-ਭਰਾ ਬਣਾਉਣ ਲਈ ਹਜ਼ਾਰਾਂ ਪੌਦੇ ਲਗਵਾਏ। ਉਨ੍ਹਾਂ ਦੀ ਇਹ ਸੇਵਾ ਆਉਣ ਵਾਲੀਆਂ ਪੀੜ੍ਹੀਆਂ ਲਈ ਪ੍ਰੇਰਣਾ ਸਰੋਤ ਰਹੇਗੀ। ਸਰਹੱਦੀ ਪਿੰਡ ਰਾਣਾ ਨਾਲ ਉਨ੍ਹਾਂ ਦਾ ਖਾਸ ਲਗਾਵ ਸੀ। ਪਿੰਡ ਦੇ ਵਿਕਾਸ ਲਈ ਉਨ੍ਹਾਂ ਨੇ ਕਈ ਉਪਰਾਲੇ ਕੀਤੇ ਅਤੇ ਸੇਠ ਮੁੰਸ਼ੀ ਰਾਮ ਗਿਲ੍ਹੋਤਰਾ ਸਰਵਹਿਤਕਾਰੀ ਸਕੂਲ ਦੀ ਸਥਾਪਨਾ ਕਰਕੇ ਸਿੱਖਿਆ ਦੇ ਖੇਤਰ ਵਿੱਚ ਮਹੱਤਵਪੂਰਨ ਯੋਗਦਾਨ ਪਾਇਆ। ਸਮਾਜਿਕ ਅਤੇ ਧਾਰਮਿਕ ਖੇਤਰਾਂ ਵਿੱਚ ਵੀ ਉਹ ਸਰਗਰਮ ਰਹੇ। ਸੀਮਾਵਰਤੀ ਪਿੰਡ ਆਸਫਵਾਲਾ ਵਿੱਚ 1971 ਦੇ ਯੁੱਧ ਦੇ ਸ਼ਹੀਦਾਂ ਦੀ ਯਾਦ ਵਿੱਚ ਬਣੀ ਸ਼ਹੀਦਾਂ ਦੀ ਸਮਾਧੀ ਨਾਲ ਉਨ੍ਹਾਂ ਦਾ ਗਹਿਰਾ ਨਾਤਾ ਸੀ ਤੇ ਇਸ ਸਮਾਧੀ ਦੇ ਪ੍ਰਬੰਧਕਾਂ ਦੇ ਉਹ ਪ੍ਰਧਾਨ ਸਨ ਤੇ ਸਮਾਧੀ ਵਿਕਸਤ ਕਰਨ ਵਿੱਚ ਸਭ ਤੋਂ ਅਹਿਮ ਯੋਗਦਾਨ ਪਾਇਆ। ਉਹ ਹਮੇਸ਼ਾ ਨਵੇਂ ਕਾਰਜ ਦੀ ਸ਼ੁਰੂਆਤ ਇਸ ਸਮਾਧੀ ਵਿਖੇ ਮੱਥਾ ਟੇਕ ਕੇ ਕਰਦੇ ਸਨ। ਸ੍ਰੀ ਸੰਦੀਪ ਗਿਲ੍ਹੋਤਰਾ ਆਪਣੇ ਪਿੱਛੇ ਧਰਮਪਤਨੀ, ਪੁੱਤਰ-ਪੁੱਤਰਵਧੂ, ਧੀ-ਦਾਮਾਦ, ਪੋਤੇ-ਪੋਤੀਆਂ, ਦੋਹਤੇ-ਦੋਹਤੀਆਂ ਅਤੇ ਵਿਸ਼ਾਲ ਪਰਿਵਾਰ ਨੂੰ ਵਿਛੋੜੇ ਦੇ ਗਮ ਵਿੱਚ ਛੱਡ ਗਏ ਹਨ। ਉਨ੍ਹਾਂ ਦੀ ਮਿਹਨਤ, ਸਾਦਗੀ, ਇਮਾਨਦਾਰੀ ਅਤੇ ਸਮਾਜਸੇਵਾ ਦੀ ਭਾਵਨਾ ਹਮੇਸ਼ਾ ਯਾਦ ਰਹੇਗੀ। ਖੇਤਰ ਦੀਆਂ ਵੱਖ-ਵੱਖ ਸਮਾਜਿਕ, ਧਾਰਮਿਕ ਅਤੇ ਰਾਜਨੀਤਿਕ ਸੰਸਥਾਵਾਂ ਨੇ ਉਨ੍ਹਾਂ ਦੇ ਦੇਹਾਂਤ 'ਤੇ ਗਹਿਰਾ ਦੁੱਖ ਪ੍ਰਗਟ ਕਰਦਿਆਂ ਬਿਛੜੀ ਰੂਹ ਨੂੰ ਸ਼ਰਧਾਂਜਲੀ ਭੇਟ ਕੀਤੀ ਹੈ।ਵਾਹਿਗੁਰੂ ਅੱਗੇ ਅਰਦਾਸ ਹੈ ਕਿ ਬਿਛੜੀ ਹੋਈ ਨੇਕ ਰੂਹ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖ਼ਸ਼ਣ ਅਤੇ ਪਰਿਵਾਰ ਨੂੰ ਇਹ ਅਸਹਿਣੀ ਦੁੱਖ ਸਹਿਣ ਦੀ ਤਾਕਤ ਬਖ਼ਸ਼ਣ।

# ਜੁਨੇਜਾ ਵੱਲੋਂ ਪੰਜਾਬ ਰੋਡਵੇਜ/ਪਨਬੱਸ ਪੀ.ਆਰ. ਟੀ.ਸੀ ਕੰਟਰੈਕਟ ਵਰਕਰ ਯੂਨੀਅਨ) ਨਾਲ ਮੀਟਿੰਗ

## ਪੁਲਿਸ ਕੇਸ ਵਾਲੀ ਮਾਨਵਸ਼ਕਤੀ ਤੇ ਤਨਖਾਹ ਮਾਮਲੇ 'ਤੇ ਚਰਚਾ



**ਪਟਿਆਲਾ, 23 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਰੋਡਵੇਜ / ਪਨਬੱਸ ਪੀ.ਆਰ.ਟੀ.ਸੀ ਕੰਟਰੈਕਟ ਵਰਕਰ ਯੂਨੀਅਨ (ਰਜਿ 25/11) ਨੇ ਪੀ.ਆਰ.ਟੀ.ਸੀ ਦੇ ਚੇਅਰਮੈਨ ਐਡਵੋਕੇਟ ਹਰਪਾਲ ਜੁਨੇਜਾ ਨਾਲ ਬੈਠਕ ਕਰਕੇ ਯੂਨੀਅਨ ਦੇ ਅਹਿਮ ਮੁੱਦਿਆਂ 'ਤੇ ਵਿਚਾਰ ਕੀਤਾ। ਚੇਅਰਮੈਨ ਜੁਨੇਜਾ ਨੇ ਮੁਲਾਜ਼ਮਾਂ ਨੂੰ ਭਰੋਸਾ ਦਿੱਤਾ ਕਿ ਸਾਰੇ ਮਾਮਲੇ ਸਬੰਧੀ ਉਨ੍ਹਾਂ ਵੱਲੋਂ ਨਿੱਜੀ ਤੌਰ 'ਤੇ ਧਿਆਨ ਦਿੱਤਾ ਜਾ ਰਿਹਾ ਹੈ ਅਤੇ ਪ੍ਰਸ਼ਾਸਨ ਨਾਲ ਲਗਾਤਾਰ ਤਾਲਮੇਲ ਬਣਾਇਆ ਜਾ ਰਿਹਾ ਹੈ।

ਮੁਲਾਜ਼ਮਾਂ ਨੇ ਹੜਤਾਲ ਦੌਰਾਨ ਦਰਜ ਪੁਲਿਸ ਕੇਸ ਵਾਲੀ ਮਾਨਵਸ਼ਕਤੀ, ਜੇਲ੍ਹ ਵਿੱਚ ਬੰਦ ਮੈਨਪਾਵਰ ਤੇ ਕਰਮਚਾਰੀਆਂ ਦੀ ਤਨਖਾਹ ਸਮੇਂ ਸਿਰ ਜਾਰੀ ਕਰਨ ਵਰਗੇ ਮਾਮਲੇ ਵਿਚਾਰੇ। ਯੂਨੀਅਨ ਨੇ ਮੰਗ ਰੱਖੀ ਕਿ ਜਦੋਂ ਇਹ ਮਾਨਵਸ਼ਕਤੀ ਜੇਲ੍ਹ ਤੋਂ ਰਿਹਾਅ ਹੋ ਜਾਵੇ, ਤਾਂ ਉਸ ਨੂੰ ਮੁੜ ਡਿਊਟੀ 'ਤੇ ਲਗਾਇਆ ਜਾਵੇ।

ਆਗੂਆਂ ਨੇ ਚੇਅਰਮੈਨ ਜੁਨੇਜਾ ਦਾ ਵਿਸ਼ੇਸ਼ ਤੌਰ @ਤੇ ਧੰਨਵਾਦ ਕੀਤਾ ਕਿ ਇਸ ਮਹੀਨੇ ਵਰਕਰਾਂ ਦੀ ਲੰਮੇ ਸਮੇਂ ਤੋਂ ਚੱਲੀ ਆ ਰਹੀ ਤਨਖ਼ਾਹ ਅਤੇ ਪੈਨਸ਼ਨ ਦੀ ਸਮੱਸਿਆ ਨੂੰ ਹੱਲ ਕਰਦਿਆਂ ਸਮੇਂ ਸਿਰ ਭੁਗਤਾਨ ਯਕੀਨੀ ਬਣਾਇਆ ਗਿਆ ਹੈ।

ਮੌਜੂਦ ਅਧਿਕਾਰੀਆਂ ਨੇ ਕਿਹਾ ਕਿ ਯੂਨੀਅਨ ਹੋਈ ਮੀਟਿੰਗ ਦੌਰਾਨ ਇਨ੍ਹਾਂ ਸਾਰੇ ਮੁੱਦਿਆਂ 'ਤੇ ਵਿਸਥਾਰ ਨਾਲ ਚਰਚਾ ਕੀਤੀ ਗਈ ਤਾਂ ਜੋ ਕਰਮਚਾਰੀਆਂ ਦੀਆਂ ਸਮੱਸਿਆਵਾਂ ਦਾ ਜਲਦ ਅਤੇ ਢੰਗ ਨਾਲ ਹੱਲ ਕੱਢਿਆ ਜਾ ਸਕੇ। ਉਨ੍ਹਾਂ ਨੇ ਇਹ ਵੀ ਦੱਸਿਆ ਕਿ ਪ੍ਰਸ਼ਾਸਨ ਅਤੇ ਯੂਨੀਅਨ ਦਰਮਿਆਨ ਆਪਸੀ ਤਾਲਮੇਲ ਨਾਲ ਕੰਮ ਕਰਨ ਦੀ ਨੀਤੀ ਅਪਣਾਈ ਜਾ ਰਹੀ ਹੈ, ਜਿਸ ਨਾਲ ਭਵਿੱਖ ਵਿੱਚ ਅਜਿਹੇ ਮਸਲਿਆਂ ਨੂੰ ਸੁਲਝਾਉਣ ਵਿੱਚ ਆਸਾਨੀ ਹੋਵੇਗੀ। ਇਸ ਮੌਕੇ ਪੀਆਰਟੀਸੀ ਦੇ ਕਾਰਜਕਾਰੀ ਇੰਜੀਨੀਅਰ ਜਤਿੰਦਰਪਾਲ ਸਿੰਘ ਗਰੇਵਾਲ, ਜੀ.ਐਮ. ਪ੍ਰਸ਼ਾਸਨ ਮਨਿੰਦਰਪਾਲ ਸਿੰਘ ਸਿੱਧੂ ਤੋਂ ਇਲਾਵਾ ਜੱਥੇਬੰਦੀ ਦੇ ਸੀਨੀਅਰ ਆਗੂ ਹਰਕੇਸ਼ ਕੁਮਾਰ ਵਿੱਕੀ, ਜਗਤਾਰ ਸਿੰਘ, ਰਮਨਦੀਪ ਸਿੰਘ ਤੋਂ ਇਲਾਵਾ ਹੋਰ ਆਗੂ ਮੌਜੂਦ ਸਨ।

# ਬਲਾਕ ਪੱਧਰੀ ਸਹਿ-ਵਿੱਦਿਅਕ ਮੁਕਾਬਲੇ ਕਰਵਾਏ; ਹੀਰਾ ਲਾਲ ਕੁੰਦਨ ਲਾਲ ਮੈਮੋਰੀਅਲ ਟਰੱਸਟ ਦਾ ਰਿਹਾ ਵਿਸ਼ੇਸ਼ ਸਹਿਯੋਗ

## ➢ ਜੇਤੂ ਵਿਦਿਆਰਥੀਆਂ ਦਾ ਕੀਤਾ ਸਨਮਾਨ ➢ ਬਲਾਕ ਪੱਧਰੀ ਮੁਕਾਬਲਿਆਂ 'ਚ ਮਲਟੀਪਰਪਜ ਸੈਂਟਰ ਦੀ ਝੰਡੀ

**ਪਟਿਆਲਾ, 23 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸਕੂਲੀ ਸਿੱਖਿਆ ਵਿਭਾਗ ਪੰਜਾਬ ਦੇ ਉੱਚ ਅਧਿਕਾਰੀਆਂ ਦੇ ਦਿਸ਼ਾ ਨਿਰਦੇਸ਼ਾਂ ਹੇਠ ਬਲਾਕ ਪਟਿਆਲਾ-2 ਦੇ ਸਹਿ-ਵਿੱਦਿਅਕ ਮੁਕਾਬਲੇ ਬੀਪੀਈਓ ਪ੍ਰਿਥੀ ਸਿੰਘ ਦੀ ਯੋਗ ਅਗਵਾਈ ਹੇਠ ਹੀਰਾ ਲਾਲ ਕੁੰਦਨ ਲਾਲ ਮੈਮੋਰੀਅਲ ਟਰਸਟ ਦੇ ਪ੍ਰਧਾਨ ਇੰਜੀ. ਸੋਨੀਆ ਤੇ ਸੈਕਟਰੀ ਅਨਿਲ ਵਿਜ ਦੇ ਸਹਿਯੋਗ ਨਾਲ ਕਰਵਾਏ ਗਏ। ਇਸ ਸਮਾਰੋਹ ਵਿੱਚ ਮੁੱਖ ਮਹਿਮਾਨ ਵਜੋਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਭੂਗੋਲ ਵਿਭਾਗ ਦੇ ਮੁੱਖੀ ਡਾ.ਅੱਪਰਦੀਪ ਕੌਰ ਨੇ ਸ਼ਿਰਕਤ ਕੀਤੀ। ਇਸ ਦੌਰਾਨ ਸੁੰਦਰ ਲਿਖਾਈ, ਭਾਸ਼ਣ, ਪੇਂਟਿੰਗ, ਸੋਲੋ ਡਾਂਸ (ਮੁੰਡੇ ਅਤੇ ਕੁੜੀਆਂ) ਦੇ ਮੁਕਾਬਲੇ ਕਰਵਾਏ ਗਏ।



ਜਿਨਾਂ ਵਿੱਚ ਸੁੰਦਰ ਲਿਖਾਈ ਦੇ ਮੁਕਾਬਲਿਆਂ ਵਿੱਚ ਸੈਂਟਰ ਮਲਟੀਪਰਪਜ ਦੇ ਮਨਜੋਤ ਸ਼ਰਮਾ ਨੇ ਪਹਿਲਾ ਸਥਾਨ, ਸੈਂਟਰ ਮੈਣ ਦੀ ਅਰਸ਼ਦੀਪ ਕੌਰ ਨੇ ਦੂਜਾ ਸਥਾਨ ਅਤੇ ਸੈਂਟਰ ਤ੍ਰਿਪੜੀ ਦੀ ਅੰਜਲੀ ਨੇ ਤੀਜਾ ਸਥਾਨ ਹਾਸਿਲ ਕੀਤਾ।

ਭਾਸ਼ਣ ਮੁਕਾਬਲੇ ਵਿੱਚ ਸੈਂਟਰ ਤ੍ਰਿਪੜੀ ਦੀ ਕਾਰਤਿਕ ਪਾਹਵਾ ਨੇ ਪਹਿਲਾ ਸਥਾਨ, ਸੈਂਟਰ ਵਿਕਟੋਰੀਆ ਦੀ ਸੋਨਾਕਸ਼ੀ ਨੇ ਦੂਜਾ ਸਥਾਨ ਅਤੇ ਸੈਂਟਰ ਘਾਸ ਮੰਡੀ ਦੀ ਪ੍ਰਿਆਂਸ਼ੀ ਨੇ ਤੀਜਾ ਸਥਾਨ ਹਾਸਲ ਕੀਤਾ। ਪੇਂਟਿੰਗ ਮੁਕਾਬਲੇ ਵਿੱਚ ਸੈਂਟਰ ਮਲਟੀਪਰਪਜ ਦੇ ਅਭਿਸ਼ੇਕ ਨੇ ਪਹਿਲਾ, ਸੈਂਟਰ ਤ੍ਰਿਪੜੀ ਦੀ ਚਾਂਦਨੀ ਨੇ ਦੂਜਾ ਸਥਾਨ ਅਤੇ ਸੈਂਟਰ ਮੈਣ ਦੀ ਜਸਮੀਤ ਕੌਰ ਨੇ ਤੀਜਾ ਸਥਾਨ ਹਾਸਲ ਕੀਤਾ।

ਸੋਲੋ ਡਾਂਸ (ਮੁੰਡੇ) ਵਿੱਚ ਸੈਂਟਰ ਮਲਟੀਪਰਪਜ ਦੇ ਹਰਜੀਵਨ ਸਿੰਘ ਨੇ ਪਹਿਲਾ, ਸੈਂਟਰ ਮੈਣ ਦੇ ਅਭੀਜੀਤ ਸਿੰਘ ਨੇ ਦੂਜਾ ਅਤੇ ਸੈਂਟਰ ਵਿਕਟੋਰੀਆ ਦੇ ਗਣੇਸ਼ ਨੇ ਤੀਜਾ ਸਥਾਨ ਜਦਕਿ ਸੋਲੋ ਡਾਂਸ (ਕੁੜੀਆਂ) ਦੇ ਮੁਕਾਬਲੇ ਵਿੱਚ ਸੈਂਟਰ ਘਾਸ ਮੰਡੀ ਦੇ ਸ਼ੀਤਲ ਵਰਮਾ ਨੇ ਪਹਿਲਾ, ਸੈਂਟਰ ਮੈਣ ਦੀ ਇਸ਼ਪ੍ਰੀਤ ਕੌਰ ਨੇ ਦੂਜਾ ਅਤੇ ਸੈਂਟਰ ਮਲਟੀਪਰਪਜ਼ ਦੀ ਖੁਸ਼ਪ੍ਰੀਤ ਕੌਰ ਨੇ ਤੀਜਾ ਸਥਾਨ ਹਾਸਲ ਕੀਤਾ। ਮੁਕਾਬਲੇ ਦੌਰਾਨ ਪੁਜੀਸ਼ਨਾਂ ਹਾਸਿਲ ਕਰਨ ਵਾਲੇ ਵਿਦਿਆਰਥੀਆਂ ਨੂੰ ਬੀਪੀਈਓ ਪ੍ਰਿਥੀ ਸਿੰਘ, ਮੁੱਖ ਮਹਿਮਾਨ ਡਾ. ਅੱਪਰਦੀਪ ਕੌਰ, ਹੀਰਾ ਲਾਲ ਕੁੰਦਨ ਲਾਲ ਮੈਮੋਰੀਅਲ ਟਰੱਸਟ ਦੇ ਪ੍ਰਧਾਨ ਇੰਜੀ. ਸੋਨੀਆ ਅਤੇ ਸੈਕਟਰੀ ਅਨਿਲ ਵਿੱਜ ਵੱਲੋਂ ਟਰਾਫੀਆਂ ਦੇ ਕੇ ਸਨਮਾਨਿਤ ਕੀਤਾ ਗਿਆ। ਇਨਾਂ ਮੁਕਾਬਲਿਆਂ ਦੌਰਾਨ ਜੱਜਮੈਂਟ ਦੀ ਭੂਮਿਕਾ ਗਗਨਦੀਪ ਸਿੰਘ ਪੰਜਾਬੀ ਮਾਸਟਰ, ਪ੍ਰਵੇਸ਼ ਕੁਮਾਰ ਡਰਾਇੰਗ ਮਾਸਟਰ, ਹੇਮਾ ਪੰਜਾਬੀ ਮਿਸਟ੍ਰੈਸ, ਮੋਨਿਕਾ ਅਰੋੜਾ ਸਾਇੰਸ ਮਿਸਟ੍ਰੈਸ ਅਤੇ ਹਰਪ੍ਰੀਤ ਕੌਰ ਪੰਜਾਬੀ ਮਿਸਟ੍ਰੈਸ, ਅਨਿਲ ਵਿੱਜ, ਸੋਨੀਆ, ਸੁਖਵੰਤ ਬਾਜਵਾ ਅਤੇ ਸਿਮਰਨਜੀਤ ਕੌਰ ਵੱਲੋਂ ਬਾਖੂਬੀ ਨਿਭਾਈ ਗਈ। ਅਖੀਰ ਵਿੱਚ ਬੀਪੀਈਓ ਪ੍ਰਿਥੀ ਸਿੰਘ ਨੇ ਜੇਤੂ ਵਿਦਿਆਰਥੀਆਂ ਨੂੰ ਮੁਬਾਰਕਬਾਦ ਦੇਣ ਦੇ ਨਾਲ-ਨਾਲ ਹੀਰਾ ਲਾਲ ਕੁੰਦਨ ਲਾਲ ਮੈਮੋਰੀਅਲ ਟਰੱਸਟ ਦੇ ਪ੍ਰਧਾਨ ਇੰਜੀ. ਸੋਨੀਆ ਸਮੇਤ ਉਹਨਾਂ ਟੀਮ ਦਾ ਧੰਨਵਾਦ ਕੀਤਾ।

ਇਸ ਮੌਕੇ ਸੀਐਚਟੀ ਪੂਰਨ ਸਿੰਘ, ਸੀਐਚਟੀ ਭੁਪਿੰਦਰ ਸਿੰਘ, ਸੀਐਚਟੀ ਸੰਦੀਪ ਕੌਰ, ਸੀਐਚਟੀ ਅਮਨਦੀਪ ਕੌਰ, ਸੀਐਚਟੀ ਸਤਵੰਤ ਕੌਰ, ਸੀਐਚਟੀ ਬਿੰਦੂ ਬਾਲਾ, ਸੀਐਚਟੀ ਰੇਖਾ ਰਾਣੀ ਅਤੇ ਸੀਐਚਟੀ ਸੁਰੇਸ਼ ਕੁਮਾਰ ਸਮੇਤ ਮੁੱਖ ਅਧਿਆਪਕਾ ਜੋਤੀ, ਬਲਾਕ ਮੀਡੀਆ ਕੋਆਰਡੀਨੇਟਰ ਸੁਖਜੀਤ ਸਿੰਘ, ਅਮਨ ਕੱਲਰ ਭੈਣੀ, ਤਰਵਿੰਦਰ ਸਿੰਘ, ਏਮਨਦੀਪ ਕੌਰ ਸਮੇਤ ਹੋਰ ਹਾਜ਼ਰ ਸਨ।

# ਸਾਬਕਾ ਮੁੱਖ ਸਕੱਤਰ ਜੰਜੂਆ 'ਤੇ ਮੁਕੱਦਮਾ ਚਲਾਉਣ ਨੂੰ ਮਨਜ਼ੂਰੀ

## ਵਧੀਕ ਸੌਲੀਸਿਟਰ ਜਨਰਲ ਸੱਤਿਆ ਪਾਲ ਜੈਨ ਨੇ ਹਾਈ ਕੋਰਟ 'ਚ ਪੇਸ਼ ਕੀਤਾ ਕੇਂਦਰ ਸਰਕਾਰ ਦਾ ਪੱਤਰ

**ਚੰਡੀਗੜ੍ਹ, 23 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਕੇਂਦਰ ਸਰਕਾਰ ਨੇ ਪੰਜਾਬ ਕੇਡਰ ਦੇ 1989 ਬੈਚ ਦੇ ਸੇਵਾਮੁਕਤ ਆਈ ਏ ਐੱਸ ਅਧਿਕਾਰੀ ਵਿਜੈ ਕੁਮਾਰ ਜੰਜੂਆ 'ਤੇ ਮੁਕੱਦਮਾ ਚਲਾਉਣ ਦੀ ਮਨਜ਼ੂਰੀ ਦੇ ਦਿੱਤੀ ਹੈ। ਅਮਲਾ ਅਤੇ ਸਿਖਲਾਈ ਵਿਭਾਗ, ਜਨਤਕ ਸ਼ਿਕਾਇਤਾਂ ਅਤੇ ਪੈਨਸ਼ਨ ਮੰਤਰਾਲੇ ਵੱਲੋਂ ਭ੍ਰਿਸ਼ਟਾਚਾਰ ਰੋਕਥਾਮ ਕਾਨੂੰਨ, 1988 ਦੀ ਧਾਰਾ 19 ਤਹਿਤ 11 ਫਰਵਰੀ ਨੂੰ ਇਹ ਮਨਜ਼ੂਰੀ ਦਿੱਤੀ ਗਈ ਹੈ।



ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ ਜਸਟਿਸ ਅਲਕਾ ਸਰੀਨ ਦੀ ਅਦਾਲਤ 'ਚ ਪਟੀਸ਼ਨ ਦੀ ਸੁਣਵਾਈ ਦੌਰਾਨ ਕੇਂਦਰ ਸਰਕਾਰ ਦੇ ਵਧੀਕ ਸੌਲੀਸਿਟਰ ਜਨਰਲ ਸੱਤਿਆ ਪਾਲ ਜੈਨ ਵੱਲੋਂ ਅਦਾਲਤ 'ਚ ਪੇਸ਼ ਕੀਤੇ ਗਏ ਕੇਂਦਰੀ ਪੱਤਰ ਤੋਂ ਇਸ ਮਨਜ਼ੂਰੀ ਦਾ ਪਤਾ ਲੱਗਾ ਹੈ। ਆਮ ਆਦਮੀ ਪਾਰਟੀ ਦੀ ਸਰਕਾਰ 'ਚ ਜੰਜੂਆ ਮੁੱਖ ਸਕੱਤਰ ਰਹੇ ਅਤੇ ਉਸ ਤੋਂ ਪਹਿਲਾਂ ਉਦਯੋਗ ਤੇ ਵਣਜ ਵਿਭਾਗ 'ਚ ਡਾਇਰੈਕਟਰ-ਕਮ-ਸਕੱਤਰ ਵੀ ਰਹੇ। 'ਆਪ' ਸਰਕਾਰ ਨੇ ਸਤੰਬਰ 2024 ਵਿੱਚ ਵੀ ਕੇ ਜੰਜੂਆ ਨੂੰ ਪੰਜਾਬ ਪਾਰਦਰਸ਼ਤਾ ਅਤੇ ਜਵਾਬਦੇਹੀ ਕਮਿਸ਼ਨ ਦਾ ਚੇਅਰਮੈਨ ਲਗਾ ਦਿੱਤਾ ਸੀ। ਪੰਜਾਬ ਵਿਜੀਲੈਂਸ ਬਿਊਰੋ ਨੇ 9 ਨਵੰਬਰ 2009 ਨੂੰ ਭ੍ਰਿਸ਼ਟਾਚਾਰ ਰੋਕਥਾਮ ਕਾਨੂੰਨ ਦੀ ਧਾਰਾ 7 ਅਤੇ 13 (2) ਤਹਿਤ ਜੰਜੂਆ 'ਤੇ ਕੇਸ ਦਰਜ ਕੀਤਾ ਸੀ। ਪੰਜਾਬ ਸਰਕਾਰ ਨੇ 5 ਸਤੰਬਰ 2025 ਨੂੰ ਮੁਕੱਦਮਾ ਚਲਾਉਣ ਦੀ ਮਨਜ਼ੂਰੀ ਦੇਣ ਦੀ ਤਜਵੀਜ਼ ਭੇਜੀ ਸੀ, ਜਿਸ ਮਗਰੋਂ ਸਮਰੱਥ ਅਥਾਰਿਟੀ ਨੇ 11 ਫਰਵਰੀ ਨੂੰ ਇਸ ਮਾਮਲੇ 'ਚ ਮਨਜ਼ੂਰੀ ਦੇ ਦਿੱਤੀ। ਜ਼ਿਕਰਯੋਗ ਹੈ ਕਿ ਜਸਟਿਸ ਅਨੁਪਿੰਦਰ ਸਿੰਘ ਗਰੇਵਾਲ ਨੇ 15 ਸਤੰਬਰ 2023 ਨੂੰ ਜੰਜੂਆ 'ਤੇ ਮੁਕੱਦਮਾ ਚਲਾਉਣ ਦੀ ਪ੍ਰਵਾਨਗੀ ਦੇਣ ਲਈ ਸਾਰੇ ਦਸਤਾਵੇਜ਼ ਕੇਂਦਰ ਸਰਕਾਰ ਨੂੰ ਭੇਜਣ ਦੇ ਹੁਕਮ ਦਿੱਤੇ ਸਨ। ਇਸ ਤੋਂ ਪਹਿਲਾਂ ਰਾਜ ਸਰਕਾਰ ਨੇ ਮੁਕੱਦਮਾ ਚਲਾਉਣ ਦੀ ਮਨਜ਼ੂਰੀ ਦਿੱਤੀ ਸੀ ਜਦੋਂ ਕਿ ਸਮਰੱਥ ਅਥਾਰਿਟੀ ਕੇਂਦਰ ਸਰਕਾਰ ਸੀ।

# ਤੇਜ਼ ਰ.ਫਤਾਰ ਕਾਰ ਦੀ ਟੱਕਰ ਕਾਰਨ ਨੌਜਵਾਨ ਦੀ ਮੌਤ

**ਨਵੀਂ ਦਿੱਲੀ, 23 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੱਛਮੀ ਦਿੱਲੀ ਦੇ ਸੁਭਾਸ਼ ਨਗਰ ਇਲਾਕੇ ਵਿੱਚ ਸ਼ਨਿਚਰਵਾਰ ਤੜਕੇ ਇੱਕ ਤੇਜ਼ ਰਫ਼ਤਾਰ ਕਾਰ ਵੱਲੋਂ ਕਥਿਤ ਤੌਰ @ਤੇ ਟੱਕਰ ਮਾਰੇ ਜਾਣ ਕਾਰਨ ਇੱਕ ਡਿਲੀਵਰੀ ਕਰਨ ਵਾਲੇ ਨੌਜਵਾਨ ਦੀ ਮੌਤ ਹੋ ਗਈ ਹੈ। ਦਿੱਲੀ ਪੁਲੀਸ ਅਨੁਸਾਰ ਇਹ ਹਾਦਸਾ ਸਵੇਰੇ 3 ਵਜੇ ਦੇ ਕਰੀਬ ਵਾਪਰਿਆ, ਜਿਸ ਤੋਂ ਬਾਅਦ ਪੁਲੀਸ ਨੇ ਤੁਰੰਤ ਕਾਰਵਾਈ ਕਰਦੇ ਹੋਏ ਮੁਲਜ਼ਮ ਨੂੰ ਹਿਰਾਸਤ ਵਿੱਚ ਲੈ ਲਿਆ ਹੈ ਅਤੇ ਹਾਦਸੇ ਵਿੱਚ ਸ਼ਾਮਲ ਕਾਰ ਨੂੰ ਵੀ ਜ਼ਬਤ ਕਰ ਲਿਆ ਹੈ। ਇਸ ਮਾਮਲੇ ਦੀ ਅਗਲੀ ਜਾਂਚ ਜਾਰੀ ਹੈ।

ਜ਼ਿਕਰਯੋਗ ਹੈ ਕਿ ਇਹ ਘਟਨਾ ਦਵਾਰਕਾ ਸਾਊਥ ਵਿੱਚ ਹਾਲ ਹੀ ਵਿੱਚ ਵਾਪਰੇ ਉਸ ਹਾਦਸੇ ਤੋਂ ਬਾਅਦ ਸਾਹਮਣੇ ਆਈ ਹੈ, ਜਿੱਥੇ ਲਾਲ ਬਹਾਦਰ ਸ਼ਾਸਤਰੀ ਕਾਲਜ ਨੇੜੇ ਬਿਨਾਂ ਲਾਇਸੈਂਸ ਤੋਂ ਕਾਰ ਚਲਾ ਰਹੇ ਇੱਕ ਨਾਬਾਲਗ ਨੇ ਮੋਟਰਸਾਈਕਲ ਸਵਾਰ ਨੂੰ ਟੱਕਰ ਮਾਰ ਦਿੱਤੀ ਸੀ, ਜਿਸ ਵਿੱਚ ਇੱਕ ਵਿਅਕਤੀ ਦੀ ਜਾਨ ਚਲੀ ਗਈ ਸੀ।

# ਲੜੀਵਾਰ ਖੂਨਦਾਨ ਕੈਂਪ ਲਗਾ ਕੇ ਮਿਸਾਲ ਕੀਤੀ ਕਾਇਮ

## ਨੌਜਵਾਨਾਂ ਵੱਲੋਂ ਖੂਨਦਾਨ ਕਰਕੇ ਮਰੀਜ਼ਾਂ ਦੀ ਜਾਨ ਬਚਾਉਣਾ ਸ਼ਲਾਘਾਯੋਗ: ਰਾਮਗੜ੍ਹ






**ਪਟਿਆਲਾ, 23 ਫਰਵਰੀ**
**-ਅਮਰਜੀਤ ਸਿੰਘ-**
**-ਕੌਮੀ ਪੱਤ੍ਰਿਕਾ ਬਿਊਰੋ-**

ਮਨੁੱਖਤਾ ਦੇ ਭਲੇ ਲਈ ਲੋੜਵੰਦ ਮਰੀਜ਼ਾਂ ਦੀ ਜਾਨ ਬਚਾਉਣ ਲਈ ਯੂਨੀਵਰਸਲ ਵੈਲਫੇਅਰ ਕਲੱਬ ਪੰਜਾਬ ਅਤੇ ਹਿਊਮਨ ਵੈਲਫੇਅਰ ਫਾਊਂਡੇਸ਼ਨ ਵੱਲੋਂ ਮਿਸ਼ਨ ਲਾਲੀ ਤੇ ਹਰਿਆਲੀ ਤਹਿਤ 340ਵਾਂ ਰੈਗੂਲਰ ਖੂਨਦਾਨ ਕੈਂਪ ਸਰਕਾਰੀ ਰਜਿੰਦਰਾ ਹਸਪਤਾਲ ਦੇ ਬਲੱਡ ਬੈਂਕ ਵਿਖੇ ਲਗਾਇਆ ਗਿਆ। ਜਿਸ ਦਾ ਰਸਮੀ ਉਦਘਾਟਨ ਅਰਮਾਨ ਸਿੰਘ ਚਾਹਲ ਬਸੰਤਪੁਰਾ ਨੇ 20 ਸਾਲ ਦੀ ਉਮਰ ਵਿਚ ਪਹਿਲੀ ਵਾਰ ਖੂਨਦਾਨ ਕਰਕੇ ਕੀਤਾ। ਇਸ ਮੌਕੇ ਗੁਰਚਰਨ ਸਿੰਘ ਸਹਿਜਪੁਰ ਕਲਾਂ ਨੇ 15ਵੀਂ ਵਾਰ, ਕੁਲਵਿੰਦਰ ਸਿੰਘ, ਹਰਮੀਤ ਸਿੰਘ ਸਨੌਰ, ਅਰੁਣ ਪਟਿਆਲਾ, ਹੈਪੀ ਮਵੀ ਸੱਪਾਂ, ਸੁਦਰਸ਼ਨ ਕੁਮਾਰ ਮੰਡੀ ਗੋਬਿੰਦਗੜ੍ਹ, ਹਰਮਨਪ੍ਰੀਤ ਸਿੰਘ ਖਾਲਸਪੁਰ, ਜਸਪ੍ਰੀਤ ਸਿੰਘ ਤੇ ਗਗਨਦੀਪ ਸਿੰਘ ਨੇ ਵੀ ਖੂਨਦਾਨ ਕੀਤਾ। ਖੂਨਦਾਨੀਆਂ ਨੂੰ ਆਸ਼ੀਰਵਾਦ ਦੇਣ ਲਈ ਪ੍ਰੋ. ਕਿਰਪਾਲ ਸਿੰਘ ਬਡੂੰਗਰ ਸਾਬਕਾ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਅੰਗਰੇਜ਼ ਸਿੰਘ ਰਾਮਗੜ੍ਹ ਡਾਇਰੈਕਟਰ ਪੰਜਾਬ ਹੈਲਥ ਸਿਸਟਮ ਕਾਰਪੋਰੇਸ਼ਨ ਪਹੁੰਚੇ।

ਖੂਨਦਾਨੀਆਂ ਨੂੰ ਸਰਟੀਫਿਕੇਟ ਤੇ ਮਫਲਰ ਦੇ ਕੇ ਸਨਮਾਨਤ ਕਰਦਿਆਂ ਪ੍ਰੋ. ਬਡੂੰਗਰ ਨੇ ਕਿਹਾ ਕਿ ਪਿਛਲੇ 14 ਸਾਲਾਂ ਤੋਂ ਲੜੀਵਾਰ ਖੂਨਦਾਨ ਕੈਂਪ ਲਗਾ ਕੇ ਹਰਦੀਪ ਸਿੰਘ ਸਨੌਰ ਤੇ ਸਾਥੀਆਂ ਨੇ ਮਿਸਾਲ ਕਾਇਮ ਕੀਤੀ ਹੈ, ਜਿਸ ਵਿਚ ਰੈਗੂਲਰ ਖੂਨਦਾਨੀਆਂ ਦਾ ਵੀ ਵੱਡਮੁੱਲਾ ਯੋਗਦਾਨ ਹੈ। ਅੰਗਰੇਜ਼ ਸਿੰਘ ਰਾਮਗੜ੍ਹ ਨੇ ਕਿਹਾ ਕਿ ਨੌਜਵਾਨਾਂ ਵੱਲੋਂ ਖੂਨਦਾਨ ਕਰਕੇ ਮਰੀਜ਼ਾਂ ਦੀ ਜਾਨ ਬਚਾਉਣ ਸ਼ਲਾਘਾਯੋਗ ਹੈ। ਇਸ ਲਈ ਮਿਸ਼ਨ ਲਾਲੀ ਤੇ ਹਰਿਆਲੀ ਦੀ ਸਮੁੱਚੀ ਟੀਮ ਵਧਾਈ ਦੀ ਪਾਤਰ ਹੈ। ਇਸ ਮੌਕੇ ਮਿਸ਼ਨ ਦੇ ਮੋਢੀ ਤੇ ਮਾਸਟਰ ਮੋਟੀਵੇਟਰ ਹਰਦੀਪ ਸਿੰਘ ਸਨੌਰ, ਗੋਲਡਨ ਸਟਾਰ ਬਲੱਡ ਡੋਨਰ ਸੁਖਦੀਪ ਸਿੰਘ ਸੋਹਲ, ਭਾਈ ਰਵਿੰਦਰ ਸਿੰਘ ਭਾਂਖਰ, ਜਗਸੀਰ ਸਿੰਘ ਧਾਲੀਵਾਲ ਬੌੜਾਂ ਕਲਾਂ, ਸੁਖਜੀਤ ਸਿੰਘ ਬਸੰਤਪੁਰਾ ਤੇ ਸੁਖਵਿੰਦਰ ਸਿੰਘ ਸਮਾਣਾ ਵੀ ਹਾਜ਼ਰ ਸਨ। ਭਾਈ ਰਵਿੰਦਰ ਸਿੰਘ ਭਾਂਖਰ ਨੇ ਦੱਸਿਆ ਕਿ ਜਲਦ ਹੀ ਪਿੰਡ ਭਾਂਖਰ ਵਿਖੇ ਖੂਨਦਾਨ ਕੈਂਪ ਲਗਾਇਆ ਜਾਵੇਗਾ।

# ਬਰਨਾਲਾ ਰੈਲੀ ਤੋਂ ਕਾਂਗਰਸ ਵਜਾਏਗੀ ਚੋਣ ਬਿਗਲ



**ਚੰਡੀਗੜ੍ਹ, 23 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਕਾਂਗਰਸ ਪਾਰਟੀ ਪੰਜਾਬ 'ਚ ਅਗਾਮੀ ਵਿਧਾਨ ਸਭਾ ਚੋਣਾਂ ਲਈ ਬਰਨਾਲਾ ਰੈਲੀ ਤੋਂ ਚੋਣ ਬਿਗਲ ਵਜਾਏਗੀ, ਜਿਸ 'ਚ ਲੋਕ ਸਭਾ 'ਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਸ਼ਿਰਕਤ ਕਰਨਗੇ। ਬਰਨਾਲਾ ਦੀ ਦਾਣਾ ਮੰਡੀ 'ਚ 28 ਫਰਵਰੀ ਨੂੰ ਹੋਣ ਵਾਲੀ ਇਸ ਰੈਲੀ ਨਾਲ ਕਾਂਗਰਸ ਆਪਣੀ ਸ਼ਕਤੀ ਦਾ ਪ੍ਰਦਰਸ਼ਨ ਕਰੇਗੀ। ਲੋਕ ਸਭਾ ਚੋਣਾਂ ਮਗਰੋਂ ਪੰਜਾਬ ਕਾਂਗਰਸ ਵੱਲੋਂ ਇਹ ਪਹਿਲੀ ਵੱਡੀ ਰੈਲੀ ਕੀਤੀ ਜਾ ਰਹੀ ਹੈ।

ਆਮ ਆਦਮੀ ਪਾਰਟੀ ਨੇ ਮੋਗਾ ਰੈਲੀ ਕਰਨ ਤੋਂ ਮਗਰੋਂ ਹਲਕਿਆਂ ਦੇ ਹਿਸਾਬ ਨਾਲ ਰੈਲੀਆਂ ਕਰਨ ਦਾ ਪ੍ਰੋਗਰਾਮ ਉਲੀਕਿਆ ਹੈ ਜਦੋਂ ਕਿ ਸ਼੍ਰੋਮਣੀ ਅਕਾਲੀ ਦਲ ਨੇ ਵੱਖ-ਵੱਖ ਹਲਕਿਆਂ 'ਚ ਵਿਸਾਖੀ ਤੱਕ ਰੈਲੀਆਂ ਵਿੱਢੀਆਂ ਹੋਈਆਂ ਹਨ। ਕਾਂਗਰਸ ਵੱਲੋਂ ਕਿਸਾਨਾਂ, ਮਜ਼ਦੂਰਾਂ ਦਾ ਬਰਨਾਲਾ 'ਚ ਇਕੱਠ ਕੀਤਾ ਜਾਣਾ ਹੈ, ਜਿਸ 'ਚ ਮਗਨਰੇਗਾ ਬਚਾਉਣ ਦਾ ਸੱਦਾ ਵੀ ਦਿੱਤਾ ਜਾਵੇਗਾ ਅਤੇ ਨਾਲ ਹੀ ਭਾਰਤ-ਅਮਰੀਕਾ ਵਪਾਰ ਸਮਝੌਤੇ ਦੇ ਪੰਜਾਬ ਦੀ ਕਿਸਾਨੀ 'ਤੇ ਪੈਣ ਵਾਲੇ ਮਾਰੂ ਪ੍ਰਭਾਵਾਂ ਦੀ ਗੱਲ ਕੀਤੀ ਜਾਵੇਗੀ। ਬਰਨਾਲਾ ਰੈਲੀ 'ਚ ਪਿਛਲੇ ਸਮੇਂ ਦੌਰਾਨ ਕਾਂਗਰਸ ਦੀ ਅੰਦਰੂਨੀ ਲੜਾਈ ਕਾਰਨ ਲੋਕਾਂ ਦੇ ਨਜ਼ਰੀਏ ਨੂੰ ਬਦਲਣ ਦਾ ਯਤਨ ਵੀ ਕੀਤਾ ਜਾਵੇਗਾ। ਕਾਂਗਰਸ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਬਰਨਾਲਾ ਰੈਲੀ ਦੀਆਂ ਤਿਆਰੀਆਂ ਵਿੱਢ ਦਿੱਤੀਆਂ ਹਨ ਅਤੇ ਮੀਟਿੰਗਾਂ ਦਾ ਸਿਲਸਿਲਾ ਸ਼ੁਰੂ ਕਰ ਦਿੱਤਾ ਹੈ।

ਜ਼ਿਲ੍ਹਾ ਕਾਂਗਰਸ ਬਰਨਾਲਾ ਦੇ ਪ੍ਰਧਾਨ ਅਤੇ ਵਿਧਾਇਕ ਕੁਲਦੀਪ ਸਿੰਘ ਉਰਫ਼ ਕਾਲਾ ਢਿੱਲੋਂ ਨੇ ਕਿਹਾ ਕਿ ਬਰਨਾਲਾ ਦੀ ਧਰਤੀ 'ਤੇ ਕਿਸਾਨਾਂ, ਮਜ਼ਦੂਰਾਂ ਦਾ ਵੱਡਾ ਇਕੱਠ ਕੀਤਾ ਜਾਵੇਗਾ, ਜਿਸ ਵਾਸਤੇ ਡਿਊਟੀਆਂ ਲਾਈਆਂ ਜਾ ਰਹੀਆਂ ਹਨ। ਕਾਂਗਰਸੀ ਆਗੂਆਂ ਨਾ ਕਹਿਣਾ ਹੈ ਕਿ ਮੌਜੂਦਾ ਸਰਕਾਰ ਤੋਂ ਹਰ ਵਰਗ ਪ੍ਰੇਸ਼ਾਨ ਹੈ ਅਤੇ ਇਹ ਰੈਲੀ 'ਆਪ' ਸਰਕਾਰ ਨੂੰ ਚਲਦਾ ਕਰਨ ਦਾ ਮੁੱਢ ਬੰਨ੍ਹੇਗੀ। ਕਾਂਗਰਸੀ ਆਗੂ ਰਾਹੁਲ ਗਾਂਧੀ ਇਸ ਰੈਲੀ 'ਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਨਿਸ਼ਾਨੇ 'ਤੇ ਲੈਣਗੇ ਕਿਉਂਕਿ ਰੈਲੀ ਦਾ ਮਕਸਦ ਅਮਰੀਕਾ ਭਾਰਤ ਵਪਾਰ ਸਮਝੌਤਾ ਅਤੇ ਮਗਨਰੇਗਾ ਸਕੀਮ 'ਚ ਕੀਤੀ ਤਬਦੀਲੀ 'ਤੇ ਨਿਸ਼ਾਨਾ ਸੇਧਣਾ ਹੋਵੇਗਾ। ਪੰਜਾਬ ਦੇ ਮੁੱਦਿਆਂ ਦੀ ਗੂੰਜ ਸਥਾਨਕ ਆਗੂ ਪਾਉਣਗੇ। ਕਾਂਗਰਸ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਲਈ ਇਹ ਰੈਲੀ ਵਕਾਰੀ ਹੋਵੇਗੀ ਅਤੇ ਇਹ ਰੈਲੀ ਕਾਂਗਰਸ ਪ੍ਰਧਾਨ ਵੜਿੰਗ ਦੀ ਵੀ ਪਰਖ ਕਰੇਗੀ।

**ਕਾਂਗਰਸ ਵੱਲੋਂ ਬਰਨਾਲਾ ਰੈਲੀ ਲਈ ਪੋਸਟਰ ਜਾਰੀ**

ਪੰਜਾਬ ਕਾਂਗਰਸ ਨੇ ਬਰਨਾਲਾ ਦੀ ਮਹਾਰੈਲੀ ਲਈ ਅੱਜ ਪੋਸਟਰ ਵੀ ਜਾਰੀ ਕਰ ਦਿੱਤਾ ਹੈ। ਕਾਂਗਰਸ ਪ੍ਰਧਾਨ ਰਾਜਾ ਵੜਿੰਗ ਨੇ ਆਪਣੇ 'ਐਕਸ' ਖਾਤੇ 'ਤੇ ਪੋਸਟਰ ਸਾਂਝਾ ਕੀਤਾ ਹੈ, ਜਿਸ ਵਿੱਚ ਰਾਹੁਲ ਗਾਂਧੀ ਨੂੰ ਇੱਕ ਮਜ਼ਦੂਰ ਵਜੋਂ ਦਿਖਾਇਆ ਗਿਆ ਹੈ। ਉਨ੍ਹਾਂ ਸਿਰ 'ਤੇ ਪਰਨਾ ਬੰਨ੍ਹਿਆ ਹੋਇਆ ਹੈ।

# ਮਾਂ ਦੀ ਹੱਤਿਆ ਸਬੰਧੀ ਵਿਧਵਾ ਧੀ ਦੇ ਬਿਆਨ 'ਤੇ ਤਿੰਨ ਖਿਲਾ.ਫ ਕੇਸ ਦਰਜ

**ਪਟਿਆਲਾ, 23 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਇੱਕ ਦਿਨ ਪਹਿਲਾਂ ਨੇੜਲੇ ਪਿੰਡ ਰੌਂਗਲਾ ਵਿੱਚ ਰਾਡਾਂ ਮਾਰ ਕੇ ਕਤਲ ਕੀਤੀ ਗਈ ਬਲਜੀਤ ਕੌਰ (58) ਦੇ ਕਤਲ ਸਬੰਧੀ ਪੇਕੇ ਘਰ ਹੀ ਰਹਿੰਦੀ ਉਸ ਦੀ ਵਿਧਵਾ ਧੀ ਕੁਲਵਿੰਦਰ ਕੌਰ ਦੇ ਬਿਆਨਾਂ 'ਤੇ ਥਾਣਾ ਤ੍ਰਿਪੜੀ ਵਿੱਚ ਪਿੰਡ ਦੇ 'ਸਰਪੰਚ' ਸਣੇ ਤਿੰਨ ਜਣਿਆਂ ਦੇ ਖਿਲਾਫ਼ ਕਤਲ ਦਾ ਕੇਸ ਦਰਜ ਕੀਤਾ ਗਿਆ ਹੈ ਥਾਣਾ ਮੁਖੀ ਇੰਸਪੈਕਟਰ ਸੁਖਵਿੰਦਰ ਸਿੰਘ ਗਿੱਲ ਨੇ ਦੱਸਿਆ ਕਿ ਮੁਲਜ਼ਮਾਂ 'ਚ ਗੁਰਵਿੰਦਰ ਸਿੰਘ ਅਤੇ ਜਸਵੰਤ ਸਿੰਘ ਜੱਸੀ ਵਾਸੀ ਰੌਂਗਲਾ ਸਣੇ ਇੱਕ ਹੋਰ ਅਣਪਛਾਤਾ ਵਿਅਕਤੀ ਸ਼ਾਮਲ ਹੈ। ਕੁਲਵਿੰਦਰ ਕੌਰ ਦਾ ਕਹਿਣਾ ਹੈ ਕਿ ਆਪਣੇ ਪਤੀ ਦੀ ਮੌਤ ਉਪਰੰਤ ਉਹ ਘਰ ਰੌਂਗਲਾ ਵਿੱਚ ਹੀ ਰਹਿੰਦੀ ਹੈ। ਜਦੋਂ ਉਹ ਅਤੇ ਉਸ ਦੀ ਮਾਤਾ ਬਲਜੀਤ ਕੌਰ ਨਾਲ ਗੋਹਾ, ਪਾਥੀਆਂ ਪੱਥਣ ਲਈ ਸਕੂਲ ਸਾਹਮਣੇ ਗਈਆਂ ਤਾਂ ਕਾਰ 'ਚ ਸਵਾਰ ਹੋ ਕੇ ਆਏ ਗੁਰਵਿੰਦਰ ਸਿੰਘ ਨੇ ਉਸ ਦੀ ਮਾਤਾ ਦੇ ਸਿਰ 'ਤੇ ਰਾਡ ਨਾਲ ਵਾਰ ਕੀਤੇ ਤਾਂ ਉਹ ਡਿੱਗ ਪਈ।

# ਪਤੀ ਗਿਆ ਵਿਦੇਸ਼ ਪਿੱਛੋਂ ਪਤਨੀ ਨੇ ਚੜ੍ਹਾ ਤਾ ਨਵਾਂ ਚੰਨ

## ਅੱਧੀ ਰਾਤ ਨੂੰ ਆਪਣੇ 2 ਬੱਚਿਆਂ ਨੂੰ ਛੱਡ ਮਾਂ ਗਹਿਣੇ ਤੇ ਨਕਦੀ ਲੈ ਕੇ ਪ੍ਰੇਮੀ ਨਾਲ ਹੋਈ ਫਰਾਰ

**ਮਾਛੀਵਾੜਾ ਸਾਹਿਬ, 23 ਫਰਵਰੀ**
**-ਸਤੀਸ਼ ਕੁਮਾਰ-**
**-ਕੌਮੀ ਪੱਤ੍ਰਿਕਾ ਬਿਊਰੋ-**

ਮਾਛੀਵਾੜਾ ਸਾਹਿਬ ਦੇ ਨੇੜਲੇ ਪਿੰਡ ਵਿਆਹੀ 2 ਬੱਚਿਆਂ ਦੀ ਮਾਂ ਪਿੰਡ ਦੇ ਹੀ ਆਪਣੇ ਪ੍ਰੇਮੀ ਨਾਲ ਫ਼ਰਾਰ ਹੋ ਗਈ ,ਅਤੇ ਅਤੇ ਜਾਂਦੇ ਹੋਏ ਕਰੀਬ ਅੱਠ ਤੋਲੇ ਸੋਨਾ ਅਤੇ 90 ਹਜਾਰ ਦੀ ਨਗਦੀ ਵੀ ਚੁੱਕ ਕੇ ਨਾਲ ਲੈ ਗਈ। ਸਹੁਰੇ ਪਰਿਵਾਰ ਨੇ ਦੋਸ਼ ਲਗਾਇਆ ਕਿ ਉਹ ਘਰੋਂ ਆਪਣੇ ਪਿੰਡ ਦੇ ਹੀ ਪ੍ਰੇਮੀ ਨਾਲ ਫਰਾਰ ਹੋਣ ਸਮੇਂ ਕਰੀਬ ਅੱਠ ਤੋਲੇ ਦੇ ਸੋਨੇ ਦੇ ਗਹਿਣੇ ਤੇ ਕਰੀਬ 90 ਹਜਾਰ ਦੀ ਨਕਦੀ ਵੀ ਲੈ ਗਈ ਜਿਸ ਸਬੰਧੀ ਉਨ੍ਹਾਂ ਮਾਛੀਵਾੜਾ ਪੁਲਸ ਥਾਣਾ 'ਚ ਸ਼ਿਕਾਇਤ ਦਰਜ ਕਰਵਾਈ ਹੈ। ਵਿਆਹੁਤਾ ਦੇ ਸਹੁਰੇ ਪਰਿਵਾਰ ਨੇ ਦੱਸਿਆ ਕਿ ਉਨ੍ਹਾਂ ਦਾ ਲੜਕਾ ਵਿਦੇਸ਼ ਗਿਆ ਹੋਇਆ ਹੈ ਅਤੇ ਨੂੰਹ ਮਨਦੀਪ ਕੌਰ 2 ਬੱਚਿਆਂ ਸਮੇਤ ਉਨ੍ਹਾਂ ਨਾਲ ਰਹਿੰਦੀ ਹੈ। ਲੰਘੀ 14 ਫਰਵਰੀ ਦੀ ਅੱਧੀ ਰਾਤ ਨੂੰ ਜਦੋਂ ਬੱਚਿਆਂ ਦੇ ਰੋਣ ਦੀ ਅਵਾਜ਼ ਆਈ ਤਾਂ ਪਰਿਵਾਰ ਨੇ ਦੇਖਿਆ ਕਿ ਉਹ ਇਕੱਲੇ ਸਨ ਤੇ ਮਨਦੀਪ ਕੌਰ ਉੱਥੇ ਮੌਜੂਦ ਨਹੀਂ ਸੀ। ਜਾਂਚ ਕਰਨ 'ਤੇ ਪਤਾ ਲੱਗਾ ਕਿ ਪਿੰਡ ਦੇ ਹੀ ਇੱਕ ਨੌਜਵਾਨ ਨਾਲ ਉਸਦੇ ਸਬੰਧ ਸਨ ,ਜਿਸ ਨਾਲ ਉਹ ਫ਼ਰਾਰ ਹੋ ਗਈ। ਸਹੁਰੇ ਪਰਿਵਾਰ ਨੇ ਦੋਸ਼ ਲਗਾਇਆ ਕਿ ਨੂੰਹ ਕਰੀਬ 7 -8 ਤੋਲੇ ਸੋਨੇ ਦੇ ਗਹਿਣੇ ਤੇ 90 ਹਜ਼ਾਰ ਰੁਪਏ ਨਕਦੀ ਵੀ ਲੈ ਗਈ। ਇਸ ਘਟਨਾ ਨਾਲ ਪਿੰਡ ਵਿਚ ਕਾਫ਼ੀ ਰੋਸ ਪਾਇਆ ਜਾ ਰਿਹਾ ਹੈ ਕਿ ਇੱਕ ਮਾਂ ਦਾ ਆਪਣੇ ਛੋਟੇ ਬੱਚਿਆਂ ਨੂੰ ਛੱਡ ਪ੍ਰੇਮੀ ਨਾਲ ਫ਼ਰਾਰ ਹੋਣਾ ਬੜਾ ਮੰਦਭਾਗਾ ਹੈ, ਕਿਉਂਕਿ ਪਿੱਛੇ ਪਰਿਵਾਰਕ ਮੈਂਬਰਾਂ ਅਤੇ ਪਿੰਡ ਵਾਸੀਆਂ ਦਾ ਬੱਚਿਆਂ ਨੂੰ ਲੈ ਕੇ ਭਾਰੀ ਰੋਸ ਹੈ ਕਿ ਪਿੰਡਾਂ ਵਿੱਚ ਅਜਿਹੇ ਰਿਸ਼ਤੇ ਬਣਨ ਤੇ ਸਰਕਾਰ ਨੂੰ ਸਖਤ ਕਾਰਵਾਈ ਕਰਨੀ ਚਾਹੀਦੀ ਹੈ। ਦੂਸਰੇ ਪਾਸੇ ਜਦੋਂ ਥਾਣਾ ਮੁਖੀ ਪਵਿੱਤਰ ਸਿੰਘ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ ਮਨਦੀਪ ਕੌਰ ਦੀ ਗੁੰਮਸ਼ੁਦਗੀ ਸਬੰਧੀ ਸਹੁਰੇ ਪਰਿਵਾਰ ਨੇ ਰਿਪੋਰਟ ਦਰਜ ਕਰਵਾਈ ਸੀ ,ਪਰ ਸਾਨੂੰ ਮਾਣਯੋਗ ਪੰਜਾਬ ਐਂਡ ਹਰਿਆਣਾ ਹਾਈਕੋਰਟ ਤੋਂ ਪੱਤਰ ਪ੍ਰਾਪਤ ਹੋਇਆ, ਜਿਸ ਵਿਚ ਮਨਦੀਪ ਕੌਰ ਤੇ ਉਸਦੇ ਪ੍ਰੇਮੀ ਨੇ ਅਪੀਲ ਦਾਇਰ ਕੀਤੀ ਹੈ ਕਿ ਉਹ ਲਿਵ ਇਨ ਰਿਲੇਸ਼ਨਸ਼ਿਪ ਵਿਚ ਰਹਿੰਦੇ ਹਨ ।ਜਿਨ੍ਹਾਂ ਨੂੰ ਕੁਝ ਲੋਕਾਂ ਤੋਂ ਜਾਨ ਦਾ ਖ਼ਤਰਾ ਹੈ, ਇਸ ਲਈ ਸਾਡੀ ਸੁਰੱਖਿਆ ਯਕੀਨੀ ਬਣਾਈ ਜਾਵੇ। ਉਨ੍ਹਾਂ ਦੱਸਿਆ ਕਿ ਇਸ ਸਬੰਧੀ ਮਾਣਯੋਗ ਕੋਰਟ ਵਿਚ ਜਵਾਬ ਪੇਸ਼ ਕਰ ਮਾਮਲੇ ਦੀ ਜਾਂਚ ਕੀਤੀ ਜਾਵੇਗੀ। ਆਪਣੇ ਦੋ ਛੋਟੇ ਛੋਟੇ ਬੱਚਿਆਂ ਨੂੰ ਛੱਡ ਪ੍ਰੇਮੀ ਨਾਲ ਫਰਾਰ ਹੋਏ ਮਨਦੀਪ ਕੌਰ ਅਤੇ ਉਸਦੇ ਪ੍ਰੇਮੀ ਨੂੰ ਪੰਚਾਇਤ ਅਤੇ ਪਿੰਡ ਵਾਸੀਆਂ ਨੇ ਮੀਡੀਆ ਰਾਹੀਂ ਅਪੀਲ ਕਰਦੇ ਕਿਹਾ ਕਿ ਇਹਨਾਂ ਛੋਟੇ ਛੋਟੇ ਬੱਚਿਆਂ ਦੀ ਜ਼ਿੰਦਗੀ ਬਰਬਾਦ ਨਾ ਕਰਨ ਅਤੇ ਆਪਣੀ ਗਲਤੀ ਨੂੰ ਸੁਧਾਰਨ ਲਈ ਉਹ ਪਿੰਡ ਵਾਪਸ ਆ ਜਾਣ ਪੰਚਾਇਤ ਅਤੇ ਪਿੰਡ ਵਾਸੀ ਪਰਿਵਾਰ ਨਾਲ ਗੱਲਬਾਤ ਕਰਕੇ ਉਹਨਾਂ ਨੂੰ ਫਿਰ ਤੋਂ ਉਹਨਾਂ ਦੇ ਘਰ ਰਹਿਣ ਦੀ ਇਜਾਜ਼ਤ ਦਿਵਾ ਦੇਣਗੇ । ਪਰ ਇੱਕ ਪਾਸੇ ਪਿੰਡ ਵਾਸੀ ਇਸ ਪ੍ਰੇਮੀ ਜੋੜੇ ਨੂੰ ਘਰ ਵਾਪਸ ਮੁੜ ਆਉਣ ਦੀ ਅਪੀਲ ਕਰ ਰਹੇ ਹਨ ਦੂਜੇ ਪਾਸੇ ਫਰਾਰ ਪ੍ਰੇਮੀ ਜੋੜੇ ਵੱਲੋਂ ਮਾਨਯੋਗ ਪੰਜਾਬ ਹਰਿਆਣਾ ਹਾਈਕੋਰਟ ਵਿੱਚ ਅਰਜੀ ਦਾਖਲ ਕਰ ਆਪਣੀ ਜਾਨ ਨੂੰ ਖਤਰਾ ਦੱਸਦਿਆਂ ਸੁਰੱਖਿਆ ਦੀ ਮੰਗ ਕੀਤੀ ਗਈ ਹੈ।

# ਭਾਸ਼ਾ ਵਿਭਾਗ ਪੰਜਾਬ ਵੱਲੋਂ ਮਾਤ ਭਾਸ਼ਾ ਦਿਵਸ ਨੂੰ ਸਮਰਪਿਤ ਕਵੀ ਦਰਬਾਰ ਦਾ ਆਯੋਜਨ

## ਜਗਤ ਗੁਰੂ ਨਾਨਕ ਦੇਵ ਪੰਜਾਬ ਸਟੇਟ ਓਪਨ ਯੂਨੀਵਰਸਿਟੀ ਪਟਿਆਲਾ ਵਿਖੇ ਸਜੀ ਕਾਵਿ ਮਹਿ.ਫਲ



**ਪਟਿਆਲਾ, 23 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਸ਼ਾ ਵਿਭਾਗ ਪੰਜਾਬ ਵੱਲੋਂ ਡਾਇਰੈਕਟਰ ਸ. ਜਸਵੰਤ ਸਿੰਘ ਜ਼ਫ਼ਰ ਦੀ ਅਗਵਾਈ ਵਿੱਚ ਜਗਤ ਗੁਰੂ ਨਾਨਕ ਦੇਵ ਪੰਜਾਬ ਸਟੇਟ ਓਪਨ ਯੂਨੀਵਰਸਿਟੀ ਦੇ ਸਟੇਟ ਕਾਲਜ ਆਫ ਐਜੂਕੇਸ਼ਨ 'ਚ ਸਥਿਤ ਕੈਂਪਸ ਵਿਖੇ ਪਟਿਆਲਾ ਸਾਹਿਤ ਉਤਸਵ ਦੌਰਾਨ ਮਾਤ ਭਾਸ਼ਾ ਦਿਵਸ ਨੂੰ ਸਮਰਪਿਤ ਕਵੀ ਦਰਬਾਰ ਕਰਵਾਇਆ ਗਿਆ। ਜਿਸ ਦੌਰਾਨ ਨਾਮਵਰ ਲੇਖਕ ਪ੍ਰੋ. (ਡਾ.) ਸੁਹਿੰਦਰਬੀਰ ਸਿੰਘ ਮੁੱਖ ਮਹਿਮਾਨ ਵਜੋਂ, ਪ੍ਰੋ. ਪਰਵੀਨ ਕੁਮਾਰ, ਡਾ. ਕੁਲਦੀਪ ਸਿੰਘ ਤੇ ਕਵੀ ਸਤਬੀਰ ਸਿੰਘ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਲ ਹੋਏ ਅਤੇ ਸ਼੍ਰੋਮਣੀ ਕਵੀ ਦਰਸ਼ਨ ਬੁੱਟਰ ਨੇ ਸਮਾਗਮ ਦੀ ਪ੍ਰਧਾਨਗੀ ਕੀਤੀ। ਯੂਨੀਵਰਸਿਟੀ ਦੇ ਪੰਜਾਬੀ ਵਿਭਾਗ ਦੇ ਮੁਖੀ ਡਾ. ਅਮਰਜੀਤ ਸਿੰਘ ਨੇ ਆਏ ਮਹਿਮਾਨਾਂ ਨੂੰ ਜੀ ਆਇਆ ਕਿਹਾ। ਭਾਸ਼ਾ ਵਿਭਾਗ ਦੀ ਤਰਫ਼ੋਂ ਖੋਜ ਅਫ਼ਸਰ ਡਾ. ਸੁਖਦਰਸ਼ਨ ਸਿੰਘ ਚਹਿਲ ਸਭ ਦਾ ਧੰਨਵਾਦ ਕੀਤਾ ਅਤੇ ਮੰਚ ਸੰਚਾਲਨ ਦੀ ਜ਼ੁੰਮੇਵਾਰੀ ਬਾਖੂਬੀ ਨਿਭਾਈ।

ਡਾ. ਸੁਹਿੰਦਰਬੀਰ ਸਿੰਘ ਨੇ 'ਅੱਖੀਆਂ ਵਿੱਚ ਅੱਥਰੂ..' ਕਵਿਤਾ ਰਾਹੀਂ ਕਵੀ ਦਰਬਾਰ ਦੀ ਸ਼ੁਰੂਆਤ ਕੀਤੀ ਅਤੇ ਸਤਬੀਰ ਸਿੰਘ ਸਮਾਜਿਕ ਕੁਰੀਤੀਆਂ ਬਾਰੇ ਕਵਿਤਾ ਪੜ੍ਹੀ। ਪ੍ਰਧਾਨਗੀ ਭਾਸ਼ਨ ਦੌਰਾਨ ਦਰਸ਼ਨ ਬੁੱਟਰ ਨੇ ਭਾਸ਼ਾ ਵਿਭਾਗ ਤੇ ਯੂਨੀਵਰਸਿਟੀ ਦੇ ਯਤਨਾਂ ਦੀ ਸ਼ਲਾਘਾ ਕੀਤੀ ਅਤੇ ਆਪਣੀ ਕਵਿਤਾ 'ਜੂਨ' ਰਾਹੀਂ ਮਖੌਟੇ ਪਹਿਨ ਕੇ ਸਮਾਜ 'ਚ ਵਿਚਰਨ ਵਾਲਿਆਂ 'ਤੇ ਵਿਅੰਗ ਕੀਤਾ। ਅਮਰਜੀਤ ਕਸਕ ਨੇ ਵੀ ਆਪਣੀ ਕਵਿਤਾ ਰਾਹੀਂ ਅਜੋਕੀਆਂ ਸਮਾਜਿਕ ਪ੍ਰਸਥਿਤੀਆਂ ਬਾਰੇ ਗੰਭੀਰ ਚਿੰਤਨ ਦਾ ਪ੍ਰਗਟਾਵਾ ਕੀਤਾ। ਅਮਰਜੀਤ ਕੌਂਕੇ ਨੇ 'ਸਟੇਟਸ' ਕਵਿਤਾ ਰਾਹੀਂ ਅਜੋਕੇ ਪ੍ਰੇਮੀਆਂ 'ਤੇ ਅਤੇ ਹਰਦੀਪ ਸੱਭਰਵਾਲ ਨੇ ਮੌਜੂਦਾ ਰਾਜਨੀਤੀ 'ਤੇ ਚੋਟ ਕੀਤੀ। ਗੁਰਵਿੰਦਰ ਅਮਨ ਨੇ ਜ਼ਮੀਰ, ਦਵਿੰਦਰ ਪਟਿਆਲਵੀ ਨੇ ਧੀਆਂ ਬਾਰੇ, ਹਰਪ੍ਰੀਤ ਸੰਧੂ ਨੇ ਭਾਈਚਾਰਕ ਸਾਂਝਾ ਦੇ ਬਦਲਦੇ ਰੂਪ ਬਾਰੇ ਕਾਵਿ ਪੇਸ਼ ਕੀਤਾ। ਨਵਦੀਪ ਮੁੰਡੀ ਨੇ ਆਪਣੀ ਕਵਿਤਾ ਰਾਹੀਂ ਉਮਰ ਦੇ ਹਿਸਾਬ ਨੇ ਵਿਅਕਤੀ ਦੇ ਦ੍ਰਿਸ਼ਟੀਕੋਣ 'ਚ ਹੋਣ ਵਾਲੀਆਂ ਤਬਦੀਲੀਆਂ ਦੀ ਖ਼ੂਬਸੂਰਤ ਵਿਆਖਿਆ ਕੀਤੀ। ਅਨੀਤਾ ਪਟਿਆਲਵੀ ਨੇ ਪੰਜਾਬ ਦੀ ਖ਼ੂਬਸੂਰਤੀ ਅਤੇ ਸੁਖਵਿੰਦਰ ਚਹਿਲ ਨੇ ਸਮਾਜਿਕ ਸਾਂਝਾਂ ਬਾਰੇ ਕਵਿਤਾ ਪੇਸ਼ ਕੀਤੀ। ਡਾ. ਮੋਹਨ ਤਿਆਗੀ ਨੇ 'ਜੇਠੂ' ਕਵਿਤਾ ਰਾਹੀਂ ਇੱਕ ਆਜੜੀ ਦੇ ਜੀਵਨ ਬਾਰੇ ਗੱਲ ਕੀਤੀ। ਰਾਜਵੀਰ ਮੱਤਾ ਨੇ ਆਪਣੀ ਨਜ਼ਮ ਰਾਹੀਂ ਮਿਹਨਤਕਸ਼ਾਂ-ਕਿਰਤੀਆਂ ਦੀ ਗੱਲ ਕੀਤੀ। ਡਾ. ਪੁਸ਼ਪਿੰਦਰ ਖੋਖਰ ਨੇ ਮਾਂ ਬੋਲੀ, ਡਾ. ਸੁਖਵਿੰਦਰ ਤੇ ਪਰਮਜੀਤ ਸੋਹਲ ਨੇ ਰਿਸ਼ਤਿਆਂ ਦੀ ਪਾਕੀਜ਼ਗੀ ਗੱਲ ਕੀਤੀ। ਸ਼ਤੀਸ਼ ਵਿਦਰੋਹੀ ਨੇ ਪੁਆਧੀ ਭਾਸ਼ਾ 'ਚ ਹਾਸ-ਵਿਅੰਗ ਦੇ ਰੰਗ ਬਿਖੇਰੇ। ਚਮਕੌਰ ਚਹਿਲ ਨੇ ਬੇਬਸੀ, ਕੁਲਵੰਤ ਖਨੌਰੀ ਨੇ ਮਾਂ ਬੋਲੀ ਬਾਰੇ ਕਵਿਤਾ 'ਰੱਬ ਵਰਗਾ ਅਹਿਸਾਸ ਏ ਪੰਜਾਬੀ ਦਾ ', ਅਵਤਾਰਜੀਤ ਸਿੰਘ ਨੇ 'ਅਸੀਂ ਲਿਖਦੇ ਹਾਂ.., ਤੁਰੰਨਮ 'ਚ ਪੇਸ਼ ਕਰਕੇ ਕਵੀ ਦਰਬਾਰ ਨੂੰ ਸੰਗੀਤਮਈ ਬਣਾ ਦਿੱਤਾ।

ਇਸ ਮੌਕੇ ਉੱਘੇ ਚਿੰਤਕ ਡਾ. ਜਸਵਿੰਦਰ ਸਿੰਘ, ਡਾ. ਧਨਵੰਤ ਕੌਰ, ਪ੍ਰੋ. ਕਿਰਪਾਲ ਕਜ਼ਾਕ, ਡਾ. ਧਰਮਿੰਦਰ ਸਿੰਘ, ਡਾ. ਸਰਵਰਿੰਦਰ ਸਿੰਘ, ਡਾ. ਦੀਪ ਸ਼ਿਖਾ, ਪ੍ਰਿੰ. ਚੂਹੜ ਸਿੰਘ, ਗੋਪਾਲ ਸ਼ਰਮਾ, ਤ੍ਰਿਲੋਕ ਢਿੱਲੋਂ, ਗੁਰਚਰਨ ਗੁਣੀਕੇ, ਨਵਨੀਤ ਸਿੱਧੂ, ਹਰਬੰਸ ਮਾਣਕਪੁਰੀ, ਡਾ. ਜਗਜੀਤ, ਡਾ. ਬਲਜੀਤ ਕੌਰ ਅਤੇ ਵੱਡੀ ਗਿਣਤੀ 'ਚ ਸਰੋਤੇ ਮੌਜੂਦ ਸਨ। ਅਖੀਰ ਵਿੱਚ ਸਾਰੇ ਕਵੀਆਂ ਤੇ ਮਹਿਮਾਨਾਂ ਦਾ ਭਾਸ਼ਾ ਵਿਭਾਗ ਪੰਜਾਬ ਤੇ ਜਗਤ ਗੁਰੂ ਨਾਨਕ ਦੇਵ ਪੰਜਾਬ ਸਟੇਟ ਓਪਨ ਯੂਨੀਵਰਸਿਟੀ ਵੱਲੋਂ ਸਨਮਾਨ ਕੀਤਾ ਗਿਆ।

# ਕਰੋੜਾਂ ਰੁਪਏ ਦੀ ਲਾਗਤ ਨਾਲ ਲਿੰਕ ਸੜਕਾਂ ਦੇ ਮੁੜ ਨਿਰਮਾਣ ਦਾ ਕੰਮ ਜੰਗੀ ਪੱਧਰ 'ਤੇ ਜਾਰੀ

**ਪਟਿਆਲਾ, 23 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਦੀ ਪ੍ਰਵਾਨਗੀ ਤੋਂ ਬਾਅਦ ਪੰਜਾਬ ਮੰਡੀ ਬੋਰਡ ਵੱਲੋਂ ਹਲਕਾ ਸਨੌਰ ਅਧੀਨ ਪੈਂਦੇ ਪਿੰਡਾਂ ਨੂੰ ਆਪਸ ਵਿੱਚ ਜੋੜਨ ਵਾਲੀਆਂ ਲਿੰਕ ਸੜਕਾਂ ਦੇ ਮੁੜ ਨਿਰਮਾਣ ਅਤੇ ਮੁਰੰਮਤ ਦਾ ਕੰਮ ਜੰਗੀ ਪੱਧਰ 'ਤੇ ਸ਼ੁਰੂ ਕਰ ਦਿੱਤਾ ਗਿਆ ਹੈ।



ਇਸ ਪ੍ਰੋਜੈਕਟ ਨਾਲ ਇਲਾਕੇ ਦੇ ਲੋਕਾਂ ਵਿੱਚ ਖੁਸ਼ੀ ਦਾ ਮਾਹੌਲ ਬਣਿਆ ਹੋਇਆ ਹੈ। ਹਲਕਾ ਸਨੌਰ ਅਧੀਨ ਕਸਬਾ ਦੇਵੀਗੜ੍ਹ ਅਤੇ ਇਸ ਦੇ ਆਲੇ-ਦੁਆਲੇ ਪੈਂਦੇ ਕਈ ਪਿੰਡਾਂ ਨੂੰ ਜੋੜਨ ਵਾਲੀਆਂ ਸੜਕਾਂ 2023 ਵਿੱਚ ਆਏ ਭਿਆਨਕ ਹੜ੍ਹਾਂ ਦੌਰਾਨ ਬਹੁਤ ਜ਼ਿਆਦਾ ਨੁਕਸਾਨੀ ਗਈਆਂ ਸਨ। ਕਈ ਥਾਵਾਂ 'ਤੇ ਸੜਕਾਂ ਟੁੱਟ ਜਾਣ ਕਾਰਨ ਆਵਾਜਾਈ ਕਾਫ਼ੀ ਮੁਸ਼ਕਲ ਹੋ ਗਈ ਸੀ।

ਇਸ ਯੋਜਨਾ ਤਹਿਤ ਦੇਵੀਗੜ੍ਹ ਤੋਂ ਪਲਾਖਾਂ ਤੱਕ ਦੀ ਲਿੰਕ ਸੜਕ, ਜਿਸ ਦੀ ਲੰਬਾਈ 8.44 ਕਿਲੋਮੀਟਰ ਹੈ ਅਤੇ ਪਹਿਲਾਂ ਚੌੜਾਈ 10 ਫੁੱਟ ਸੀ, ਨੂੰ ਹੁਣ ਵਧਾ ਕੇ 18 ਫੁੱਟ ਕੀਤਾ ਜਾ ਰਿਹਾ ਹੈ। ਇਹ ਸੜਕ ਰੁੜਕੀ ਬੁੱਧ ਸਿੰਘ, ਬੇਹਰੂ, ਖੇੜੀ ਰਨਵਾਂ, ਸਰਸਤੀਗੜ੍ਹ, ਸੁੰਦਰ ਸਿੰਘ ਵਾਲਾ, ਮਖਣ ਸਿੰਘ ਵਾਲਾ ਅਤੇ ਪਲਾਖਾਂ ਸਮੇਤ ਦਰਜਨਾਂ ਪਿੰਡਾਂ ਨੂੰ ਮੰਡੀਆਂ ਅਤੇ ਸ਼ਹਿਰੀ ਖੇਤਰਾਂ ਨਾਲ ਜੋੜੇਗੀ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਯਯਾਤੀ ਸ਼ਰਮਾ, ਐੱਸ.ਡੀ.ਓ.(ਪੰਜਾਬ ਮੰਡੀ ਬੋਰਡ) ਨੇ ਦੱਸਿਆ ਕਿ 6 ਕਰੋੜ 50 ਲੱਖ ਰੁਪਏ ਦੀ ਲਾਗਤ ਨਾਲ ਬਣ ਰਹੀ ਇਹ ਸੜਕ ਦੇਵੀਗੜ੍ਹ ਤੋਂ ਬਿੰਜਲ ਵਾਇਆ ਜੁਲਕਾਂ ਰਾਹੀਂ ਪੰਜਾਬ ਦੇ ਕਈ ਪਿੰਡਾਂ ਅਤੇ ਸ਼ਹਿਰਾਂ ਨਾਲ ਸਿੱਧਾ ਸੰਪਰਕ ਸਥਾਪਿਤ ਕਰੇਗੀ।

ਉਨ੍ਹਾਂ ਕਿਹਾ ਕਿ ਸੜਕ ਦੀ ਮਜ਼ਬੂਤੀ ਲਈ ਨਵੀਂ ਤਕਨੀਕ ਅਤੇ ਉੱਚ-ਮਿਆਰੀ ਮਟੀਰੀਅਲ ਦੀਆਂ ਪਰਤਾਂ ਵਿਛਾਈਆਂ ਜਾ ਰਹੀਆਂ ਹਨ, ਜਿਸ ਤੋਂ ਬਾਅਦ ਲੁੱਕ (ਕਾਰਪੇਟਿੰਗ) ਦਾ ਕੰਮ ਵੀ ਕੀਤਾ ਜਾਵੇਗਾ। ਸਾਰੇ ਕੰਮ ਕਾਗਜ਼ੀ ਪ੍ਰਕਿਰਿਆ ਪੂਰੀ ਹੋਣ ਉਪਰੰਤ ਸ਼ੁਰੂ ਕੀਤੇ ਗਏ ਹਨ ਅਤੇ ਇਹ ਪ੍ਰੋਜੈਕਟ ਫ਼ਰਵਰੀ ਮਹੀਨੇ ਤੋਂ ਸ਼ੁਰੂ ਹੋ ਕੇ ਲਗਭਗ ਤਿੰਨ ਮਹੀਨਿਆਂ ਵਿੱਚ ਮੁਕੰਮਲ ਕਰਨ ਦਾ ਲਕੜ ਰੱਖਿਆ ਗਿਆ ਹੈ। ਯਯਾਤੀ ਸ਼ਰਮਾ ਨੇ ਦੱਸਿਆ ਕਿ ਸੜਕ ਨੂੰ ਚੌੜਾ ਕਰਨ ਦਾ ਮੁੱਖ ਉਦੇਸ਼ ਵਧ ਰਹੀ ਵਾਹਨਾਂ ਦੀ ਗਿਣਤੀ ਨੂੰ ਧਿਆਨ ਵਿੱਚ ਰੱਖਦੇ ਹੋਏ ਪੇਂਡੂ ਆਵਾਜਾਈ ਨੂੰ ਸੁਖਾਲਾ ਬਣਾਉਣਾ, ਸੜਕ ਹਾਦਸਿਆਂ ਵਿੱਚ ਕਮੀ ਲਿਆਉਣਾ ਅਤੇ ਖੇਤੀਬਾੜੀ ਅਧਾਰਿਤ ਆਰਥਿਕਤਾ ਨੂੰ ਮਜ਼ਬੂਤ ਕਰਨਾ ਹੈ। ਚੌੜੀ ਸੜਕ ਹੋਣ ਨਾਲ ਫਸਲਾਂ ਨਾਲ ਭਰੀਆਂ ਟਰਾਲੀਆਂ ਆਸਾਨੀ ਨਾਲ ਲੰਘ ਸਕਣਗੀਆਂ ਅਤੇ ਕਿਸਾਨ ਆਪਣੀ ਪੈਦਾਵਾਰ ਬਿਨਾ ਰੁਕਾਵਟ ਮੰਡੀਆਂ ਤੱਕ ਪਹੁੰਚਾ ਸਕਣਗੇ।

ਉਨ੍ਹਾਂ ਕਿਹਾ ਕਿ ਪੇਂਡੂ ਖੇਤਰਾਂ ਵਿੱਚ ਸਿੱਖਿਆ, ਸਿਹਤ ਅਤੇ ਵਪਾਰਕ ਸੇਵਾਵਾਂ ਤੱਕ ਬਿਹਤਰ ਪਹੁੰਚ ਲਈ ਬੁਨਿਆਦੀ ਢਾਂਚੇ ਦਾ ਮਜ਼ਬੂਤ ਹੋਣਾ ਬਹੁਤ ਜ਼ਰੂਰੀ ਹੈ, ਜਿਸ ਵਿੱਚ ਚੌੜੀਆਂ ਅਤੇ ਮਜ਼ਬੂਤ ਸੜਕਾਂ ਅਹਿਮ ਭੂਮਿਕਾ ਨਿਭਾਉਂਦੀਆਂ ਹਨ।

# ਚਿੰਤਨ ਦੀ ਜ਼ਰਖ਼ੇਜ਼ ਜ਼ਮੀਨ



## ਗ਼ਜ਼ਲਾਂ



ਜਗਜੀਤ ਸਿੰਘ 'ਨੂਰ'
93166 03510

ਮੇਰੇ ਪਿਆਰ ਭਿੰਨੇ ਗੀਤ ਨੂੰ ਤੇਰੇ ਦਿਲ ਦੇ ਸਾਜ਼ ਦੀ ਉਡੀਕ ਹੈ।
ਦਿਲਦਾਰ ਨੂੰ ਦਿਲਾ ਮਹਿਬੂਬ ਦੀ ਸੁਰੀਲੀ ਆਵਾਜ਼ ਦੀ ਉਡੀਕ ਹੈ।

ਸਭ ਸਧਰਾਂ ਤੇ ਚਾਅ ਦਿਲ ਦੀਆਂ ਧੜਕਨਾਂ 'ਚ ਰਹਿਣ ਧੜਕਦੇ,
ਦਿਲ ਖੋਲ੍ਹਕੇ ਦਿਲ ਦੀ ਗੱਲ ਹੋਵੇ ਜਿੱਥੇ, ਉਸ ਸਮਾਜ ਦੀ ਉਡੀਕ ਹੈ।

ਪਨਪ ਰਹੇ ਨੇ ਅਰਮਾਨ ਜੋ ਮੇਰੇ ਦਿਲ ਦੀ ਕੋਠੜੀ ਦੇ ਅੰਦਰ,
ਉਲਫ਼ਤ ਦੇ ਪਿੰਜਰੇ ਵਿਚ ਕੈਦ ਪੰਛੀ ਨੂੰ ਪਰਵਾਜ਼ ਦੀ ਉਡੀਕ ਹੈ।

ਪਿਆਰ ਭਿੰਨੇ ਸ਼ਬਦ ਦਿਲ ਦਾ ਦਰਦ ਸਹਿਜ ਹੀ ਸੋਖ ਲੈਂਦੇ ਨੇ ਸਜਣਾ,
ਖਿੜਿਆ ਗੁਲਾਬ ਵੰਡੇ ਖ਼ੁਸ਼ਬੂ ਜਿਸ ਤਰ੍ਹਾਂ, ਉਸ ਅੰਦਾਜ਼ ਦੀ ਉਡੀਕ ਹੈ।

ਰੱਬੀ 'ਨੂਰ' ਦੀ ਰਹਿਮਤ ਜਦ ਹੋ ਜਾਏ ਪ੍ਰੀਤ ਦੇ ਦੀਵਾਨਿਆਂ 'ਤੇ,
ਤਦ ਦਿਲਾਂ ਵਿਚ ਪਿਆਰ ਦੀ ਸਰਗਮ ਛੇੜਦੇ ਉਸ ਸਾਜ ਦੀ ਉਡੀਕ ਹੈ।

ਦਿਲ ਦਾ ਉਦਾਸ ਹੋਣਾ।
ਤਿਰਾ ਨਾ ਪਾਸ ਹੋਣਾ।

ਕਿਹੀ ਹੈ ਇਹ ਵਿਡੰਬਨਾਂ,
ਮਿਲਣ ਦੀ ਨਾ ਆਸ ਹੋਣਾ।

ਮੁਹੱਬਤ ਮਾਰਿਆਂ ਨੂੰ,
ਇਸ਼ਕ ਨਾ ਰਾਸ ਹੋਣਾ।

ਤੜਪ ਮਿਲਣ ਦੀ ਵੱਧ ਰਹੀ,
ਖ਼ੌਰੇ ਕੀ ਖ਼ਾਸ ਹੋਣਾ।

ਓਸਦਾ ਇਸ ਤਰ੍ਹਾਂ ਮਿਲਣਾ,
ਦਿਲ 'ਚ ਨਾ ਪਿਆਸ ਹੋਣਾ।

ਖ਼ਿਆਲਾਂ 'ਚ ਕਿਉਂ ਰਹਿਣ ਓਹ,
ਮਨ ਵਿਚ ਨਾ ਵਾਸ ਹੋਣਾ।

ਹਰ ਸਾਹ ਦੇ ਨਾਲ ਚਲੇ,
ਓਸ ਦਾ ਹੀ ਕਿਆਸ ਹੋਣਾ।



• ਤੇਜਿੰਦਰ ਚੰਡਿਹੋਕ, 95010-00224

ਦੇਖ ਸੀਨੇ ਵਿਚ ਜਲ਼ ਰਿਹਾ
ਕੀ ਕੀ ਭਲਾ।
ਬੇਵਫ਼ਾਈ, ਬੇਰੁਖੀ ਤੇ ਬੇਵਸੀ
ਕੀ ਕੀ ਭਲਾ।

ਬੜਾ ਖ਼ੂਬਸੂਰਤ ਫ਼ਲ਼ਸਫ਼ਾ
ਬਖਸ਼ਿਆ ਸਾਨੂੰ ਗੁਰਾਂ,
ਭੁੱਲਕੇ ਸਭ ਰਹਿਮਤਾਂ
ਜੀਣਗੇ ਦਸ ਕੀ ਭਲਾ।

ਉਸ ਦੀ ਗ਼ਰੀਬੀ
ਉਸ ਦੇ ਚਾਅ ਸਾਰੇ ਖਾ ਗਈ,
ਬੱਚਿਆਂ ਨੂੰ ਖ਼ਾਲੀ ਲਾਡ
ਦੇ ਕੇ ਕਰੇ ਦਸ ਕੀ ਭਲਾ।

ਚੀਖ਼ ਹੈ, ਕੋਈ ਸ਼ੋਰ ਹੈ,
ਗ਼ਰਜ਼ਾਂ ਦਾ ਰੌਲਾ ਹਰ ਕਦਮ,
ਮਤਲਬੀ ਦੁਨੀਆ ਤੋਂ ਨਿਭੇ
ਦੋਸਤੀ ਦਸ ਕੀ ਭਲਾ।

ਪਾਣੀਆ ਦੀ ਸਾਂਝ ਹੈ
ਮੁੱਢ ਤੋਂ ਜ਼ਿੰਦਗੀ ਦੇ ਨਾਲ,
ਜਾਤਾਂ ਨਸਲਾਂ ਦੀ ਵੰਡੀ 'ਚ
ਰੱਖਿਆ ਦਸ ਕੀ ਭਲਾ।

ਰੁਤਬਿਆਂ ਦੀ ਆੜ 'ਚ
ਜੋ ਹੱਕ ਸਭ ਦਾ ਖਾ ਗਏ,
ਜਨਤਾ ਦੇ ਹੱਕਾਂ ਦੀ ਰਾਖੀ
ਕਰਨਗੇ ਦਸ ਕੀ ਭਲਾ।

ਜਿਸ ਦੇ ਬੋਲਾਂ ਵਿਚ ਜਾਪੇ
ਸਿਸਕੀਆਂ ਦਾ ਸ਼ੋਰ ਹੁਣ,
ਉਹ ਬਹਾਰਾਂ ਸੰਗ ਪ੍ਰੀਤ ਪਾਵੇ
ਦਸ ਕੀ ਭਲਾ।

ਹਰ ਅੱਖਰ ਹਰ ਸਤਰ 'ਚੋਂ
ਦੀਦ ਉਸ ਦੀ ਹੋ ਰਹੀ,
ਇਨ੍ਹਾਂ ਗੀਤ ਗ਼ਜ਼ਲਾਂ ਚੋਂ
ਭਾਲੇ ਹੋਰ ਦਸ ਕੀ ਭਲਾ।



ਮਨਿੰਦਰ ਕੌਰ 'ਬਸੀ'
98784-38722

## ਗੀਤ

ਕਿਤੇ ਜਾਗ ਪੈਣ ਝੁੱਗੀਆਂ ਦੇ ਭਾਗ ਹਾਣੀਆ!
ਚਲੋ ਛੇੜੀਏ ਬਗ਼ਾਵਤਾਂ ਦੇ ਰਾਗ ਹਾਣੀਆ!

ਅਸੀਂ ਚੱਕੀਆਂ ਗ਼ਰੀਬੀ ਦੀਆਂ ਪੀਸਦੇ ਰਹੇ
ਭਾਣਾ ਰੱਬ ਦਾ ਹੀ ਮੰਨ ਕੇ ਪਸੀਜਦੇ ਰਹੇ
ਕਿਵੇਂ ਮੌਲ ਪੈਂਦੇ ਸੱਧਰਾਂ ਦੇ ਬਾਗ਼ ਹਾਣੀਆ!

ਰਾਜੇ ਮੁੱਢ ਤੋਂ ਹੀ ਮਹਿਲਾਂ ਨੂੰ ਉਸਾਰਦੇ ਰਹੇ
ਝੁੱਗੀ ਵਾਲਿਆਂ ਨੂੰ ਪੈਰਾਂ ਥੀਂ ਲਤਾੜਦੇ ਰਹੇ
ਧੋਤੇ ਗਏ ਨਾ ਗ਼ਰੀਬੀਆਂ ਦੇ ਦਾਗ਼ ਹਾਣੀਆ!

ਸਾਰੀ ਦੁਨੀਆ 'ਚ ਮਿਹਨਤਾਂ ਨੂੰ ਬੂਰ ਪੈ ਗਿਆ
ਸਾਡੇ ਸੀਰੀਆਂ ਦੇ ਮੁੱਖ 'ਤੇ ਪਸੀਨਾ ਰਹਿ ਗਿਆ
ਫੜੀ 'ਮਾਤੜਾਂ' ਦੀ ਕਿਸੇ ਵੀ ਨਾ ਬਾਂਹ ਹਾਣੀਆ!

ਹੁਣ ਕੰਮੀਆਂ-ਕਿਸਾਨਾਂ ਹੋਣੀ ਆਪ ਘੜਨੀ
ਹੱਥਾਂ ਵਿਚ ਸੰਗਰਾਮ ਦੀ ਮਸ਼ਾਲ ਫੜਨੀ
ਤੱਤੇ ਲਹੂ ਨੂੰ ਹੈ ਲਾਉਣੀ ਅਸਾਂ ਜਾਗ ਹਾਣੀਆ!

ਨਵੇਂ ਰਹਿਬਰਾਂ ਤੋਂ ਸਾਡਾ ਵਿਸ਼ਵਾਸ ਡੋਲਿਆ
ਇਨ੍ਹਾਂ ਸਾਡਿਆਂ ਹੀ ਘਰਾਂ ਉਤੇ ਹੱਲਾ ਬੋਲਿਆ
ਇਹ ਤਾਂ ਤੁੱਲ ਗਏ ਬੁਝਾਉਣ ਨੂੰ ਚਿਰਾਗ਼ ਹਾਣੀਆ!

• ਸੋਹਿੰਦਰ ਬੀਰ

## ਮਿੰਨੀ ਕਹਾਣੀਆਂ



### ਸਵਾਲ

'ਮਾਂ ਫਿਰ ਕਰੀ ਗੱਲ ਮੇਰੇ ਹੋਰ ਪੜ੍ਹਨ ਬਾਰੇ ਪਾਪੇ ਨਾਲ'। 'ਹਾਂ ਧੀਏ ਕਰੀ ਸੀ, ਤੇਰਾ ਬਾਪੂ ਕੀ ਘਰ ਦਾ ਕੋਈ ਵੀ ਜੀਅ ਤੇਰੇ ਸ਼ਹਿਰ ਪੜ੍ਹਨ ਜਾਣ ਨੂੰ ਮੰਨਣ ਲਈ ਤਿਆਰ ਨਹੀਂ'। ਮਾਂ ਨੇ ਠੰਡਾ ਹਉਕਾ ਲੈਂਦਿਆਂ ਕਿਹਾ। 'ਮੰਮੀ ਬਣਕੇ ਤੂੰ ਜ਼ੋਰ ਦੇ ਕੇ ਕਹਿ ਨਾ, ਦੇਖ ਮੈਂ ਬਾਰ੍ਹਵੀਂ 'ਚੋਂ ਕਿੰਨੇ ਚੰਗੇ ਨੰਬਰ ਲੈ ਕੇ ਪਾਸ ਹੋਈ ਹਾਂ, ਮੈਂ ਹੋਰ ਪੜ੍ਹਨਾ'। ਧੀ ਨੇ ਤਰਲਾ ਲਿਆ।

'ਕੋਈ ਗੱਲ ਸੁਣਨ ਨੂੰ ਤਿਆਰ ਹੀ ਨਹੀਂ। ਬਸ ਤੂੰ ਬਹੁਤ ਪੜ੍ਹ ਲਿਆ, ਹੁਣ ਘਰ ਦਾ ਕੰਮਕਾਰ ਸਿਖ ਤੇ ਤੇਰੇ ਹੱਥ ਪੀਲੇ ਕਰੀਏ'। ਕਹਿੰਦੇ ਹੋਏ ਮਾਂ ਦੀਆਂ ਅੱਖਾਂ 'ਚੋਂ ਹੰਝੂ ਸਿੰਮ ਆਏ।'ਪਰ ਕਿਉਂ ਮਾਂ? ਮੈਂ ਕਿਉਂ ਨਹੀਂ ਪੜ੍ਹ ਸਕਦੀ'? ਧੀ ਆਪਣਾ ਕਸੂਰ ਜਾਨਣ ਲਈ ਹਾੜੇ ਕੱਢਣ ਲੱਗੀ। 'ਤਾਂ ਸੁਣ ਸਭ ਦਾ ਕਹਿਣਾ ਹੈ ਕਿ ਕੁੜੀਆਂ ਬਹੁਤਾ ਪੜ੍ਹਕੇ ਵਿਗੜ ਜਾਂਦੀਆਂ ਨੇ। ਮਾਂ ਪਿਓ ਦੀ ਇੱਜ਼ਤ ਦਾ ਧਿਆਨ ਨਹੀਂ ਰੱਖਦੀਆਂ...' ਤੇ ਮਾਂ ਕੁਝ ਹੋਰ ਕਹਿੰਦੀ-ਕਹਿੰਦੀ ਰੁਕ ਗਈ।

'ਕੱਚੀ ਕੰਧ ਵਾਲਿਆਂ ਦੀ ਮਿੰਦੀ ਨੇ ਕਾਲਜ ਪੜ੍ਹਦੀ-ਪੜ੍ਹਦੀ ਨੇ ਕਿਸੇ ਮੁੰਡੇ ਨਾਲ ਵਿਆਹ ਕਰਵਾ ਲਿਆ'। ਸਾਰੇ ਇਹ ਸੋਚ ਕੇ ਡਰਦੇ ਨੇ ਕਿਤੇ ਤੂੰ ਵੀ...'? ਫਿਰ ਗੁੱਸੇ 'ਚ ਖਿਝਕੇ ਉਹ ਬੋਲੀ। ਮਾਂ ਦਾ ਅਚਾਨਕ ਬਦਲਿਆ ਰੂਪ ਦੇਖ ਧੀ ਇਕ ਵਾਰ ਤਾਂ ਡਰ ਗਈ ਫਿਰ ਕੁਝ ਦੇਰ ਦੀ ਚੁੱਪ ਤੋਂ ਬਾਅਦ ਕਹਿਣ ਲੱਗੀ, 'ਮਾਂ ਪਰ ਉਸ ਦੀ ਸਜਾ ਮੈਨੂੰ ਕਿਉਂ? ਕਿੰਨੀਆਂ ਹੀ ਕੁੜੀਆਂ ਮਾਂ-ਬਾਪ ਦਾ ਨਾਂ ਚਮਕਾਉਂਦੀਆਂ ਨੇ। ਨਾਲੇ ਮਿੰਦੀ ਨੇ ਜਿਸ ਨਾਲ ਭੱਜਕੇ ਵਿਆਹ ਕਰਵਾਇਆ ਉਹ ਵੀ ਇਕ ਮੁੰਡਾ ਸੀ।

ਫਿਰ ਵੀਰੇ ਨੂੰ ਕਾਲਜੋਂ ਕਿਉਂ ਨਹੀਂ ਹਟਾਇਆ, ਮੇਰੀ ਹੀ ਪੜ੍ਹਾਈ ਤੇ ਰੋਕ ਕਿਉਂ'? ਧੀ ਨੇ ਰੋਂਦਿਆਂ ਮਾਂ ਨੂੰ ਸਵਾਲ ਕੀਤਾ ਪਰ ਉਸ ਦਾ ਸਵਾਲ ਹਵਾ 'ਚ ਉੱਡ ਗਿਆ। ਧੀ ਨੂੰ ਉਸ ਦੇ ਸਵਾਲ ਦਾ ਜਵਾਬ ਘਰ ਦਾ ਕੋਈ ਵੀ ਮੈਂਬਰ ਨਾ ਦੇ ਸਕਿਆ।

• ਕੁਲਵਿੰਦਰ ਕੌਸ਼ਲ



### ਢੁੱਕਵਾਂ ਜਵਾਬ

• ਰਮੇਸ਼ ਬੱਗਾ ਚੋਹਲਾ
94631-32719

'ਮੈਡਮ ਜੀ! ਅਰਪਿਤਾ ਕਾ ਸਕੂਲ ਛੋੜਨੇ ਕਾ ਸਰਟੀਫਿਕੇਟ ਚਾਹੀਏ'। ਹੱਥ ਵਿਚ ਅਰਜ਼ੀ ਫੜੀ ਭੱਈਏ ਦੀਨ ਦੀਆਲ ਨੇ ਜਮਾਤ ਦੀ ਇੰਚਾਰਜ ਮੈਡਮ ਗੁਲਾਟੀ ਨੂੰ ਕਿਹਾ।

'ਕਿਉਂ, ਕੀ ਗੱਲ ਹੋ ਗਈ? ਅਰਪਿਤਾ ਕਾ ਸਕੂਲ ਕਿਉਂ ਛੱਡਾ ਰਹੇ ਹੋ'? ਇਚਾਰਜ ਮੈਡਮ ਨੇ ਹੈਰਾਨ ਹੁੰਦਿਆਂ ਇਸ ਦੇ ਨਾਲ ਹੋਰ ਕਈ ਸਵਾਲਾਂ ਦੀ ਝੜੀ ਲਗਾ ਦਿੱਤੀ।

'ਬੱਸ ਮੈਡਮ ਜੀ ਇਸ ਕਾ ਬਾਈ ਪ੍ਰਾਈਵੇਟ ਸਕੂਲ ਮੇਂ ਪੜ੍ਹ ਰਹਾ ਹੈ, ਸੋਚਤਾ ਹੂੰ ਦੋਨੋਂ ਕੋ ਏਕ ਸਾਥ, ਏਕ ਹੀ ਸਕੂਲ ਮੇਂ ਚਲੇ ਜਾਈਆ ਕਰੇਂਗੇ, ਔਰ ਵਹਾਂ ਕੀ ਪੜ੍ਹਾਈ ਭੀ ਅੱਛੀ ਹੈ'।

ਦੀਨ ਦੀਆਲ ਦੀ ਪੜ੍ਹਾਈ ਵਾਲੀ ਗੱਲ ਸੁਣ ਕੇ ਮੈਡਮ ਗੁਲਾਟੀ ਨੂੰ ਥੋੜ੍ਹਾ ਧੱਕਾ ਜਿਹਾ ਲੱਗਾ ਅਤੇ ਉਹ ਤੈਸ਼ ਵਿਚ ਆ ਕੇ ਬੋਲੀ, 'ਸਵਾਹ ਅੱਛੀ ਹੈ, ਬਾਰ੍ਹਾਂ-ਬਾਰ੍ਹਾਂ ਜਮਾਤਾਂ ਪੜ੍ਹੀਆਂ ਕੁੜੀਆਂ ਰੱਖੀਆਂ ਹੁੰਦੀਆਂ, ਭਲਾ ਕਿੰਨਾ ਕੁ ਅੱਛਾ ਪੜ੍ਹਾ ਲੈਣਾ ਹੈ ਉਨ੍ਹਾਂ ਨੇ। ਸਰਕਾਰੀ ਸਕੂਲ ਵਿਚਲਾ ਸਾਰਾ ਸਟਾਫ਼ ਵੈੱਲ-ਕਵਾਲੀਫ਼ਾਈਡ ਹੁੰਦਾ ਹੈ। ਨਾਲੇ ਹੁਣ ਪਹਿਲਾਂ ਵਾਲੀਆਂ ਗੱਲਾਂ ਨਹੀਂ ਰਹੀਆਂ, ਹੁਣ ਤਾਂ ਸਰਕਾਰੀ ਸਕੂਲਾਂ ਦੇ ਬੱਚਿਆਂ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾਂਦਾ ਹੈ'। ਗੁਲਾਟੀ ਮੈਡਮ ਸਰਕਾਰੀ ਸਕੂਲਾਂ ਦੇ ਹੱਕ ਵਿਚ ਦਲੀਲਾਂ ਦੇ ਕੇ ਆਪਣਾ ਪੱਲ੍ਹੜਾ ਭਾਰੀ ਕਰ ਰਹੀ ਸੀ।

'ਏਕ ਬਾਤ ਪੂਛੇ ਮੈਡਮ ਜੀ'?

'ਹਾਂ ਪੂਛ...ਪੂਛ...'।

'ਆਪ ਕੇ ਕਿਤਨੇ ਬੱਚੇ ਹੈਂ'?

'ਦੋ'... ਕਿਆ ਹੁਆ'।

'ਕਹਾਂ ਪੜ੍ਹਤੇ ਹੈਂ'?

'ਡੀਏਵੀ ਪਬਲਿਕ ਸਕੂਲ਼ ਮੇਂ'।

'ਯਹ ਸਰਕਾਰੀ ਹੈ ਕਿਆ'?

'ਨਹੀਂ, ਪਰ ਤੁਮ ਕਿਉਂ ਪੂਛ ਰਹੇ ਹੋ'?

'ਅਭੀ ਤੋਂ ਆਪ ਬੋਲ ਰਹੇ ਥੇ, ਸਰਕਾਰੀ ਸਕੂਲੋਂ ਕੀ ਪੜ੍ਹਾਈ ਬਹੁਤ ਅੱਛੀ ਹੈ'।

'ਹਾਂ ਬੋਲਾ ਥਾ'।

'ਅਗਰ ਇਤਨੀ ਹੀ ਅੱਛੀ ਹੈ ਤੋਂ ਫਿਰ ਆਪ ਕੇ ਬੱਚੇ ਸਰਕਾਰੀ ਸਕੂਲ ਮੇਂ ਕਿਉਂ ਨਹੀਂ ਪੜ੍ਹ ਰਹੇ'?

ਭੱਈਏ ਦੀਨ ਦਿਆਲ ਦੇ ਇਸ ਪ੍ਰਸ਼ਨ ਦਾ ਮੈਡਮ ਗੁਲਾਟੀ ਕੋਲ ਕੋਈ ਢੁੱਕਵਾਂ ਜਵਾਬ ਨਹੀਂ ਸੀ। •

# ਨਿੱਘੇ ਸੁਭਾਅ ਵਾਲਾ ਮਸਤ ਮੌਲਾ ਸ਼ਾਇਰ

## ਜਨਕ ਰਾਜ ਜਨਕ



ਕੁਲਦੀਪ ਸਿੰਘ ਬੰਗੀ
94174-07778

ਜਨਕ ਰਾਜ ਜਨਕ ਉਸ ਪਵਿੱਤਰ ਨਗਰੀ ਦਾ ਵਾਸੀ ਹੈ, ਜਿਸ ਨੂੰ ਦਮਦਮਾ ਸਾਹਿਬ ਤਲਵੰਡੀ ਸਾਬੋ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਗੁਰੂ ਸਾਹਿਬਾਨ ਦੀ ਚਰਨ ਛੋਹ ਪ੍ਰਾਪਤ ਇਸ ਨਗਰੀ 'ਤੇ ਦਸਮੇਸ਼ ਪਿਤਾ ਨੇ ਵਾਧੂ ਬਾਣੀਆਂ ਤੋਂ ਰਹਿਤ ਪ੍ਰਮਾਣਿਕ ਬੀੜ ਤਿਆਰ ਕਰਵਾਈ ਅਤੇ ਬਚੀ ਹੋਈ ਸਿਆਹੀ ਤੇ ਕਲਮਾਂ ਨੂੰ ਲਿਖਣਸਰ ਦੇ ਸਰੋਵਰ ਵਿਚ ਪ੍ਰਵਾਹ ਕਰਦਿਆਂ ਇਸ ਨਗਰੀ ਨੂੰ ਗੁਰੂ ਕੀ ਕਾਸ਼ੀ ਦੇ ਵਰ ਨਾਲ ਨਿਵਾਜ਼ਿਆ। ਹਜ਼ੂਰ ਪਾਤਸ਼ਾਹ ਦੀਆਂ ਬੀਜੀਆਂ ਕਲਮਾਂ ਦੇ ਸਿੱਟੇ ਵਜੋਂ 'ਦੀਪਕ ਗ਼ਜ਼ਲ ਸਕੂਲ' ਦੇ ਕਈ ਵਿਦਿਆਰਥੀ ਇਸ ਨਗਰੀ ਨਾਲ ਸਬੰਧ ਰੱਖਦੇ ਹਨ ਜੋ ਆਪਣੀ-ਆਪਣੀ ਸਮਰੱਥਾ ਅਨੁਸਾਰ ਅਦਬੀ ਚਿਰਾਗ਼ ਬਣ ਆਪਣਾ ਆਲਾ-ਦੁਆਲਾ ਰੁਸ਼ਨਾ ਰਹੇ ਹਨ ਜਿਨ੍ਹਾਂ ਵਿੱਚੋਂ ਜਨਕ ਰਾਜ ਜਨਕ ਵਿਸ਼ੇਸ਼ ਸਥਾਨ ਰੱਖਦਾ ਹੈ।

ਜਨਕ ਰਾਜ ਜਨਕ ਦਾ ਜਨਮ 14 ਸਤੰਬਰ 1967 ਈਸਵੀ ਨੂੰ ਮਾਤਾ ਗਿਆਨ ਦੇਵੀ ਤੇ ਪਿਤਾ ਸਹਿਜ ਰਾਮ ਦੇ ਘਰ ਪਿੰਡ ਜਗਾ ਰਾਮ ਤੀਰਥ, ਤਹਿਸੀਲ ਤਲਵੰਡੀ ਸਾਬੋ ਜ਼ਿਲ੍ਹਾ ਬਠਿੰਡਾ ਵਿਖੇ ਹੋਇਆ। ਜਨਕ ਰਾਜ ਜਨਕ ਦੇ ਪਰਿਵਾਰ ਵਿਚ ਪਤਨੀ ਬਿਮਲਾ ਦੇਵੀ, ਤਿੰਨ ਬੇਟੇ ਅਤੇ ਇਕ ਗੋਦ ਲਈ ਧੀ, ਤਲਵੰਡੀ ਸਾਬੋ ਵਿਖੇ ਰਹਿ ਰਹੇ ਹਨ। ਜਨਕ ਕਿੱਤੇ ਵਜੋਂ ਦੁਕਾਨਦਾਰ ਹੈ, ਖ਼ਾਲਸਾ ਸਕੂਲ ਦੇ ਨਾਲ ਤਲਵੰਡੀ ਸਾਬੋ ਵਿਖੇ ਉਸ ਦਾ ਜਨਰਲ ਸਟੋਰ ਹੈ। ਜਿਸ ਨਾਲ ਉਸ ਦਾ ਜੀਵਨ ਨਿਰਬਾਹ ਚੱਲਦਾ ਹੈ। ਇਸ ਦੁਕਾਨ ਨੂੰ ਸਾਹਿਤਕਾਰਾਂ ਦਾ ਮੱਕਾ ਵੀ ਕਹਿ ਦੇਈਏ ਤਾਂ ਇਸ ਵਿਚ ਕੋਈ ਅਤਿ ਕਥਨੀ ਨਹੀਂ ਹੋਵੇਗੀ। ਇੱਥੇ ਗਾਇਕਾਂ, ਗੀਤਕਾਰਾਂ ਤੇ ਸਾਹਿਤਕਾਰਾਂ ਦੀਆਂ ਅਦਬੀ ਮਹਿਫ਼ਲਾਂ ਜੁੜਦੀਆਂ ਰਹਿੰਦੀਆਂ ਹਨ। ਉਸ ਦੀ ਦੁਕਾਨ ਅਦੀਬਾਂ ਦੇ ਮੇਲ-ਮਿਲਾਪ ਦਾ ਅਜਿਹਾ ਕੇਂਦਰ ਹੈ ਜੋ ਦੁਕਾਨ ਘੱਟ ਦਮਦਮਾ ਸਾਹਿਬ ਸਾਹਿਤ ਸਭਾ ਦਾ ਦਫ਼ਤਰ ਜ਼ਿਆਦਾ ਜਾਪਦੀ ਹੈ।

ਜਨਕ ਰਾਜ ਜਨਕ ਦਾ ਨਾਂ ਅੱਜ ਪੰਜਾਬੀ ਸਾਹਿਤਕ ਖੇਤਰ ਵਿਚ ਕਿਸੇ ਜਾਣ ਪਛਾਣ ਦਾ ਮੁਥਾਜ ਨਹੀਂ। ਉਹ ਪੰਜਾਬੀ ਦੇ ਹਰ ਛੋਟੇ-ਵੱਡੇ ਪੰਜਾਬੀ ਅਖ਼ਬਾਰ, ਰਸਾਲੇ ਨੇ ਉਸ ਦੇ ਪਰਪੱਕ ਸਾਹਿਤ ਦੀ ਕਦਰ ਕਰਦਿਆਂ ਉਸ ਨੂੰ ਉਚਿੱਤ ਥਾਂ ਦੇ ਕੇ ਨਿਵਾਜ਼ਿਆ। ਜਨਕ ਨਿੱਘੇ ਸੁਭਾਅ ਵਾਲਾ ਮਸਤ ਮੌਲਾ ਆਦਮੀ ਹੈ। ਉਸ ਨੇ ਆਪਣੇ ਪਿੰਡੇ 'ਤੇ ਕਾਫ਼ੀ ਦੁੱਖ-ਦਰਦ ਤੇ ਤੰਗੀਆਂ-ਤੁਰਸ਼ੀਆਂ ਨੂੰ ਹੰਢਾਇਆ ਹੈ।

ਜਨਕ ਅਨੁਸਾਰ ਉਸ ਦੇ ਪਰਿਵਾਰ ਨੂੰ ਦੋ ਉਜਾੜੇ 1947 ਅਤੇ 1984 ਵੇਲੇ ਝੱਲਣੇ ਪਏ ਇਹ ਕਸਕ ਅਤੇ ਪੀੜਾ ਹੀ ਜਦ ਸ਼ਬਦਾਂ ਦਾ ਰੂਪ ਲੈਂਦੀ ਹੈ ਤਾਂ ਉਸ ਦੀ ਸ਼ਾਇਰੀ ਹੋਂਦ ਵਿਚ ਆਉਂਦੀ ਹੈ ਉਹ ਕਹਿੰਦਾ ਹੈ ਕਿ ਜਦ ਕੁਝ ਬੀਤੇ ਹਾਦਸੇ ਸ਼ਬਦਾਂ ਦਾ ਰੂਪ ਲੈਂਦੇ ਹਨ ਤਾਂ ਮਨ ਨੂੰ ਸਕੂਨ ਮਿਲਦਾ ਹੈ। ਦਿਲ ਹੌਲਾ ਕਰਨ ਲਈ ਉਹ ਕਲਮ ਜ਼ਰੀਏ ਘਟਨਾਵਾਂ ਤੇ ਆਪਣੀਆਂ ਭਾਵਨਾਵਾਂ ਨੂੰ ਹੀ ਅਧਾਰ ਬਣਾਉਂਦਾ ਹੈ। ਉਸ ਦੀ ਗ਼ਜ਼ਲ ਸਿਰਫ਼ ਔਰਤ ਜਾਂ ਔਰਤ ਬਾਰੇ ਗੱਲਾਂ ਕਰਨ ਤਕ ਸੀਮਤ ਨਹੀਂ ਸਗੋਂ ਵਰਤਮਾਨ ਪ੍ਰਸਥਿਤੀਆਂ ਦੀਆਂ ਪੇਚੀਦਗੀਆਂ ਤੇ ਹਾਲਾਤ ਨੂੰ ਬਿਆਨ ਕਰਦੀ ਹੈ। ਉਹ ਜਾਤ ਤੋਂ ਕਾਇਨਾਤ ਤਕ ਸਾਰੀ ਸੰਵੇਦਨਾ ਨੂੰ ਆਪਣੇ ਕਲਾਵੇ ਵਿਚ ਭਰਦਾ ਹੈ। ਜਨਕ ਦੀ ਸ਼ਾਇਰੀ ਜ਼ਿੰਦਗੀ ਵਿਚ ਆਸਥਾ ਦੀ ਸ਼ਾਇਰੀ ਹੈ। ਪੇਸ਼ ਹੈ ਉਸ ਦੀ ਸ਼ਾਇਰੀ ਦਾ ਰੰਗ :

ਮੇਰੇ ਘਰ 'ਤੇ ਕਾਬਿਜ਼ ਹੋਣਾ ਚਾਹੁੰਦਾ ਹੈ।
ਭਾਵੇਂ ਉਹ ਵੀ ਮੇਰਾ ਅੰਮੀ ਜਾਇਆ ਹੈ।

*ਜਨਕ ਰਾਜ ਜਨਕ ਸਵਰਗਵਾਸੀ ਜਨਾਬ ਦੀਪਕ ਜੈਤੋਈ ਦਾ ਹੋਣਹਾਰ ਸ਼ਾਗਿਰਦ ਹੋਣ ਕਰਕੇ ਪਿੰਗਲ ਤੇ ਆਰੂਜ਼ ਦਾ ਬਾਖ਼ੂਬੀ ਜਾਣਕਾਰ ਅਤੇ ਗ਼ਜ਼ਲ ਦਾ ਸੂਖ਼ਮ ਸ਼ਿਲਪਕਾਰ ਹੈ...*



ਸ਼ੀਸ਼ੇ ਦੇ ਵਿਚ ਜਦ ਵੀ ਉਸ ਨੇ,
ਤੱਕਿਆ ਆਪਣੇ ਆਪ ਨੂੰ,
ਰੋ ਪਿਆ ਉਹ ਕਾਸਤੋਂ ਸੀ ,
ਆਪਣੀ ਸੂਰਤ ਵੇਖਕੇ।

ਜਲਵਾ ਤੇਰੇ ਨੂਰ ਦਾ
ਮੈਂ ਤੱਕਿਆ ਅੱਜ ਤਕ ਨਹੀਂ,
ਪਰ ਗ਼ਜ਼ਲ ਕਹਿੰਦੀ ਹੈ
ਤੇਰੇ ਨੂਰ ਦਾ ਜਲਵਾ ਲਿਖਾਂ।

ਜਨਕ ਰਾਜ ਜਨਕ ਹੁਣ ਤਕ ਸਾਹਿਤ ਦੀ ਝੋਲੀ ਸੱਤ ਕਿਤਾਬਾਂ ਪਾ ਚੁੱਕਾ ਹੈ ਜਿਸ ਵਿਚ ਗ਼ਜ਼ਲ ਗੁਲਦਸਤਾ (ਗ਼ਜ਼ਲ ਸੰਗ੍ਰਹਿ 1998), ਰਾਤ ਸਫ਼ਰ ਤੇ ਰੌਸ਼ਨੀ (ਗ਼ਜ਼ਲ ਸੰਗ੍ਰਹਿ 2001), ਚਾਰਾਗਰਾਂ ਦੀ ਭਾਲ ਵਿਚ (ਗ਼ਜ਼ਲ ਸੰਗ੍ਰਹਿ 2004), ਗਰਦਿਸ਼ ਦੇ ਆਰ ਪਾਰ (ਗ਼ਜ਼ਲ ਸੰਗ੍ਰਹਿ 2007), ਮਾਰੂਥਲ ਦੇ ਫੁੱਲ (ਗ਼ਜ਼ਲ ਸੰਗ੍ਰਹਿ 2009), ਬਦਲੋਟੀਆਂ (ਕਾਵਿ ਸੰਗ੍ਰਹਿ 2010), ਪੱਥਰ ਤੇ ਲੀਕ (ਗ਼ਜ਼ਲ ਸੰਗ੍ਰਹਿ 2015) ਵਿਚ ਸ਼ਾਮਲ ਹਨ।

ਜਨਕ ਸਵ. ਦੀਪਕ ਜੈਤੋਈ ਦਾ ਹੋਣਹਾਰ ਸ਼ਾਗਿਰਦ ਹੋਣ ਕਰਕੇ ਪਿੰਗਲ ਆਰੂਜ਼ ਦਾ ਬਾਖ਼ੂਬੀ ਜਾਣਕਾਰ ਹੈ। ਉਹ ਗ਼ਜ਼ਲ ਦਾ ਸੂਖ਼ਮ ਸ਼ਿਲਪਕਾਰ ਹੈ। ਇਸ ਮੁਕਾਮ 'ਤੇ ਪਹੁੰਚਣ ਲਈ ਉਸ ਦੀ ਲਗਨ ਮਿਹਨਤ ਤੋਂ ਇਲਾਵਾ ਉਸ ਦੀ ਕਲਮ ਨੂੰ ਸਹੀ ਦਿਸ਼ਾ ਸਾਹਿਤਕ ਗੁਰੂ ਸਵ. ਦੀਪਕ ਜੈਤੋਈ ਨੇ ਹੀ ਦਿੱਤੀ ਇਹ ਉਸ ਦਾ ਮੰਨਣਾ ਹੈ। ਜਿਸ ਦੇ ਸਦਕਾ ਹੀ ਉਹ ਗ਼ਜ਼ਲਗੋਆਂ ਦੀ ਮੋਹਰਲੀ ਕਤਾਰ ਵਿਚ ਆ ਖੜ੍ਹਾ ਹੋਇਆ। ਉਸ ਨੇ ਆਪਣੇ ਦੂਸਰੇ ਗੁਰ ਭਾਈਆਂ ਵਾਂਗ ਗ਼ਜ਼ਲ ਦੀ ਇੱਕੋ ਜ਼ਮੀਨ 'ਤੇ 1100 ਸ਼ਿਅਰ ਲਿਖਣ ਦਾ ਕੀਰਤੀਮਾਨ ਵੀ ਸਥਾਪਿਤ ਕੀਤਾ ਹੈ। ਜਨਕ ਨੇ ਗ਼ਜ਼ਲ, ਕਵਿਤਾ ਤੋਂ ਇਲਾਵਾ ਗੀਤਕਾਰੀ ਵਿਚ ਵੀ ਆਪਣਾ ਲੋਹਾ ਮਨਵਾਇਆ ਹੈ ਪੰਜਾਬੀ ਦੇ ਨਾਮਵਰ ਗਾਇਕਾਂ ਵੱਲੋਂ ਉਸ ਦੇ ਗੀਤਾਂ ਨੂੰ ਆਵਾਜ਼ ਦਿੱਤੀ ਗਈ ਹੈ।

ਪਾਠਕਾਂ ਨਾਲ ਇਹ ਗੱਲ ਵੀ ਸਾਂਝੀ ਕਰਨੀ ਚਾਹਾਂਗਾ ਕਿ ਪਿਛਲੇ ਕੁਝ ਸਮੇਂ ਤੋਂ ਜਨਕ ਨੂੰ ਅੱਖਾਂ ਦੀ ਲਾਇਲਾਜ ਬੀਮਾਰੀ ਨੇ ਘੇਰ ਰੱਖਿਆ ਹੈ। ਜਿਸ ਕਾਰਨ ਨੈਣਾਂ ਦੀ ਜੋਤ ਨਾ ਹੋਣ ਦੇ ਬਰਾਬਰ ਹੋ ਗਈ ਹੈ। ਉਸ ਦਾ ਲਿਖਣ-ਪੜ੍ਹਨ ਦਾ ਕਾਰਜ ਕਿਸੇ ਦੀ ਸਹਾਇਤਾ ਤੋਂ ਬਿਨਾਂ ਬਿਲਕੁਲ ਠੱਪ ਹੈ, ਪ੍ਰੰਤੂ ਸਾਹਿਤ ਸਭਾਵਾਂ ਅੰਦਰ ਉਹ ਅੱਜ ਵੀ ਪੂਰੇ ਜੋਸ਼ੋ-ਖਰੋਸ਼ ਨਾਲ ਜਾ ਰਿਹਾ ਹੈ। ਜਨਕ ਦਾ ਲਿਖਿਆ ਕਾਫ਼ੀ ਸਾਹਿਤ ਅਜੇ ਅਣਛਪਿਆ ਹੈ ਜਿਸ ਨੂੰ ਭਵਿੱਖ ਵਿਚ ਕਿਤਾਬੀ ਰੂਪ ਦੇ ਕੇ ਪਾਠਕਾਂ ਦੇ ਸਨਮੁੱਖ ਕਰਨਾ ਉਸ ਦੀ ਪਹਿਲੀ ਇੱਛਾ ਹੈ। ਜਨਕ ਰਾਜ ਜਨਕ ਦੇ ਮਾਣ ਸਨਮਾਨ ਦੀ ਗੱਲ ਕਰੀਏ ਤਾਂ ਉਹ ਸਾਹਿਤਕ ਹਲਕਿਆਂ ਵਿਚ ਇੰਨਾ ਕੁ ਮਕਬੂਲ ਹੈ ਕਿ ਜਿੰਨਾ ਪਿਆਰ ਅਤੇ ਸਤਿਕਾਰ ਉਸ ਨੂੰ ਪੰਜਾਬ ਦੀਆਂ ਸਾਹਿਤ ਸਭਾਵਾਂ ਨੇ ਦਿੱਤਾ ਹੈ, ਓਨਾ ਹੀ ਹਰਿਆਣੇ ਵਿਚ ਪੰਜਾਬੀ ਲਈ ਕੰਮ ਕਰਦੀਆਂ ਸਭਾਵਾਂ ਅਤੇ ਪਾਠਕਾਂ ਨੇ। •

## ਕਵਿਤਾਵਾਂ

### ਸੀਰੀਆ ਦਾ ਦਰਦ

ਵੇਖੋ ਕਿਹੜੇ ਰਾਹਾਂ 'ਤੇ ਇਨਸਾਨ ਐ ਤੁਰਿਆ
ਧਰਮਾਂ ਦੀ ਜੰਗ 'ਤੇ ਜਾਂਦਾ ਜਹਾਨ ਐ ਰੁੜ੍ਹਿਆ
ਹਉਮੈ ਵਿਚ ਆ ਕੇ, ਮਾਸੂਮਾਂ 'ਤੇ ਜਿਹੜਾ ਬੰਬ ਵਰਸਾਵੇ
ਬੰਦਾ ਨਾਮ ਤੇਰਾ ਲੈ ਕੇ ਮਾਲਕਾ ਕੀ-ਕੀ ਕਹਿਰ ਕਮਾਵੇ।

ਮਾਂ ਫਿਰੇ ਪੁੱਤ ਲੱਭਦੀ, ਪਈਆਂ ਲਾਸ਼ਾਂ ਲੱਖਾਂ
ਆਖ਼ਰੀ ਦੀਦ ਵੀ ਨਾ ਹੋਈ , ਪੱਕ ਗਈਆਂ ਅੱਖਾਂ
ਤੱਕ ਸੀਨਾਂ ਫਟਿਆ ਧਰਤ ਦਾ, ਅੰਬਰ ਕੁਰਲਾਵੇ
ਬੰਦਾ ਨਾਮ ਤੇਰਾ ਲੈ ਕੇ ਮਾਲਕਾ ਕੀ-ਕੀ ਕਹਿਰ ਕਮਾਵੇ।

ਨਿਰਦੋਸ਼ਾਂ ਨੂੰ ਮਾਰਨਾ, ਕਿਸ ਗ੍ਰੰਥ 'ਚ ਲਿਖਿਆ
ਲੱਖਾਂ ਵਰਕੇ ਵੇਖੇ ਫੋਲਕੇ, ਮੈਨੂੰ ਕਿਤੇ ਨਾ ਦਿਸਿਆ
ਏਕਤਾ ਧਰਮ ਦਾ ਪਾਠ ਹੀ ਹਰ ਧਰਮ ਸਿਖਾਵੇ
ਬੰਦਾ ਨਾਮ ਤੇਰਾ ਲੈ ਕੇ ਮਾਲਕਾ ਕੀ-ਕੀ ਕਹਿਰ ਕਮਾਵੇ

ਮੁੜ ਆ ਜਾ ਬਾਬਾ ਨਾਨਕਾ, 'ਗਿੱਲ' ਕਰੇ ਅਰਜ਼ੋਈ
ਦੁਨੀਆ ਸਾਂਝੇ ਤੇਰੇ ਉਪਦੇਸ਼ਾਂ ਤੋਂ ਫਿਰੇ ਬੇਮੁੱਖ ਹੋਈ
ਤੇਰੇ ਬਾਝੋਂ ਨਿਮਾਣੇ ਲੋਕਾਂ ਨੂੰ ਕੌਣ ਗਲ਼ ਨਾਲ ਲਾਵੇ
ਬੰਦਾ ਨਾਮ ਤੇਰਾ ਲੈ ਕੇ ਮਾਲਕਾ ਕੀ-ਕੀ ਕਹਿਰ ਕਮਾਵੇ

• ਦਰਸ਼ਨ (ਗਿੱਲ ਦੁਤਾਲ), 99880-32249

### ਰੱਬ



ਮੇਰਾ ਵਹਿਮ ਨਹੀਂ
ਮੇਰਾ ਵਿਸ਼ਵਾਸ ਹੈ।
ਤੇ ਮੇਰਾ ਵਿਸ਼ਵਾਸ
ਓਦੋਂ ਹੋਰ ਪੱਕਾ ਹੋ ਜਾਂਦਾ
ਜਦੋਂ ਚੜ੍ਹਦੀ ਸਵੇਰ ਦੀ ਖ਼ੂਬਸੂਰਤੀ
ਮੈਂ ਆਪਣੇ ਅੱਖੀਂ ਦੇਖਦੀ ਹਾਂ
ਦੇਖਦੀ ਹਾਂ ਰੰਗ ਬਿਰੰਗੇ ਰੰਗ
ਹਰਿਆਵਲ
ਜ਼ਮੀਨ 'ਤੇ ਟਹਿਕਦੇ ਪੱਤੇ
ਅੰਬਰ ਦੀ ਸਿਖ਼ਰ ਨੂੰ ਛੂਹਦੇ ਰੁੱਖ
ਧਰਤੀ ਨੂੰ ਜੱਫ਼ਾ ਪਾਈ ਖੜੀਆਂ ਜੜ੍ਹਾਂ
ਮੈਂ ਹਰ ਰੋਜ਼ ਸੁਆਗਤ ਕਰਦੀ ਹਾਂ
ਮੇਰੇ ਘਰ ਵੱਲ ਨੂੰ ਆਉਂਦੇ ਸੂਰਜ ਦਾ
ਖਿੜੇ ਮੱਥੇ ਮਿਲਦੀ ਹਾਂ।
ਵਿਹੜੇ ਆਏ ਕਾਵਾਂ ਚਿੜੀਆਂ ਨੂੰ
ਮੈਨੂੰ ਮੁਹੱਬਤ ਹੋ ਜਾਂਦੀ ਹੈ
ਗਲਹਿਰੀਆਂ ਨੂੰ ਰੋਜ਼
ਧਰਤੀ ਦੀ ਹਿੱਕ 'ਤੇ ਝੂਮਦੀਆਂ ਦੇਖ ਕੇ
ਮੇਰਾ ਜੀ ਕਰਦਾ
ਸਵੇਰ ਦੀ ਪਹਿਲੀ ਗਰਾਹੀ ਮੇਰੇ ਵੱਲੋਂ
ਸਾਰੀਆਂ ਗਲਹਿਰੀਆਂ ਨੂੰ ਤੋਹਫ਼ਾ ਹੋਵੇ
ਉਹ ਚਾਈਂ-ਚਾਈਂ ਹੱਕ ਨਾਲ
ਮੇਰੇ ਹੱਥੋਂ ਖੋ ਕੇ ਲੈ ਜਾਇਆ ਕਰਨ।
ਮੇਰਾ ਜੀ ਕਰਦਾ ਮੈਂ ਉੱਠਦੇ ਸਾਰ
ਹਵਾ ਨੂੰ ਗਲ਼ ਲੱਗਕੇ ਮਿਲਿਆ ਕਰਾਂ
ਤੇ ਓਹ ਵੀ ਮੇਰਾ ਮੱਥਾ ਚੁੰਮਿਆ ਕਰੇ
ਕਦੇ ਕਦੇ ਮੈਂ ਮੁਹੱਬਤ ਨਾਲ ਇੰਨਾ ਭਰ ਜਾਨੀ ਆ
ਮੇਰੇ ਮੂੰਹੋਂ ਆਪ ਮੁਹਾਰੇ ਨਿਕਲ ਜਾਂਦਾ
ਰੱਬਾ ਤੈਨੂੰ ਢੇਰ ਸਾਰੀ ਮੁਹੱਬਤ
ਹਰ ਦਿਨ ਨਵੀਂ ਜ਼ਿੰਦਗੀ ਦੇਣ ਲਈ
ਹਰ ਦਿਨ ਕੁੱਝ ਨਵਾਂ ਦੇਣ ਲਈ
ਨਵੀਂ ਨਜ਼ਰ ਦੇਣ ਲਈ
ਮੇਰੇ ਨਜ਼ਰੀਏ ਨੂੰ ਆਪਣਾ ਪਰਛਾਵਾਂ ਦੇਣ ਲਈ
ਮੇਰੀ ਇਹੋ ਅਰਦਾਸ
ਮੇਰੀ ਉਮਰ ਤੇਰੇ ਸ਼ੁਕਰਾਨੇ 'ਚ ਨਿਕਲ ਜਾਏ।
ਤੈਨੂੰ ਮੁਹੱਬਤ ਰੱਬਾ
ਮੁਹੱਬਤ ਤੇਰੇ ਹਰ ਰੰਗ ਨੂੰ।

• ਅਵਰਿੰਦਰ ਕੌਰ

### ਸਿਰਨਾਵੇਂ

ਮੈਂ ਦਰਦ ਸੁਣਾ ਕੇ ਕੀ ਲੈਣਾ,
ਬਣ ਜਗ ਦਾ ਹਾਸਾ ਕੀ ਲੈਣਾ।
ਲੁੱਟਣ ਵਾਲੇ ਵੀ ਆਪਣੇ ਸਨ,
ਸਿਰਨਾਵੇਂ ਦੱਸ ਕੇ ਕੀ ਲੈਣਾ।
ਕਹਿੰਦੇ ਸੀ ਤੇਰੇ ਹਾਂ, ਬਸ ਤੇਰੇ,
ਤੇਰੇ ਹੀ ਬਣਕੇ ਸਦਾ ਰਹਿਣਾ।
ਫਿਕਰ ਨਾ ਮੈਨੂੰ ਦੁਨੀਆ ਦਾ,
ਤੇਰਾ ਸਾਥ ਮੈਂ ਸਦਾ ਨਿਭਾਉਣਾ।
ਤੁਰ ਗਏ ਸੁਪਨੇ ਰੁਸ ਨਾਲ ਮੇਰੇ,
ਇਨ੍ਹਾਂ ਵਾਪਸ ਕਦੇ ਨਾ ਹੁਣ ਆਉਣਾ।
ਸੱਜਣਾ ਦਿੱਤੇ ਦਰਦ ਅਵੱਲੇ,
ਮਰਹਮ ਕਿਸੇ ਨਾ ਲਾਉਣਾ।
ਆਸਾਂ ਵਾਲੀ ਟੁੱਟੀ ਮਾਲਾ,
ਮੁੜ ਔਖਾ ਹੋਇਆ ਪਰੋਣਾ।
ਸੱਜਣਾ ਨੇ ਸਾਡਾ ਰਾਹ ਵੀ ਛੱਡਤਾ,
ਨਜ਼ਰਾਂ ਨੂੰ ਕਿਸ ਲਈ ਵਿਛਾਉਣਾ।
'ਫ਼ਕੀਰਾ' ਛੱਡਦੇ ਹੁਣ ਉਡੀਕਾਂ,
ਸੱਜਣਾ ਮੁੜ ਕਦੇ ਨਾ ਆਉਣਾ।



ਵਿਨੋਦ ਕੁਮਾਰ
98721-97326

## ਕਹਾਣੀ

# ਹਨੇਰ ਢੋਂਦਾ ਚਾਨਣ





ਰਣਦੀਪ ਕੌਰ ਪੰਧੇਰ
95308-30788

*ਤੇਰੀ ਤਾਈ ਦਾਖ਼ਲ ਸੀ ਹਸਪਤਾਲ ਵਿਚ। ਮੈਂ ਗੈਰੀ ਨੂੰ ਫੋਨ ਕੀਤਾ ਕਿ ਪੈਸੇ ਭੇਜ ਦੇਵੇ ਤਾਂ ਕਹਿੰਦਾ, 'ਤੁਸੀਂ ਤਾਂ ਛਿੱਕ ਆਈ 'ਤੇ ਵੀ ਹਸਪਤਾਲ ਨੂੰ ਭੱਜ ਲੈਂਦੇ ਹੋ। ਪਤਾ ਹੈ ਇੱਥੇ ਪੈਸਾ ਬਣਦਾ ਕਿਵੇਂ ਹੈ'। ਤਾਂ ਮੈਥੋਂ ਗੁੱਸੇ ਵਿਚ ਕਿਹਾ ਗਿਆ 'ਮੈਂ ਕਿਹੜਾ ਕਦੇ ਕੰਮ ਕੀਤਾ ਜੋ ਮੈਨੂੰ ਪਤਾ ਹੋਵੇ ਤਾਂ ਅੱਗਿਉਂ ਕਹਿੰਦਾ', 'ਆਹੋ ਪਹਿਲਾਂ ਤਾਂ ਭਰਾਵਾਂ ਖ਼ਾਤਰ ਮਰਦਾ ਰਿਹਾ ਤੇ ਹੁਣ ਤੈਥੋਂ ਤੇਰੀਆਂ ਧੀਆਂ ਨੀ ਲੋਟ ਆਉਂਦੀਆਂ। ਤੂੰ ਤਾਂ ਸਾਰੀ ਉਮਰ ਲੋਕਾਂ ਲਈ ਹੀ ਕੰਮ ਕਰਦਾ ਰਿਹਾ...*

ਐਤਵਾਰ ਨੂੰ ਸ਼ਾਮ ਦਾ ਵੇਲਾ ਸੀ, ਘੁਸਮੁਸਾ ਜਿਹਾ। ਮੈਂ ਰਸੋਈ ਵਿਚ ਖੜ੍ਹੀ ਸਬਜ਼ੀ ਬਣਾ ਰਹੀ ਸੀ ਕਿ ਬਾਹਰੋਂ ਆਵਾਜ਼ ਆਈ "ਰੱਤੀ ਤੇਰਾ ਤਾਇਆ ਕਰਮਾ ਮਿਲਿਆ ਸੀ ਮੈਨੂੰ ਕਹਿੰਦਾ ਸੀ ਮੇਰੀ ਗੱਡੀ ਟੈਕਸੀ ਸਟੈਂਡ 'ਤੇ ਲਵਾ ਦੇਵੀਂ" ਬਹੁਤ ਕਮਜ਼ੋਰ ਹੋਇਆ ਪਿਆ ਪਹਿਲਾਂ ਨਾਲੋਂ"। ਦਮਨ ਨੇ ਟੂਟੀ 'ਤੇ ਹੱਥ ਪੈਰ ਧੋਂਦਿਆਂ ਕਿਹਾ। ਸੁਣਕੇ ਇਕ ਦਮ ਮੈਂ ਅਚੰਭਿਤ ਹੋ ਗਈ। ਮੈਨੂੰ ਲੱਗਿਆ ਕਿ ਮੈਂ ਕੁਝ ਗ਼ਲਤ ਸੁਣਿਆ ਏ 'ਤੁਸੀਂ ਕੀ ਦੀ ਗੱਲ ਕਰ ਰਹੇ ਹੋ ਦਮਨ'। 'ਰਵਦੀਪ ਕੁਰੇ ਤੇਰਾ ਤਾਇਆ ਕਰਮਾ ਸਿੱਧਪੁਰ ਵਾਲਾ ਉਹੀ ਮਿਲਿਆ ਸੀ ਮੈਨੂੰ, ਉਸੇ ਦੀ ਗੱਲ ਕਰਦਾ ਮੈਂ'। ਦਮਨ ਕਦੇ ਕਦੇ ਮੈਨੂੰ ਪਿਆਰ ਨਾਲ ਰੱਤੀ ਨਹੀਂ ਰਵਦੀਪ ਕੌਰ ਵੀ ਕਹਿ ਦਿੰਦੇ ਹਨ। ਮੈਂ ਹੋਰ ਵੀ ਹੈਰਾਨ ਹੋ ਗਈ। ਤਾਏ ਕਰਮੇ ਦਾ ਚਿਹਰਾ ਮੇਰੀਆਂ ਅੱਖਾਂ ਅੱਗੇ ਘੁੰਮਣ ਲੱਗਾ। ਅਸਲ ਵਿਚ ਤਾਇਆ ਕਰਮਾ ਮੇਰੇ ਪਿਓ ਦੀ ਮਾਸੀ ਦਾ ਵੱਡਾ ਮੁੰਡਾ ਸੀ। ਮੇਰੀ ਬੇਬੇ ਹੋਰੀਂ ਦੋਵੇਂ ਭੈਣਾਂ ਇੱਕੋ ਪਿੰਡ ਸ਼ੇਰਗੜ੍ਹ ਵਿਚ ਵਿਆਹੀਆਂ ਹੋਈਆਂ ਸਨ, ਇਕ ਮੇਰੇ ਬਾਪੂ ਨਾਲ ਨਸੀਬ ਕੌਰ ਮੇਰੀ ਬੇਬੇ ਤੇ ਦੂਜੀ ਮਾਸੀ ਗੁਲਜਾਰੋ ਗਿੱਲਾਂ ਦੇ ਲਾਣੇ ਵਿਚ ਵਿਆਹੀ ਸੀ। ਅਸਲ ਵਿਚ ਮਾਸੀ ਦਾ ਨਾਂ ਤਾਂ ਪੱਕਾ ਮੈਨੂੰ ਵੀ ਨਹੀਂ ਯਾਦ ਪਰ ਡੈਡੀ ਜੀ ਦੇ ਮਾਸੜ ਜੀ ਦਾ ਨਾਂ ਗੁਲਜ਼ਾਰ ਸੀ ਤੇ ਅਸੀਂ ਸਾਰੇ ਮਾਸੀ ਨੂੰ ਗੁਲਜਾਰੋ ਹੀ ਕਹਿੰਦੇ ਸਾਂ। ਗੁਲਜਾਰੋ ਮਾਸੀ ਦੇ ਤਿੰਨ ਪੁੱਤਾਂ ਤੇ ਦੋ ਧੀਆਂ ਵਿਚ ਸਭ ਤੋਂ ਵੱਡਾ ਸੀ ਤਾਇਆ ਕਰਮਾਂ।

ਮੇਰੇ ਪਿਓ ਤੋਂ ਲਗਪਗ ਅੱਠ ਨੌਂ ਸਾਲ ਵਡੇਰਾ ਸੀ । ਪਹਿਲਾਂ ਅਸੀਂ ਸਾਰੇ ਇੱਕੋ ਪਿੰਡ ਵਿਚ ਰਹਿੰਦੇ ਸੀ ਸ਼ੇਰਗੜ੍ਹ ਪਰ ਫੇਰ ਗੁਲਜ਼ਾਰ ਮਾਸੜ ਹੋਰੀ ਹੋਰ ਜ਼ਮੀਨ ਖ਼ਰੀਦ ਲਈ ਸਿੱਧਪੁਰ ਤੇ ਹੌਲੀ ਹੌਲੀ ਉੱਥੇ ਹੀ ਵੱਸ ਗਏ। ਉਂਜ ਪਿੰਡ ਹਰ ਹਫ਼ਤੇ ਦਿਨ ਤਿਉਹਾਰ 'ਤੇ ਗੇੜਾ ਮਾਰਦੇ ਹੀ ਰਹਿੰਦੇ। ਗੁਲਜਾਰੋ ਮਾਸੀ ਦੇ ਦੋਵੇਂ ਛੋਟੇ ਪੁੱਤ ਸਰਕਾਰੀ ਨੌਕਰੀ ਕਰਦੇ ਸਨ। ਇਕ ਫ਼ੌਜੀ ਸੀ ਅਤੇ ਦੂਜਾ ਬੈਂਕ ਵਿਚ ਨੌਕਰੀ ਕਰਦਾ ਸੀ ਖੇਤੀ ਬੱਸ ਤਾਇਆ ਕਰਮਾ ਹੀ ਕਰਦਾ ਸੀ। ਮੈਂ ਸੱਤਵੀਂ ਵਿਚ ਪੜ੍ਹਦੀ ਸੀ ਜਦੋਂ ਤਾਏ ਹੋਰੀਂ ਪਿੰਡ ਛੱਡਿਆ। ਪਹਿਲਾਂ ਰੋਜ਼ ਹੀ ਜਾਂ ਤਾਂ ਬੀਬੀ ਪਹੁੰਚ ਜਾਂਦੀ ਸਾਨੂੰ ਨਾਲ ਲੈ ਕੇ ਗੁਲਜਾਰੋ ਮਾਸੀ ਦੇ ਘਰ ਤੇ ਜਾਂ ਫਿਰ ਮਾਸੀ ਆ ਜਾਂਦੀ ਆਪਣੇ ਪੋਤੇ-ਪੋਤੀਆਂ ਲੈ ਕੇ। ਫਿਰ ਉਦੋਂ ਹੀ ਬੇਬੇ ਮਰ ਗਈ ਅਤੇ ਮਾਸੀ ਹੋਰਾਂ ਨੇ ਵੀ ਪਿੰਡ ਛੱਡ ਦਿੱਤਾ ਰੋਜ਼ ਨਾ ਮਿਲ ਹੁੰਦਾ ਤਾਏ ਹੋਰਾਂ ਨੂੰ ਪਰ ਤਾਇਆ ਪਿੰਡ ਗੇੜਾ ਜ਼ਰੂਰ ਮਾਰਦਾ ਰਹਿੰਦਾ, ਬਹੁਤ ਹਿੰਮਤ ਵਾਲਾ ਅਤੇ ਤਕੜੇ ਸਰੀਰ ਵਾਲਾ ਸੀ ਉਹ। ਹਰ ਵੇਲੇ ਹੱਸੂ ਹੱਸੂ ਕਰਦਾ ਰਹਿੰਦਾ ਪਰ ਜਦੋਂ ਮਾਸੀ ਮਰੀ ਤਾਂ ਮੈਂ ਪਹਿਲੀ ਵਾਰ ਦੋ ਧੀਆਂ ਤੇ ਇਕ ਪੁੱਤ ਦੇ ਬਾਪ ਤਾਏ ਨੂੰ ਫੁੱਟ-ਫੁੱਟ ਕੇ ਰੋਂਦੇ ਵੇਖਿਆ। ਮਾਂ ਤਾਂ ਮਾਂ ਹੁੰਦੀ ਏ ਧੀਏ। ਤਾਏ ਨੂੰ ਰੋਂਦੇ ਵੇਖ ਬੀਬੀ ਨੇ ਕਿਹਾ ਸੀ ਮੈਨੂੰ, ਉਦੋਂ ਦਸਵੀਂ 'ਚ ਹੋਣੀ ਮੈਂ ।

ਮਾਸੜ ਤਾਂ ਪਹਿਲਾਂ ਹੀ ਮਰ ਚੁੱਕਿਆ ਸੀ, ਮੈਂ ਸੁਣਿਆ ਸੀ ਕਿ ਉਦੋਂ ਤਾਇਆ ਚੌਦਾਂ ਪੰਦਰਾਂ ਕੁ ਸਾਲਾਂ ਦਾ ਸੀ ਤੇ ਬਾਕੀ ਨਿਆਣੇ ਛੋਟੇ ਸਨ ਮਾਸੀ ਦੇ, ਜਦ ਇਕ ਰਾਤ ਮਾਸੜ ਮਰ ਗਿਆ। ਕੋਈ ਕਹਿੰਦਾ ਬਹੁਤੀ ਸ਼ਰਾਬ ਦੀ ਆਦਤ ਨੇ ਗੁਰਦੇ ਖ਼ਰਾਬ ਕਰ ਦਿੱਤੇ ਤੇ ਕੋਈ ਕਹਿੰਦਾ ਕਿ ਕੋਈ ਬਿਮਾਰੀ ਸੀ ਉਹਨੂੰ ਪਰ ਮਾਸੜ ਮਰ ਗਿਆ ਤੇ ਸਾਰੀਆਂ ਜ਼ਿੰਮੇਵਾਰੀਆਂ ਤਾਏ ਕਰਮੇ 'ਤੇ ਆ ਪਈਆਂ। ਤਾਏ ਨੇ ਆਪਣੀਆਂ ਭੈਣਾਂ ਦੇ ਵਿਆਹ ਕੀਤੇ। ਜ਼ਮੀਨ ਦਾ ਕਰਜ਼ਾ ਲਾਹਿਆ। ਭਾਈਆਂ ਨੂੰ ਪੜ੍ਹਾਇਆ ਤੇ ਕੰਮਾਂ-ਕਾਰਾਂ 'ਤੇ ਲਗਵਾਇਆ।

ਹੁਣ ਸਿੱਧਪੁਰ ਵਾਲੇ ਤਾਇਆ ਕਰਮਾ ਤੇ ਦੋਨੇ ਛੋਟੇ ਭਰਾ ਆਪੋ ਆਪਣੇ ਘਰੀਂ ਵਸਦੇ ਸੀ । ਤਾਏ ਦੀ ਵੱਡੀ ਧੀ ਭੋਲੀ ਮੇਰੀ ਪੱਕੀ ਸਹੇਲੀ ਸੀ। ਤਾਇਆ ਬਹੁਤ ਪਿਆਰ ਕਰਦਾ ਸੀ ਸਾਰੇ ਬੱਚਿਆਂ ਨੂੰ ਪਰ ਤਾਈ ਦਾ ਸੁਭਾਅ ਕੁਝ ਕੁ ਕੁਰੱਖ਼ਤ ਸੀ। ਉਹ ਹਰ ਵੇਲੇ ਕਹਿੰਦੀ ਰਹਿੰਦੀ, 'ਸਾਰੀ ਉਮਰ ਭਰਾਵਾਂ ਦਾ ਹੀ ਬਣਿਆ ਰਿਹਾ, ਲੁੱਟ ਕੇ ਖਾ ਗਏ ਤੈਨੂੰ ਵੱਡੇ ਦਾਨੀ ਨੂੰ ਜਾਂ ਤਾਂ ਸਾਨੂੰ ਕਿਸੇ ਗੁਰਦੁਆਰੇ ਛੱਡ ਆ। ਮੈਂ ਆਪਣੇ ਜੁਆਕਾਂ ਨੂੰ ਤਾਂ ਰੱਜ ਨਾਲ ਪਾਲ ਲੂੰ' ਪਰ ਤਾਇਆ ਹੱਸ ਕੇ ਕਹਿ ਦਿੰਦਾ, 'ਮਲਕੀਤ ਕੁਰੇ! ਤੇਰਾ ਪਿੰਡ ਸੰਤੇ ਮਾਜਰਾ ਏ, ਨਾ ਤਾਂ ਤੇਰਾ ਹੀ ਹੁਣ ਸੰਤਣੀ ਬਣਨ ਨੂੰ ਜੀਅ ਕਰਦਾ ਏ'। ਤਾਈ ਖਿੱਝਕੇ ਰਹਿ ਜਾਂਦੀ, 'ਵੇ ਤੂੰ ਵੇਖ ਲਈ ਮੇਰੀ ਗੱਲ ਪਰਖ਼ ਕੇ ਜੇ ਨਾ ਤੂੰ ਸਾਰੀ ਉਮਰ ਹਨੇਰਾ ਢੋਂਦੇ ਫਿਰਿਆ'। ਕੋਈ ਨਾ ਭਾਗਵਾਨੇ ਕਿਸੇ ਦੇ ਕਰਮਾਂ ਦੀ ਕੋਈ ਨਹੀਂ ਖਾਂਦਾ ਤਾਇਆ ਕਹਿ ਦਿੰਦਾ 'ਬੰਦਾ ਚਾਹੇ ਤਾਂ ਹਥੇਲੀ 'ਤੇ ਸੂਰਜ ਪੈਦਾ ਕਰ ਲਵੇ, ਐਡੀ ਕਿਹੜੀ ਗੱਲ ਐਂ'। ਪਰ ਸੱਚੀ ਤਾਏ ਦੀ ਖੇਤੀ ਵਿਚ ਤਾਂ ਹਨੇਰ ਈ ਪਿਆ ਰਿਹਾ। ਜਦੋਂ ਘਰ ਦੀ ਵੰਡ ਹੋਈ ਸੀ ਉਦੋਂ ਵੀ ਸਭ ਤੋਂ ਵੱਧ ਕਰਜ਼ਾ ਤਾਏ ਸਿਰ ਹੀ ਆਇਆ ਸੀ ਤਾਂ ਤਾਈ ਬਹੁਤ ਕਲਪੀ ਕਿ ਤੂੰ ਇਨ੍ਹਾਂ 'ਤੇ ਹੀ ਪੈਸੇ ਲਾਉਂਦਾ ਰਿਹਾਂ ਏਂ ਕਿ ਮੇਰੇ ਭਰਾ ਕਿਤੇ ਸੈੱਟ ਹੋ ਜਾਣ ਪਰ ਸਰਕਾਰੀ ਨੌਕਰ ਦੋਵੇਂ ਭਰਾਵਾਂ ਨੇ ਕਿਹਾ ਕਿ 'ਸਾਡੇ ਲਈ ਪੰਜ ਲਿਆਕੇ ਪੰਜਾਹ ਲਿਖਦਾ ਸੀ, ਕਰੇ ਹਿਸਾਬ ਸਾਡੇ ਨਾਲ ਬਹਿਕੇ', ਪਰ ਤਾਇਆ ਕੁਝ ਨਾ ਬੋਲਿਆ ਅਖੇ ਘਰ ਦੇ ਭੇਤ ਬਾਹਰਲੇ ਲੋਕਾਂ ਨੂੰ ਕਿਉਂ ਦੱਸਾਂ। ਮੈਂ ਬਾਪੂ ਤੋਂ ਬਾਅਦ ਇੰਨੇ ਸਾਲਾਂ ਦੀ ਰੱਖੀ-ਰਖਾਈ ਪੰਚਾਇਤਾਂ ਵਿਚ ਰੋਲ ਦਾ ਫਿਰਾਂ। ਕਰਜ਼ੇ 'ਤੇ ਦੁੱਗਣੇ ਵਿਆਜ ਵਾਂਗ ਮਿਲੀ ਸੀ ਤਾਏ ਨੂੰ ਵੰਡ ਵਿਚ ਮਾਸੀ ਗੁਲਜਾਰੋ। ਪਰ ਤਾਏ ਨੇ ਕਦੀ ਵੀ ਹਿੰਮਤ ਨਹੀਂ ਹਾਰੀ ਸੀ। ਮੈਂ ਤਾਏ ਨੂੰ ਬੱਸ ਇਕ ਵਾਰ ਹੀ ਰੋਂਦੇ ਵੇਖਿਆ ਸੀ, ਮਾਸੀ ਗੁਲਜਾਰੋ ਦੀ ਮੌਤ 'ਤੇ। ਫਿਰ ਤਾਇਆ ਖੇਤੀ ਵਿਚ ਜੁੱਟ ਗਿਆ ਪਰ ਕਦੇ ਨਕਲੀ ਦਵਾਈ ਕਾਰਨ ਸਾਰੀ ਫ਼ਸਲ ਖ਼ਰਾਬ ਹੋ ਜਾਂਦੀ ਤੇ ਕਦੇ ਹੜ੍ਹ ਤੇ ਸੋਕੇ ਕਾਰਨ। ਕਣਕ ਅਤੇ ਝੋਨੇ ਦੇ ਫ਼ਸਲੀ ਚੱਕਰ ਨੇ ਵੀ ਬਹੁਤ ਮੰਦਾ ਹਾਲ ਕੀਤਾ ਪੰਜਾਬ ਦੀ ਕਿਸਾਨੀ ਦਾ ਤੇ ਧਰਤੀ ਹੇਠਲੇ ਪਾਣੀ ਦੇ ਪੱਧਰ ਦਾ ਵੀ। ਹਰ ਸਾਲ ਪਾਣੀ ਨੀਵਾਂ ਹੁੰਦਾ ਜਾਂਦਾ ਤੇ ਸਾਰੇ ਜੱਟਾਂ ਵਾਂਗ ਤਾਇਆ ਹੋਰ ਡੂੰਘਾ ਬੋਰ ਕਰਵਾਉਂਦਾ ਉਹਦਾ ਕਰਜ਼ਾ ਵਧਦਾ ਹੀ ਗਿਆ। ਤਾਏ ਦੀ ਇਹ ਹਾਲਤ ਦੇਖਕੇ ਇਕ ਵੇਰ ਬਾਪੂ ਨੇ ਕਿਹਾ ਸੀ 'ਬਾਈ ਤੋਂ ਸ਼ਹਿਰ ਵਿਚ ਕਿਤੇ ਕੋਈ ਦੁਕਾਨਦਾਰੀ ਜਾਂ ਹੋਰ ਕੰਮ ਧੰਦਾ ਈ ਕਰ ਲੈ, ਖੇਤੀ ਵਿਚ ਅੱਜ ਕੱਲ੍ਹ ਕੁਝ ਨਹੀਂ ਬਚਦਾ'।

'ਲੈ ਧਰਮੀਆ ਆਪਾਂ ਕਿਤੇ ਸਾਰੀ ਉਮਰ ਹਨੇਰ ਇਹ ਢੋਈ ਜਾਣਾ, ਹੋ ਗਿਆ ਮੇਰਾ ਪੁੱਤ ਜਵਾਨ ਹੁਣ ਇਹ ਕਮਾਊ। ਮੈਂ ਤਾਂ ਧੀਆਂ ਵਿਆਹ ਕੇ ਵਿਹਲਾ ਹੋ ਜਾਣਾ। ਨਾਲੇ ਜ਼ਮੀਨ ਤਾਂ ਜੱਟ ਦੀ ਮਾਂ ਹੁੰਦੀ ਐ। ਖੇਤੀ ਛੱਡਕੇ ਜੱਟ ਕਾਹਦੇ ਜੋਗਾ, ਫਿਰ ਭੋਲੀ ਦਾ ਵੀ ਵਿਆਹ ਕਰ ਦਿੱਤਾ ਤਾਏ ਨੇ। ਮੈਂ ਉਦੋਂ ਗ੍ਰੈਜੂਏਸ਼ਨ ਕਰ ਰਹੀ ਸੀ। ਉਹਦਾ ਘਰ ਵਾਲਾ ਦੋਧੀ ਸੀ। ਜ਼ਮੀਨ ਜਾਇਦਾਦ ਪੱਖੋਂ ਮੱਧ ਵਰਗੀ ਪਰਿਵਾਰ ਹੀ ਸੀ। ਪੈਸੇ ਦੀ ਤੰਗੀ ਕਾਰਨ ਕਾਲਜ ਨਾ ਪੜ੍ਹ ਸਕਿਆ ਤਾਇਆ ਭੋਲੀ ਨੂੰ ਤੇ ਇਸ ਗੱਲ ਦਾ ਸ਼ਿਕਵਾ ਹਮੇਸ਼ਾਂ ਉਹਦੇ ਮਨ ਵਿਚ ਰਿਹਾ। ਜਦ ਵੀ ਮੈਨੂੰ ਮਿਲਦਾ ਤਾਂ ਕਹਿੰਦਾ 'ਪੜ੍ਹਦੀ ਤਾਂ ਮੇਰੀ ਭੋਲੀ ਵੀ ਬਹੁਤ ਸੀ, ਰੱਤੀ ਪੁੱਤ ਪਰ ਸਾਡੀਆਂ ਕਬੀਲਦਾਰੀਆਂ ਮਾਰ ਗਈਆਂ ਮੈਨੂੰ। ਚੱਲ ਹੁਣ ਸੁੱਖ ਨਾਲ ਆਪਣੇ ਘਰੀਂ ਚੰਗੀ ਵੱਸਦੀ ਹੈ ਕੁੜੀ'। ਉਨ੍ਹੇ ਕਿਹੜਾ ਸਾਡੇ ਵਾਂਗ ਸਾਰੀ ਉਮਰ ਹਨੇਰ ਈ ਢੋਣਾ। ਬਹੁਤ ਲੈਕ ਤੇ ਮਿਹਨਤੀ ਮੁੰਡਾ ਏ ਮੇਰਾ ਜਵਾਈ।

ਫਿਰ ਤਾਏ ਨੇ ਗੈਰੀ ਵੀਰ ਨੂੰ ਬਾਹਰ ਭੇਜ ਦਿੱਤਾ। ਪੜ੍ਹਾਈ ਕਰਨ ਲਈ। ਪੜ੍ਹਾਈ ਵਿਚ ਹੁਸ਼ਿਆਰ ਗੈਰੀ ਨੂੰ ਝੱਟ ਕੈਨੇਡਾ ਦਾ ਵੀਜ਼ਾ ਮਿਲ ਗਿਆ। ਸਭ ਬਹੁਤ ਖ਼ੁਸ਼ ਸਨ, ਜਿਸ ਦਿਨ ਉਹ ਬਾਹਰ ਗਿਆ। ਸਾਰੇ ਰਿਸ਼ਤੇਦਾਰ ਉਹਨੂੰ ਮਿਲਣ ਲਈ ਘਰ ਆਏ ਹੋਏ ਸਨ ਤੇ ਕਹਿ ਰਹੇ ਸਨ, 'ਸੱਚੀਂ ਕਰਮੇ ਨੇ ਤਾਂ ਹਥੇਲੀ ਤੇ ਸੂਰਜ ਉਗਾ ਲਿਆ। ਹੁਣ ਚੱਕਿਆ ਜਾਊ ਇਹਦੀ ਗ਼ਰੀਬੀ ਦਾ ਹਨੇਰ।

ਪੜ੍ਹਾਈ ਪੂਰੀ ਹੋਣ ਤੋਂ ਬਾਅਦ ਮੈਨੂੰ ਇਕ ਟੀਵੀ ਚੈਨਲ ਵਿਚ ਨੌਕਰੀ ਮਿਲ ਗਈ, ਚੰਡੀਗੜ੍ਹ। ਘਰ ਵਾਲਿਆਂ ਨੇ ਚੰਡੀਗੜ੍ਹ ਦਾ ਹੀ ਮੁੰਡਾ ਲੱਭਿਆ ਮੇਰੇ ਲਈ ਤਾਂ ਕਿ ਕੰਮ-ਕਾਰ 'ਚ ਔਖਾ ਨਾ ਹੋਵੇ ਮੈਨੂੰ। ਦਮਨ ਦਾ ਆਪਣਾ ਟਰਾਂਸਪੋਰਟ ਦਾ ਬਿਜ਼ਨੈੱਸ ਸੀ। ਮੇਰੇ ਵਿਆਹ 'ਤੇ ਤਾਇਆ ਕਰਮਾ ਆਇਆ ਤਾਂ ਬਹੁਤ ਖ਼ੁਸ਼ ਸੀ, 'ਅਖੇ ਆਪਣਾ ਗੈਰੀ ਪੱਕਾ ਹੋ ਗਿਆ ਕੈਨੇਡਾ ਤੇ ਛੋਟੀ ਕੁੜੀ ਵੀ ਮੰਗ ਦਿੱਤੀ ਸੰਗਰੂਰ। ਭੋਲੀ ਵੀ ਆਈ ਆਪਣੇ ਪਤੀ ਤੇ ਦੋਵੇਂ ਬੱਚਿਆਂ ਨਾਲ ਗੁਗਲੂ-ਮੁਗਲੂ ਜਿਹੇ ਭੋਲੀ ਵਰਗੇ ਹੀ ਸੋਹਣੇ ਤੇ ਸਾਊ ਧੀ-ਪੁੱਤ। ਮੇਰੇ ਵਿਆਹ ਤੋਂ ਹਫ਼ਤੇ ਬਾਅਦ ਹੀ ਇਕ ਦਿਨ ਭਾਬੀ ਦਾ ਫੋਨ ਆਇਆ ਮੈਨੂੰ। ਸਵੇਰ ਦਾ ਵੇਲਾ ਸੀ। ਕਹਿਰ ਹੋ ਗਿਆ ਰੱਤੀ! ਭੋਲੀ ਦੇ ਘਰ ਵਾਲਾ ਪੂਰਾ ਹੋ ਗਿਆ। ਕਹਿੰਦੇ ਦੁੱਧ ਪਾ ਕੇ ਆ ਰਿਹਾ ਸੀ ਟਰੱਕ ਵਾਲਾ ਫੇਟ ਮਾਰ ਗਿਆ। ਥਾਈਂ ਪੂਰਾ ਹੋ ਗਿਆ ਵਿਚਾਰਾ। ਸੁਣਕੇ ਮੇਰੇ ਹੱਥ ਵਿੱਚੋਂ ਫੋਨ ਛੁੱਟ ਗਿਆ, ਹਫ਼ਤਾ ਪਹਿਲਾਂ ਹੀ ਨਵੇਂ ਨਕੋਰ ਕੱਪੜਿਆਂ ਵਿਚ ਸਜੀ ਭੋਲੀ ਦਾ ਚਿਹਰਾ ਮੇਰੀਆਂ ਅੱਖਾਂ ਅੱਗੇ ਘੁੰਮ ਗਿਆ। ਭੋਲੀ ਦਾ ਘਰ ਵਾਲਾ ਇਕੱਲਾ ਪੁੱਤ ਸੀ ਮਾਪਿਆਂ ਦਾ। ਪਿਓ ਤਾਂ ਬਚਪਨ ਵਿਚ ਹੀ ਮਰ ਗਿਆ ਸੀ ਉਹਦਾ। ਉਨ੍ਹਾਂ ਨੇ ਤਾਏ ਨੂੰ ਸਲਾਹ ਦਿੱਤੀ ਕਿ ਭੋਲੀ ਦਾ ਦੁਬਾਰਾ ਵਿਆਹ ਕਰ ਦੇਵੇ ਪਰ ਭੋਲੀ ਨੇ ਸਾਫ਼ ਇਨਕਾਰ ਕਰ ਦਿੱਤਾ ਕਿ ਮੈਂ ਦੁਬਾਰਾ ਵਿਆਹ ਨਹੀਂ ਕਰਾਉਣਾ । ਤਾਏ ਕਰਮੇ 'ਤੇ ਧੀ ਅਤੇ ਦੋਹਤੇ-ਦੋਹਤੀ ਦੀ ਜ਼ਿੰਮੇਵਾਰੀ ਪੈ ਗਈ ਪਰ ਤਾਇਆ ਸਾਰੇ ਫ਼ਰਜ਼ ਨਿਭਾਉਂਦਾ ਰਿਹਾ। ਕਦੇ ਮੱਥੇ ਵੱਟ ਨਹੀਂ ਪਾਇਆ। ਭੋਲੀ ਦੇ ਫੋਨ ਕਰਨ ਤੋਂ ਪਹਿਲਾਂ ਹੀ ਹਰ ਚੀਜ਼ ਹਾਜ਼ਰ ਕਰਦਾ ਉਹਦੇ ਬੱਚਿਆਂ ਲਈ। ਧੀ ਦੀ ਕਬੀਲਦਾਰੀ ਸਾਂਭਣ ਲਈ ਤਾਇਆ ਫਿਰ ਤੋਂ ਜਵਾਨ ਜਹਾਨ ਹੋ ਗਿਆ ਸੀ। ਫਿਰ ਜਦੋਂ ਛੋਟੀ ਧੀ ਵਿਆਹੀ ਤਾਏ ਨੇ ਤਾਂ ਗੈਰੀ ਬਾਹਰੋਂ ਪਤਨੀ ਨੂੰ ਨਾਲ ਲੈ ਕੇ ਹੀ ਆਇਆ। ਉਨ੍ਹੇ ਉਧਰ ਹੀ ਵਿਆਹ ਕਰਾ ਲਿਆ ਸੀ। ਤਾਏ ਨੂੰ ਬਿਨਾਂ ਦੱਸੇ ਪਰ ਤਾਇਆ ਫਿਰ ਵੀ ਖ਼ੁਸ਼ ਸੀ। ਚੱਲ ਕੋਈ ਨਾ ਪੁੱਤ ਜੱਟ ਦੇ ਘਰ ਤਾਂ ਜੋ ਵੀ ਆਊਗੀ ਜੱਟੀ ਹੀ ਬਣ ਜਾਣੀ ਹੈ, ਮੇਰੇ ਪੁੱਤ ਦੇ ਪੈਰ ਬੰਨੇ ਗਏ, ਬਾਹਰਲੇ ਮੁਲਕੀਂ। ਪਰ ਬਾਹਰ ਜਾ ਕੇ ਗੈਰੀ ਬਦਲ ਗਿਆ ਸੀ। ਹੁਣ ਉਹ ਫੋਨ ਵੀ ਘੱਟ ਵੱਧ ਹੀ ਕਰਦਾ। ਜੇ ਕਦੇ ਕਰਦਾ ਵੀ ਤਾਂ ਕਈ ਕਈ ਮਹੀਨਿਆਂ ਬਾਅਦ। ਤਾਇਆ ਉਸ ਦਾ ਫੋਨ ਉਡੀਕਦਾ ਰਹਿੰਦਾ। ਮੈਨੂੰ ਮਾਂ ਨੇ ਦੱਸਿਆ ਸੀ ਕਿ ਤੇਰੀ ਤਾਈ ਬਹੁਤ ਰੋਂਦੀ ਹੈ ਕਿ ਮਹੀਨੇ ਬਾਅਦ ਗੈਰੀ ਪੰਜ ਮਿੰਟ ਗੱਲ ਕਰਦਾ ਏ।

ਸੋਚਦੇ-ਸੋਚਦੇ ਕੁੱਕਰ ਦੀ ਸੀਟੀ ਵੱਜੀ ਤਾਂ ਮੇਰਾ ਸਾਰਾ ਧਿਆਨ ਹੱਟਿਆ ਇਨ੍ਹਾਂ ਗੱਲਾਂ ਤੋਂ। ਰੱਤੀ ਬਾਅਦ ਵਿਚ ਕਰ ਲਵੀਂ ਕੰਮ, ਤਾਇਆ ਜੀ ਆ ਗਏ। ਚਾਹ ਲੈ ਕੇ ਆ ਜਾ, ਇਕੱਠੇ ਚਾਹ ਪੀਂਦੇ ਪੀਂਦੇ ਗੱਲਾਂ ਕਰਦੇ ਆਂ। ਦਮਨ ਨੇ ਆਵਾਜ਼ ਮਾਰੀ। ਮੈਂ ਜਦੋਂ ਕਮਰੇ ਵਿਚ ਗਈ ਤਾਂ ਤਾਇਆ ਕਰਮਾ ਸੱਚੀ ਮੇਰੀ ਪਛਾਣ ਵਿਚ ਨਾ ਆਇਆ, ਕਿੰਨਾ ਕਮਜ਼ੋਰ ਹੋ ਗਿਆ ਸੀ ਉਹ। ਗੋਰਾ ਰੰਗ ਧੂੰਏਂ ਵਰਗਾ ਹੋ ਗਿਆ ਸੀ ਉਹਦਾ। ਮੈਨੂੰ ਘੁੱਟ ਕੇ ਜੱਫ਼ੀ ਪਾ ਕੇ ਮਿਲਿਆ ਤਾਇਆ ਕਰਮਾ ਅਤੇ ਬੱਚਿਆਂ ਲਈ ਲਿਆਂਦੇ ਸੇਬ ਕੇਲੇ ਮੈਨੂੰ ਫੜਾ ਦਿੱਤੇ। ਇਨ੍ਹਾਂ ਦੀ ਕੀ ਲੋੜ ਸੀ ਤਾਇਆ ਜੀ, ਮੈਂ ਤਾਈ ਅਤੇ ਘਰ ਪਰਿਵਾਰ ਦੀ ਸੁੱਖ ਸਾਂਦ ਪੁੱਛੀ। 'ਤੁਹਾਨੂੰ ਕੀ ਹੋ ਗਿਆ ਤਾਇਆ ਜੀ। ਬਿਲਕੁਲ ਈ ਹਾਰ ਗਏ, ਕਮਜ਼ੋਰ ਹੋ ਗਏ ਹੋ? ਹੁਣ ਤਾਂ ਗੈਰੀ ਵੀ ਸੁੱਖ ਨਾਲ ਡਾਲਰ ਕਮਾਉਂਦਾ ਹੈ ਫਿਰ ਵੀ ਕਿਸ ਚੱਕਰ 'ਚ ਪਏ ਹੋ। ਹੁਣ ਤਾਂ ਤੁਹਾਡੀ ਆਰਾਮ ਕਰਨ ਦੀ ਉਮਰ ਹੈ'।

'ਕੀ ਦੱਸਾਂ ਧੀਏ', ਤਾਏ ਨੇ ਚਾਹ ਦਾ ਗਲਾਸ ਫੜਦਿਆਂ ਕਿਹਾ। ਮੈਂ ਸਾਰੀ ਉਮਰ ਕਦੇ ਹਾਰ ਨਹੀਂ ਮੰਨੀ ਪਰ ਜਦੋਂ ਪੁੱਤ ਪਿਓ ਤੋਂ ਹਿਸਾਬ ਮੰਗਦੇ ਨੇ ਜ਼ਿੰਦਗੀ ਦੀ ਕਮਾਈ ਦਾ ਤਾਂ ਬੰਦਾ ਹਾਰ ਜਾਂਦਾ ਏ। ਤੇਰੀ ਤਾਈ ਦਾਖ਼ਲ ਸੀ ਹਸਪਤਾਲ ਵਿਚ। ਮੈਂ ਗੈਰੀ ਨੂੰ ਫੋਨ ਕੀਤਾ ਕਿ ਪੈਸੇ ਭੇਜ ਦੇਵੇ ਤਾਂ ਕਹਿੰਦਾ, 'ਤੁਸੀਂ ਤਾਂ ਛਿੱਕ ਆਈ 'ਤੇ ਵੀ ਹਸਪਤਾਲ ਨੂੰ ਭੱਜ ਲੈਂਦੇ ਹੋ ਪਤਾ ਹੈ ਇੱਥੇ ਪੈਸਾ ਬਣਦਾ ਕਿਵੇਂ ਹੈ' ਤਾਂ ਮੈਥੋਂ ਗੁੱਸੇ ਵਿਚ ਕਿਹਾ ਗਿਆ ਕਿ 'ਮੈਂ ਕਿਹੜਾ ਕਦੇ ਕੰਮ ਕੀਤਾ ਜੋ ਮੈਨੂੰ ਪਤਾ ਹੋਵੇ' ਤਾਂ ਅੱਗਿਉਂ ਕਹਿੰਦਾ, 'ਆਹੋ ਪਹਿਲਾਂ ਤਾਂ ਭਰਾਵਾਂ ਖ਼ਾਤਰ ਮਰਦਾ ਰਿਹਾ ਤੇ ਹੁਣ ਤੈਥੋਂ ਤੇਰੀਆਂ ਧੀਆਂ ਨੀ ਲੋਟ ਆਉਂਦੀਆਂ। ਤੂੰ ਤਾਂ ਸਾਰੀ ਉਮਰ ਲੋਕਾਂ ਲਈ ਹੀ ਕੰਮ ਕਰਦਾ ਰਿਹਾ।

'ਮੈਂ ਕੀ ਕਰਦਾ। ਰਿਸ਼ਖ਼ 'ਚ ਆ ਕੇ ਫੋਨ ਕੱਟ ਤਾ ਧੀਏ। 'ਮੈਂ ਹਾਲੇ ਹੈਗਾਂ ਇਹ ਆਪਣੀਆਂ ਧੀਆਂ ਅਤੇ ਆਪਣੇ ਆਪ ਜੋਗਾ। ਮੈਂ ਆਪੇ ਸਾਂਭ ਲੂ ਉਨ੍ਹਾਂ ਨੂੰ। ਬੰਦਾ ਚਾਹੇ ਤਾਂ ਹਥੇਲੀ 'ਤੇ ਸੂਰਜ ਉਗਾ ਲਵੇ, ਮੈਂ ਨੀ ਹਨੇਰ ਢੋਣ ਦਿੰਦਾ, ਆਪਣੀਆਂ ਧੀਆਂ ਨੂੰ'।

ਮੈਨੂੰ ਲੱਗਿਆ ਤਾਇਆ ਕਰਮਾ ਸੱਚੀਂ ਸਾਰੀ ਉਮਰ ਦੂਜਿਆਂ ਲਈ ਚਾਨਣ ਕਮਾਉਂਦਾ ਆਪ 'ਹਨੇਰਾ ਹੀ ਢੋਈ ਜਾ ਰਿਹਾ ਸੀ'। •

## ਪ੍ਰਾਪਤ ਪੁਸਤਕਾਂ

| | | | | |
|---|---|---|---|---|
| 1 | ਪੁਸਤਕ | : ਜਬੈ ਬਾਣ ਲਾਗਯੋ | | |
| | ਸੰਪਾਦਕ | : ਪ੍ਰੋ. ਬਲਵਿੰਦਰ ਪਾਲ ਸਿੰਘ | | |
| | ਪੰਨੇ | : 200 | ਮੁੱਲ | : 250/- |
| | ਪ੍ਰਕਾਸ਼ਕ | : ਗਿ. ਦਿੱਤ ਸਿੰਘ ਸਾਹਿਤ ਸਭਾ, ਜਲੰਧਰ। | | |
| 2 | ਪੁਸਤਕ | : ਦਿਨ ਢਲੇ | | |
| | ਲੇਖਕ | : ਮੁਖਤਾਰ ਗਿੱਲ | | |
| | ਪੰਨੇ | : 96 | ਮੁੱਲ | : ਦਰਜ ਨਹੀਂ |
| | ਪ੍ਰਕਾਸ਼ਕ | : ਮੇਘਲਾ ਪ੍ਰਕਾਸ਼ਨ, ਚੋਗਾਵਾਂ। | | |
| 3 | ਪੁਸਤਕ | : ਫਲੋਰੈਂਜਨੀ ਦੇ ਫੁੱਲ | | |
| | ਲੇਖਕ | : ਓਮ ਪ੍ਰਕਾਸ਼ ਗਾਸੋ | | |
| | ਪੰਨੇ | : 80 | ਮੁੱਲ | : 50/- |
| | ਪ੍ਰਕਾਸ਼ਕ | : ਮਿੱਤਰ ਮੰਡਲ ਪ੍ਰਕਾਸ਼ਨ, ਬਰਨਾਲਾ। | | |
| 4 | ਪੁਸਤਕ | : ਆਖੇਟ ਮਹੱਲ | | |
| | ਲੇਖਕ | : ਪ੍ਰਬੋਧ ਕੁਮਾਰ ਗੋਵਿਲ | | |
| | ਪੰਨੇ | : 168 | ਮੁੱਲ | : 250/- |
| | ਪ੍ਰਕਾਸ਼ਕ | : ਨਾਨਕ ਸਿੰਘ ਪੁਸਤਕ ਮਾਲਾ, ਅੰਮ੍ਰਿਤਸਰ। | | |

# ਹਰਿਆਣਾ ਵਿਧਾਨ ਸਭਾ ਦੇ ਬਜਟ ਸੈਸ਼ਨ ਦੇ ਪਹਿਲੇ ਦਿਨ ਉੱਘੀਆਂ ਸ਼ਖਸੀਅਤਾਂ ਅਤੇ ਬਹਾਦਰ ਸੈਨਿਕਾਂ ਨੂੰ ਦਿੱਤੀ ਸ਼ਰਧਾਂਜਲੀ

**ਚੰਡੀਗੜ੍ਹ, 23 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਵਿਧਾਨ ਸਭਾ ਦੇ ਬਜਟ ਸੈਸ਼ਨ ਦੇ ਪਹਿਲੇ ਦਿਨ, ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਉੱਘੀਆਂ ਸ਼ਖਸੀਅਤਾਂ, ਉਨ੍ਹਾਂ ਦੇ ਰਿਸ਼ਤੇਦਾਰਾਂ ਅਤੇ ਬਹਾਦਰ ਸੈਨਿਕਾਂ ਦੇ ਦੇਹਾਂਤ 'ਤੇ ਡੂੰਘੀ ਸੰਵੇਦਨਾ ਪ੍ਰਗਟ ਕੀਤੀ। ਉਨ੍ਹਾਂ ਨੇ ਸੋਗ ਮਨਾਉਣ ਵਾਲੇ ਪਰਿਵਾਰਾਂ ਪ੍ਰਤੀ ਆਪਣੀ ਦਿਲੀ ਸੰਵੇਦਨਾ ਪ੍ਰਗਟ ਕੀਤੀ। ਵਿਰੋਧੀ ਧਿਰ ਸਮੇਤ ਸਾਰੇ ਮੈਂਬਰਾਂ ਨੇ ਸ਼ੋਕ ਪ੍ਰਸਤਾਵ ਦਾ ਸਮਰਥਨ ਕੀਤਾ।

ਸਦਨ ਵਿੱਚ ਮਹਾਰਾਸ਼ਟਰ ਦੇ ਉਪ ਮੁੱਖ ਮੰਤਰੀ ਸ੍ਰੀ ਅਜੀਤ ਪਵਾਰ, ਸਾਬਕਾ ਰਾਜ ਮੰਤਰੀ ਸੁਰੇਂਦਰ ਕੁਮਾਰ ਮਦਨ ਅਤੇ ਹਰਿਆਣਾ ਵਿਧਾਨ ਸਭਾ ਦੇ ਸਾਬਕਾ ਮੈਂਬਰ ਆਨੰਦ ਕੌਸ਼ਿਕ ਦੇ ਦੁਖਦਾਈ ਦੇਹਾਂਤ 'ਤੇ ਸੰਵੇਦਨਾ ਪ੍ਰਗਟ ਕੀਤੀ।

ਹਰਿਆਣਾ ਵਿਧਾਨ ਸਭਾ ਦੇ ਸਪੀਕਰ ਸ੍ਰੀ ਹਰਵਿੰਦਰ ਕਲਿਆਣ ਨੇ ਵੀ ਵਿਛੜੀਆਂ ਰੂਹਾਂ ਨੂੰ ਸ਼ਰਧਾਂਜਲੀ ਭੇਟ ਕੀਤੀ। ਵਿਰੋਧੀ ਧਿਰ ਦੇ ਨੇਤਾ ਭੁਪਿੰਦਰ ਸਿੰਘ ਹੁੱਡਾ ਅਤੇ ਸ੍ਰੀ ਆਦਿੱਤਿਆ ਚੌਟਾਲਾ ਨੇ ਵੀ ਆਪਣੀਆਂ ਪਾਰਟੀਆਂ ਵੱਲੋਂ ਸੰਵੇਦਨਾ ਪ੍ਰਗਟ ਕੀਤੀ।

ਸਦਨ ਵਿੱਚ ਸੂਬੇ ਦੇ ਬਹਾਦਰ ਸੈਨਿਕਾਂ ਨੂੰ ਹੰਝੂਆਂ ਭਰੀ ਸ਼ਰਧਾਂਜਲੀ ਭੇਟ ਕੀਤੀ, ਜਿਨ੍ਹਾਂ ਨੇ ਮਾਤ ਭੂਮੀ ਦੀ ਏਕਤਾ ਅਤੇ ਅਖੰਡਤਾ ਦੀ ਰੱਖਿਆ ਲਈ ਅਦੁੱਤੀ ਹਿੰਮਤ ਅਤੇ ਬਹਾਦਰੀ ਦਾ ਪ੍ਰਦਰਸ਼ਨ ਕਰਦੇ ਹੋਏ ਆਪਣੀਆਂ ਜਾਨਾਂ ਕੁਰਬਾਨ ਕਰ ਦਿੱਤੀਆਂ। ਇਨ੍ਹਾਂ ਬਹਾਦਰ ਸਿਪਾਹੀਆਂ ਵਿੱਚ ਸੂਬੇਦਾਰ ਹੀਰਾ ਲਾਲ (ਪਿੰਡ ਅਕਬਰਪੁਰ, ਜ਼ਿਲ੍ਹਾ ਮਹਿੰਦਰਗੜ੍ਹ), ਸੂਬੇਦਾਰ ਧਰਮਵੀਰ (ਪਿੰਡ ਬਿਰੋਹਦ, ਜ਼ਿਲ੍ਹਾ ਝੱਜਰ), ਸਬ-ਇੰਸਪੈਕਟਰ ਆਕਾਸ਼ ਚੌਧਰੀ (ਪਿੰਡ ਰੁਦੌਲ, ਜ਼ਿਲ੍ਹਾ ਚਰਖੀ ਦਾਦਰੀ), ਹੌਲਦਾਰ ਹਰਜਿੰਦਰ ਸਿੰਘ (ਪਿੰਡ ਮੰਗੋਲੀ ਰੰਗੀਦਾਨ), ਹਵਲਦਾਰ ਸਿੰਘ (ਪਿੰਡ ਮੰਗੋਲੀ, ਜ਼ਿਲ੍ਹਾ ਝੱਜਰ) ਸ਼ਾਮਲ ਹਨ। ਬਰਕੰਦਾ, ਜ਼ਿਲ੍ਹਾ ਮਹਿੰਦਰਗੜ੍ਹ), ਨਾਇਕ ਪ੍ਰਵੀਨ ਕੁਮਾਰ (ਪਿੰਡ ਸ਼ੇਰੀਆ, ਜ਼ਿਲ੍ਹਾ ਝੱਜਰ), ਨਾਇਕ ਦੀਪਕ ਗੋਇਤ (ਪਿੰਡ ਕਪਾਦਰੋ, ਜ਼ਿਲ੍ਹਾ ਹਾਂਸੀ), ਸਿਪਾਹੀ ਸੁਧੀਰ ਨਰਵਾਲ (ਪਿੰਡ ਸ਼ੇਰਪੁਰ, ਜ਼ਿਲ੍ਹਾ ਯਮੁਨਾਨਗਰ), ਸਿਪਾਹੀ ਜੋਗਿੰਦਰ (ਪਿੰਡ ਮਯਯਾਦ, ਜ਼ਿਲ੍ਹਾ ਹਿਸਾਰ), ਸਿਪਾਹੀ ਮੋਹਿਤਰੋਜ (ਜ਼ਿਲ੍ਹਾ ਝੱਜਰ), ਸਿਪਾਹੀ ਮੋਹਿਤਰੋਜ (ਜ਼ਿਲ੍ਹਾ ਝੱਜਰ)। (ਪਿੰਡ ਜਾਡਥਲ, ਜ਼ਿਲ੍ਹਾ ਰਿਵਾੜੀ), ਸਿਪਾਹੀ ਮਨੀਸ਼ ਕੁਮਾਰ (ਪਿੰਡ ਸੁਲੇਹਰਾ, ਜ਼ਿਲ੍ਹਾ ਜੀਂਦ) ਅਤੇ ਸਿਪਾਹੀ ਸੁਰਜੀਤ (ਪਿੰਡ ਢੁਕਦਾ, ਜ਼ਿਲ੍ਹਾ ਸਿਰਸਾ)।

ਇਸ ਤੋਂ ਇਲਾਵਾ, ਸਦਨ ਨੇ ਵਿਧਾਇਕ ਮਾਮਨ ਖਾਨ ਦੇ ਭਤੀਜੇ ਸਾਹਿਲ ਖਾਨ, ਵਿਧਾਇਕ ਰਾਮ ਕਰਨ ਦੇ ਭਰਾ ਕੇਸਰ ਸਿੰਘ ਅਤੇ ਵਿਧਾਇਕ ਸਰਦਾਰ ਮਨਦੀਪ ਚੱਠਾ ਦੀ ਮਾਤਾ ਸ਼੍ਰੀਮਤੀ ਨਿਰਮਲ ਦੀਪ ਚੱਠਾ ਦੇ ਦੇਹਾਂਤ 'ਤੇ ਡੂੰਘਾ ਸੋਗ ਪ੍ਰਗਟ ਕੀਤਾ।

ਸਦਨ ਨੇ ਸਾਰੀਆਂ ਵਿਛੜੀਆਂ ਰੂਹਾਂ ਦੀ ਯਾਦ ਵਿੱਚ ਦੋ ਮਿੰਟ ਦਾ ਮੌਨ ਰੱਖਿਆ ਅਤੇ ਉਨ੍ਹਾਂ ਨੂੰ ਸ਼ਰਧਾਂਜਲੀ ਭੇਟ ਕੀਤੀ।

# ਰਾਜਾ ਵੜਿੰਗ ਨੇ 2400 ਕਰੋੜ ਦਾ ਘੁਟਾਲਾ ਕੀਤਾ : ਨਵਜੋਤ ਕੌਰ ਸਿੱਧੂ

**ਚੰਡੀਗੜ੍ਹ, 23 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**



ਕਾਂਗਰਸ ਵਿਚੋਂ ਕੱਢੀ ਗਈ ਆਗੂ ਨਵਜੋਤ ਕੌਰ ਸਿੱਧੂ ਨੇ ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਖ਼ਿਲਾਫ਼ ਇੱਕ ਵਾਰ ਫਿਰ ਮੋਰਚਾ ਖੋਲ੍ਹ ਦਿੱਤਾ ਹੈ। ਸੋਸ਼ਲ ਮੀਡੀਆ 'ਤੇ ਇਕ ਪੋਸਟ ਸਾਂਝੀ ਕਰਦਿਆਂ ਉਨ੍ਹਾਂ ਇਲਜ਼ਾਮ ਲਾਇਆ ਕਿ ਰਾਜਾ ਵੜਿੰਗ ਨੇ ਜ਼ੀਰਕਪੁਰ ਵਿੱਚ 100 ਏਕੜ ਜ਼ਮੀਨ ਖਰੀਦੀ ਹੈ, ਜਿਸ ਵਿੱਚੋਂ 60 ਏਕੜ ਜ਼ਮੀਨ ਜਾਅਲੀ ਦਸਤਖਤਾਂ ਅਤੇ ਅੰਗੂਠੇ ਲਾ ਕੇ ਮਾਸੂਮ ਲੋਕਾਂ ਤੋਂ ਨਜਾਇਜ਼ ਢੰਗ ਨਾਲ ਖੋਹੀ ਗਈ ਹੈ। ਉਨ੍ਹਾਂ ਵੜਿੰਗ ਨੂੰ ਚੁਣੌਤੀ ਦਿੰਦਿਆਂ ਕਿਹਾ ਕਿ ਉਹ ਅਦਾਲਤ ਵਿੱਚ ਇਸ ਦਾ ਜਵਾਬ ਦੇਣ ਅਤੇ ਜੇਲ੍ਹ ਜਾਣ ਲਈ ਤਿਆਰ ਰਹਿਣ। ਉਨ੍ਹਾਂ ਇਹ ਵੀ ਦਾਅਵਾ ਕੀਤਾ ਕਿ ਰਾਜਸਥਾਨ ਦੇ ਸਾਬਕਾ ਪੰਜਾਬ ਕਾਂਗਰਸ ਇੰਚਾਰਜ ਨਾਲ ਮਿਲ ਕੇ 2400 ਕਰੋੜ ਰੁਪਏ ਦਾ ਘੁਟਾਲਾ ਕੀਤਾ ਗਿਆ ਹੈ।

ਨਵਜੋਤ ਕੌਰ ਸਿੱਧੂ ਨੇ ਲੁਧਿਆਣਾ ਤੋਂ ਸੰਸਦ ਮੈਂਬਰ ਰਾਜਾ ਵੜਿੰਗ 'ਤੇ ਨੌਜਵਾਨਾਂ ਤੋਂ ਪੈਸੇ ਲੈਣ ਦਾ ਵੀ ਦੋਸ਼ ਲਾਇਆ। ਉਨ੍ਹਾਂ ਕਿਹਾ ਕਿ ਕਾਂਗਰਸ ਨਾਲ ਜੁੜਨ ਵਾਲੇ ਨੌਜਵਾਨਾਂ ਤੋਂ 75 ਰੁਪਏ ਫੀਸ ਵਜੋਂ ਲਏ ਜਾ ਰਹੇ ਹਨ ਅਤੇ ਇਸ ਤਰ੍ਹਾਂ ਕਰੋੜਾਂ ਰੁਪਏ ਇਕੱਠੇ ਕੀਤੇ ਜਾ ਰਹੇ ਹਨ, ਜਦਕਿ ਨੌਜਵਾਨਾਂ ਨੂੰ ਰੁਜ਼ਗਾਰ ਦਿਵਾਉਣ ਲਈ ਕੁਝ ਨਹੀਂ ਕੀਤਾ ਜਾ ਰਿਹਾ। ਦੂਜੇ ਪਾਸੇ, ਰਾਜਾ ਵੜਿੰਗ ਨੇ ਇਨ੍ਹਾਂ ਸਾਰੇ ਦੋਸ਼ਾਂ ਨੂੰ ਸਿਰੇ ਤੋਂ ਨਕਾਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਉਹ ਉਸ ਬਾਰੇ ਕੋਈ ਟਿੱਪਣੀ ਨਹੀਂ ਕਰਨਾ ਚਾਹੁੰਦੇ ਜਿਸ ਦੀ ਮਾਨਸਿਕ ਹਾਲਤ ਠੀਕ ਨਹੀਂ ਹੈ। ਜ਼ਿਕਰਯੋਗ ਹੈ ਕਿ ਨਵਜੋਤ ਕੌਰ ਨੂੰ ਪਿਛਲੇ ਸਾਲ ਦਸੰਬਰ ਵਿੱਚ ਪਾਰਟੀ ਵਿੱਚੋਂ ਮੁਅੱਤਲ ਕੀਤਾ ਗਿਆ ਸੀ ਅਤੇ ਫਰਵਰੀ ਵਿੱਚ ਉਨ੍ਹਾਂ ਨੂੰ ਕਾਂਗਰਸ ਵਿੱਚੋਂ ਬਾਹਰ ਕੱਢ ਦਿੱਤਾ ਗਿਆ।

# ਵਿਕਸਤ ਹਰਿਆਣਾ ਦੇ ਦ੍ਰਿਸ਼ਟੀਕੋਣ ਨੂੰ ਸਾਕਾਰ ਕਰਨ ਵਿੱਚ ਯੁਵਾ ਸ਼ਕਤੀ ਮੋਹਰੀ ਭੂਮਿਕਾ ਨਿਭਾ ਰਹੀ ਹੈ: ਰਾਜਪਾਲ

**ਚੰਡੀਗੜ੍ਹ, 23 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**



ਹਰਿਆਣਾ ਦੇ ਰਾਜਪਾਲ ਪ੍ਰੋਫੈਸਰ ਅਸੀਮ ਕੁਮਾਰ ਘੋਸ਼ ਨੇ ਕਿਹਾ ਕਿ ਯੁਵਾ ਸ਼ਕਤੀ ਨਵਾਚਾਰ ਰਾਹੀਂ 'ਵਿਕਸਿਤ ਭਾਰਤ - ਵਿਕਸਿਤ ਹਰਿਆਣਾ' ਦੇ ਦ੍ਰਿਸ਼ਟੀਕੋਣ ਨੂੰ ਸਾਕਾਰ ਕਰਨ ਵਿੱਚ ਮੋਹਰੀ ਭੂਮਿਕਾ ਨਿਭਾ ਰਹੀ ਹੈ। ਹਰਿਆਣਾ ਸਰਕਾਰ ਨੇ ਨੌਜਵਾਨਾਂ ਲਈ ਸਿੱਖਿਆ, ਹੁਨਰ ਵਿਕਾਸ ਅਤੇ ਰੁਜ਼ਗਾਰ ਦੇ ਮੌਕਿਆਂ ਨੂੰ ਵੀ ਤਰਜੀਹ ਦਿੱਤੀ ਹੈ। ਪ੍ਰੋਫੈਸਰ ਅਸੀਮ ਕੁਮਾਰ ਘੋਸ਼ ਸ਼ੁੱਕਰਵਾਰ ਨੂੰ ਹਰਿਆਣਾ ਵਿਧਾਨ ਸਭਾ ਦੇ ਬਜਟ ਸੈਸ਼ਨ ਦੇ ਉਦਘਾਟਨ ਮੌਕੇ ਆਪਣਾ ਭਾਸ਼ਣ ਦੇ ਰਹੇ ਸਨ।ਪ੍ਰੋਫੈਸਰ ਅਸੀਮ ਕੁਮਾਰ ਘੋਸ਼ ਨੇ ਯੁਵਾ ਸ਼ਕਤੀ ਨੂੰ ਹਰਿਆਣਾ ਦਾ ਭਵਿੱਖ ਦੱਸਦੇ ਹੋਏ ਕਿਹਾ ਕਿ ਹਰਿਆਣਾ ਦੀ ਸਭ ਤੋਂ ਵੱਡੀ ਤਾਕਤ ਇਸਦੀ ਨੌਜਵਾਨ ਸ਼ਕਤੀ ਹੈ। ਇਹ ਯੁਵਾ ਸ਼ਕਤੀ ਹੈ ਜੋ ਖੇਤਰਾਂ ਵਿੱਚ ਸਖ਼ਤ ਮਿਹਨਤ ਕਰਦੀ ਹੈ, ਖੇਡ ਦੇ ਮੈਦਾਨਾਂ ਵਿੱਚ ਦੇਸ਼ ਦਾ ਮਾਣ ਵਧਾਉਂਦੀ ਹੈ, ਅਤੇ ਨਵੀਨਤਾ ਰਾਹੀਂ 'ਵਿਕਸਿਤ ਭਾਰਤ - ਵਿਕਸਤ ਹਰਿਆਣਾ' ਦੇ ਦ੍ਰਿਸ਼ਟੀਕੋਣ ਨੂੰ ਸਾਕਾਰ ਕਰਨ ਵਿੱਚ ਮੋਹਰੀ ਭੂਮਿਕਾ ਨਿਭਾ ਰਹੀ ਹੈ। ਰਾਜ ਸਰਕਾਰ ਨੇ ਨੌਜਵਾਨਾਂ ਲਈ ਸਿੱਖਿਆ, ਹੁਨਰ ਵਿਕਾਸ ਅਤੇ ਰੁਜ਼ਗਾਰ ਦੇ ਮੌਕਿਆਂ ਨੂੰ ਤਰਜੀਹ ਦਿੱਤੀ ਹੈ। ਇਸ ਨਾਲ ਰੁਜ਼ਗਾਰ ਦੀਆਂ ਸੰਭਾਵਨਾਵਾਂ ਵਧੀਆਂ ਹਨ ਅਤੇ ਨੌਜਵਾਨਾਂ ਵਿੱਚ ਵਿਸ਼ਵਾਸ ਪੈਦਾ ਹੋਇਆ ਹੈ।

ਉਨ੍ਹਾਂ ਕਿਹਾ ਕਿ ਹਰਿਆਣਾ ਹੁਨਰ ਰੁਜ਼ਗਾਰ ਨਿਗਮ ਨੇ ਰਾਜ ਦੀ ਭਰਤੀ ਪ੍ਰਕਿਰਿਆ ਵਿੱਚ ਇੱਕ ਪਰਿਵਰਤਨਸ਼ੀਲ ਭੂਮਿਕਾ ਨਿਭਾਈ ਹੈ। ਇਸ ਵੱਲੋਂ ਅੱਜ ਤੱਕ, ਲਗਭਗ 1 ਲੱਖ 18 ਹਜ਼ਾਰ ਠੇਕਾ ਕਰਮਚਾਰੀਆਂ ਨੂੰ ਰੁਜ਼ਗਾਰ ਦਿੱਤਾ ਹੈ। ਇਨ੍ਹਾਂ ਨੌਜਵਾਨਾਂ ਨੇ ਨਾ ਸਿਰਫ਼ ਰੁਜ਼ਗਾਰ ਪ੍ਰਾਪਤ ਕੀਤਾ ਹੈ, ਸਗੋਂ ਕਾਰਜਕਾਲ ਸੁਰੱਖਿਆ, ਸਮਾਜਿਕ ਸੁਰੱਖਿਆ ਲਾਭ, ਡਾਕਟਰੀ ਅਤੇ ਜੀਵਨ ਬੀਮਾ ਕਵਰੇਜ ਪ੍ਰਦਾਨ ਕਰਕੇ ਉਨ੍ਹਾਂ ਦੇ ਭਵਿੱਖ ਨੂੰ ਵੀ ਸੁਰੱਖਿਅਤ ਕੀਤਾ ਹੈ।

ਰਾਜਪਾਲ ਨੇ ਕਿਹਾ ਕਿ ਹਰਿਆਣਾ ਹੁਨਰ ਰੁਜ਼ਗਾਰ ਨਿਗਮ ਨੇ ਆਪਣੇ ਆਪ ਨੂੰ ਇੱਕ ਅਧਿਕਾਰਤ ਭਰਤੀ ਏਜੰਸੀ ਵਜੋਂ ਵੀ ਰਜਿਸਟਰ ਕੀਤਾ ਹੈ ਅਤੇ ਵਿਦੇਸ਼ੀ ਮਾਲਕਾਂ ਨਾਲ ਸਹਿਯੋਗ ਸਥਾਪਿਤ ਕੀਤਾ ਹੈ।

# ਸਰਕਾਰ ਮਹਿਲਾ ਸਸ਼ਕਤੀਕਰਨ ਨੂੰ ਔਰਤਾਂ ਵਿੱਚ ਲੀਡਰਸ਼ਿਪ ਅਤੇ ਫੈਸਲਾ ਲੈਣ ਦੀਆਂ ਸਮਰੱਥਾਵਾਂ ਦੇ ਵਿਕਾਸ ਵਜੋਂ ਦੇਖਦੀ ਹੈ

**ਚੰਡੀਗੜ੍ਹ, 23 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**



ਹਰਿਆਣਾ ਦੇ ਰਾਜਪਾਲ ਪ੍ਰੋਫੈਸਰ ਅਸੀਮ ਕੁਮਾਰ ਘੋਸ਼ ਨੇ ਕਿਹਾ ਕਿ ਹਰਿਆਣਾ ਸਰਕਾਰ 'ਮਹਿਲਾ ਸ਼ਕਤੀ' ਨੂੰ ਰਾਜ ਦੇ ਸਰਵਪੱਖੀ ਵਿਕਾਸ ਦਾ ਆਧਾਰ ਮੰਨਦੀ ਹੈ ਅਤੇ ਉਨ੍ਹਾਂ ਦੇ ਸਮਾਜਿਕ, ਆਰਥਿਕ ਅਤੇ ਵਿਦਿਅਕ ਉੱਨਤੀ ਲਈ ਲਗਾਤਾਰ ਕੰਮ ਕਰ ਰਹੀ ਹੈ।

ਪ੍ਰੋਫੈਸਰ ਅਸੀਮ ਕੁਮਾਰ ਘੋਸ਼ ਸ਼ੁੱਕਰਵਾਰ ਨੂੰ ਹਰਿਆਣਾ ਵਿਧਾਨਸਭਾ ਦੇ ਬਜਟ ਸੈਸ਼ਨ ਦੇ ਉਦਘਾਟਨ ਮੌਕੇ ਆਪਣਾ ਭਾਸ਼ਣ ਦੇ ਰਹੇ ਸਨ।

ਰਾਜਪਾਲ ਨੇ ਕਿਹਾ ਕਿ ਔਰਤਾਂ ਦੀ ਸਥਿਤੀ ਕਿਸੇ ਵੀ ਸਮਾਜ ਦੀ ਤਰੱਕੀ ਦਾ ਸਭ ਤੋਂ ਸ਼ਕਤੀਸ਼ਾਲੀ ਸੂਚਕ ਹੈ। ਹਰਿਆਣਾ ਸਰਕਾਰ ਮਹਿਲਾ ਸਸ਼ਕਤੀਕਰਨ ਨੂੰ ਔਰਤਾਂ ਵਿੱਚ ਲੀਡਰਸ਼ਿਪ ਅਤੇ ਫੈਸਲਾ ਲੈਣ ਦੀਆਂ ਸਮਰੱਥਾਵਾਂ ਦੇ ਵਿਕਾਸ ਵਜੋਂ ਦੇਖਦੀ ਹੈ। ਔਰਤਾਂ ਦੇ ਵਿਕਾਸ ਲਈ ਲਾਗੂ ਕੀਤੀਆਂ ਜਾ ਰਹੀਆਂ ਯੋਜਨਾਵਾਂ ਦਾ ਵੇਰਵਾ ਦਿੰਦੇ ਹੋਏ, ਉਨ੍ਹਾਂ ਕਿਹਾ ਕਿ ਡਰੋਨ ਦੀਦੀ ਯੋਜਨਾ ਦੇ ਤਹਿਤ, ਪੇਂਡੂ ਔਰਤਾਂ ਨੂੰ 29 ਸਤੰਬਰ, 2021 ਤੋਂ ਹਰਿਆਣਾ ਲਿਮਟਿਡ ਦੀ ਸਰਕਾਰੀ ਕੰਪਨੀ, ਡਰੋਨ ਇਮੇਜਿੰਗ ਅਤੇ ਸੂਚਨਾ ਸੇਵਾਵਾਂ ਰਾਹੀਂ ਅਤਿ-ਆਧੁਨਿਕ ਹੁਨਰ ਸਿਖਲਾਈ ਪ੍ਰਦਾਨ ਕੀਤੀ ਜਾ ਰਹੀ ਹੈ। ਇਨ੍ਹਾਂ ਵਿੱਚੋਂ 33 ਡਰੋਨ ਦੀਦੀ ਨੂੰ ਸਿਖਲਾਈ ਦਿੱਤੀ ਜਾ ਚੁੱਕੀ ਹੈ, ਅਤੇ 15 ਇਸ ਸਮੇਂ ਸਿਖਲਾਈ ਅਧੀਨ ਹਨ। ਇਸ ਤੋਂ ਇਲਾਵਾ, ਲਗਭਗ 1,350 ਡਰੋਨ ਦੀਦੀ ਲਈ ਸਿਖਲਾਈ ਜਲਦੀ ਹੀ ਸ਼ੁਰੂ ਹੋਵੇਗੀ।

ਔਰਤਾਂ ਦੀ ਸੁਰੱਖਿਆ ਪ੍ਰਤੀ ਸਰਕਾਰ ਦੀ ਵਚਨਬੱਧਤਾ ਦਾ ਪ੍ਰਗਟਾਵਾ ਕਰਦੇ ਹੋਏ, ਉਨ੍ਹਾਂ ਕਿਹਾ ਕਿ ਇਸ ਵੇਲੇ, ਰਾਜ ਵਿੱਚ ਔਰਤਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ 33 ਮਹਿਲਾ ਪੁਲਿਸ ਥਾਣੇ ਅਤੇ 239 ਮਹਿਲਾ ਸਹਾਇਤਾ ਡੈਸਕ ਪੂਰੀ ਸਮਰੱਥਾ ਨਾਲ ਕੰਮ ਕਰ ਰਹੇ ਹਨ। ਇਸ ਤੋਂ ਇਲਾਵਾ, ਅਗਲੇ ਸਾਲ ਲੋਹਾਰੂ, ਬਰਵਾਲਾ (ਹਿਸਾਰ), ਨਰਵਾਣਾ, ਸਮਾਲਖਾ, ਮਹਿਮ, ਰਾਦੌਰ ਅਤੇ ਪਿਹੋਵਾ ਵਿੱਚ ਸੱਤ ਨਵੇਂ ਮਹਿਲਾ ਪੁਲਿਸ ਸਟੇਸ਼ਨ ਖੋਲ੍ਹਣ ਦਾ ਫੈਸਲਾ ਕੀਤਾ ਗਿਆ ਹੈ।

ਰਾਜ ਸਰਕਾਰ ਨੇ ਸਵੈ-ਸਹਾਇਤਾ ਸਮੂਹਾਂ ਰਾਹੀਂ ਪੇਂਡੂ ਮਹਿਲਾ ਉੱਦਮੀਆਂ ਨੂੰ ਸਸ਼ਕਤ ਬਣਾਉਣ ਲਈ ਮਿਸਾਲੀ ਯਤਨ ਕੀਤੇ ਹਨ। ਰਾਜ ਦੇ ਵੱਖ-ਵੱਖ ਜ਼ਿਲ੍ਹਿਆਂ ਵਿੱਚ ਸਾਂਝੇ ਬਾਜ਼ਾਰਾਂ ਅਤੇ ਬੱਸ ਅੱਡਿਆਂ 'ਤੇ ਵਿਸ਼ੇਸ਼ ਦੁਕਾਨਾਂ ਸਥਾਪਿਤ ਕੀਤੀਆਂ ਗਈਆਂ ਹਨ। ਇਹ ਮਜ਼ਬੂਤ ਬਾਜ਼ਾਰ ਪੇਂਡੂ ਮਹਿਲਾ ਉੱਦਮੀਆਂ ਨੂੰ ਆਪਣੇ ਉਤਪਾਦ ਵੇਚਣ ਅਤੇ ਸਨਮਾਨਜਨਕ ਆਮਦਨ ਕਮਾਉਣ ਵਿੱਚ ਮਦਦ ਕਰਦੇ ਹਨ। ਇਨ੍ਹਾਂ ਸਮੂਹਾਂ ਨੂੰ ਕਾਮਿਆਂ ਨੂੰ ਭੋਜਨ ਸੇਵਾਵਾਂ ਪ੍ਰਦਾਨ ਕਰਨ ਲਈ 124 ਅਟਲ ਸ਼੍ਰਮਿਕ-ਕਿਸਾਨ ਕੰਟੀਨਾਂ ਦੇ ਸੰਚਾਲਨ ਦੀ ਜ਼ਿੰਮੇਵਾਰੀ ਵੀ ਸੌਂਪੀ ਗਈ ਹੈ।

ਰਾਜਪਾਲ ਨੇ ਕਿਹਾ ਕਿ ਰਾਜ ਸਰਕਾਰ ਦੇ ਲੱਖਪਤੀ ਦੀਦੀ ਪ੍ਰੋਗਰਾਮ ਨੇ ਰਾਜ ਵਿੱਚ ਇੱਕ ਚੁੱਪ ਕ੍ਰਾਂਤੀ ਲਿਆਂਦੀ ਹੈ, ਜਿਸ ਦੇ ਨਤੀਜੇ ਵਜੋਂ 1 ਲੱਖ 6 ਹਜ਼ਾਰ 325 ਔਰਤਾਂ ÷ ਲੱਖਪਤੀ ਦੀਦੀ÷ ਬਣ ਗਈਆਂ ਹਨ। ਸਵੈ-ਸਹਾਇਤਾ ਸਮੂਹ ਉਤਪਾਦਾਂ ਨੂੰ ਗਲੋਬਲ ਅਤੇ ਡਿਜੀਟਲ ਮਾਨਤਾ ਪ੍ਰਦਾਨ ਕਰਨ ਲਈ ਵਿਸ਼ੇਸ਼ ਔਨਲਾਈਨ ਪੋਰਟਲ ਸ਼ੁਰੂ ਕੀਤੇ ਗਏ ਹਨ, ਅਤੇ ਉਨ੍ਹਾਂ ਨੂੰ ਮੇਲਿਆਂ ਅਤੇ ਪ੍ਰਦਰਸ਼ਨੀਆਂ ਰਾਹੀਂ ਮੁੱਖ ਧਾਰਾ ਦੇ ਬਾਜ਼ਾਰ ਨਾਲ ਸਿੱਧਾ ਜੋੜਿਆ ਜਾ ਰਿਹਾ ਹੈ।

ਉਨ੍ਹਾਂ ਕਿਹਾ ਕਿ ਸ਼ੁਰੂਆਤੀ ਬਚਪਨ ਦੀ ਦੇਖਭਾਲ ਅਤੇ ਸਿੱਖਿਆ ਦੇ ਦ੍ਰਿਸ਼ਟੀਕੋਣ ਨੂੰ ਪੂਰਾ ਕਰਨ ਲਈ, ਰਾਜ ਭਰ ਦੇ ਸਾਰੇ ਸਰਕਾਰੀ ਪ੍ਰਾਇਮਰੀ ਸਕੂਲਾਂ ਵਿੱਚ ਇੱਕ ਸਾਲ ਦਾ ਪ੍ਰੀ-ਪ੍ਰਾਇਮਰੀ ਸਿੱਖਿਆ ਪ੍ਰੋਗਰਾਮ, ਬਾਲਵਾਟਿਕਾ-999, ਸ਼ੁਰੂ ਕੀਤਾ ਗਿਆ ਹੈ। ਬੱਚਿਆਂ ਦੇ ਸੰਪੂਰਨ ਵਿਕਾਸ ਨੂੰ ਯਕੀਨੀ ਬਣਾਉਣ ਲਈ, ਅਧਿਆਪਕ-ਵਿਦਿਆਰਥੀ ਅਨੁਪਾਤ ਨੂੰ ਇੱਕ ਆਦਰਸ਼ 1:30 'ਤੇ ਬਣਾਈ ਰੱਖਿਆ ਗਿਆ ਹੈ। ਬੱਚਿਆਂ ਨੂੰ ਸੁਰੱਖਿਅਤ ਅਤੇ ਘਰ ਵਰਗਾ ਵਾਤਾਵਰਣ ਪ੍ਰਦਾਨ ਕਰਨ ਲਈ ਰਾਜ ਭਰ ਦੇ ਲਗਭਗ 8,600 ਸਕੂਲਾਂ ਵਿੱਚ ਬਾਲ-ਅਨੁਕੂਲ ਅਤੇ ਸਮਰਪਿਤ ਕਲਾਸਰੂਮ ਬਣਾਏ ਗਏ ਹਨ। ਇਹ ਮਾਣ ਵਾਲੀ ਗੱਲ ਹੈ ਕਿ 2025-26 ਅਕਾਦਮਿਕ ਸਾਲ ਵਿੱਚ 79,000 ਤੋਂ ਵੱਧ ਬੱਚਿਆਂ ਨੇ ਬਾਲਵਾਟਿਕਾ-999 ਵਿੱਚ ਦਾਖਲਾ ਲਿਆ ਹੈ। ਇਨ੍ਹਾਂ ਬੱਚਿਆਂ ਨੂੰ ਇੱਕ ਖੇਡ-ਅਧਾਰਤ, ਗਤੀਵਿਧੀ-ਅਧਾਰਤ ਅਤੇ ਡਰ-ਮੁਕਤ ਵਾਤਾਵਰਣ ਵਿੱਚ ਸਿੱਖਿਆ ਦਿੱਤੀ ਜਾ ਰਹੀ ਹੈ। ਉਨ੍ਹਾਂ ਦੀ ਅਕਾਦਮਿਕ ਪ੍ਰਗਤੀ ਦੀ ਨਿਰੰਤਰ ਨਿਗਰਾਨੀ ਪ੍ਰਬੰਧਨ ਸੂਚਨਾ ਪ੍ਰਣਾਲੀ ਦੁਆਰਾ ਕੀਤੀ ਜਾਂਦੀ ਹੈ। ਵਿਸ਼ਵ ਪੱਧਰੀ ਬਾਲਵਾਟਿਕਾ-999 ਬੁਨਿਆਦੀ ਢਾਂਚੇ ਨੂੰ ਯਕੀਨੀ ਬਣਾਉਣ ਲਈ, 119 ਮਾਡਲ ਬਾਲਵਾਟਿਕਾ ਬਣਾਏ ਗਏ ਹਨ, ਜੋ ਖੇਡ ਦੇ ਉਪਕਰਣਾਂ ਅਤੇ ਜ਼ਰੂਰੀ ਸਹੂਲਤਾਂ ਨਾਲ ਲੈਸ ਹਨ।

ਰਾਜਪਾਲ ਪ੍ਰੋਫੈਸਰ ਅਸੀਮ ਕੁਮਾਰ ਘੋਸ਼ ਨੇ ਰਾਜ ਵਿੱਚ ਕਾਨੂੰਨ ਵਿਵਸਥਾ ਦੀ ਸਥਿਤੀ ਦੀ ਪ੍ਰਸ਼ੰਸਾ ਕਰਦੇ ਹੋਏ ਕਿਹਾ ਕਿ ਰਾਜ ਸਰਕਾਰ ਹਰਿਆਣਾ ਵਿੱਚ ਸ਼ਾਂਤੀ, ਸੁਰੱਖਿਆ ਅਤੇ ਕਾਨੂੰਨ ਦੇ ਰਾਜ ਨੂੰ ਸਭ ਤੋਂ ਵੱਧ ਤਰਜੀਹ ਦੇ ਰਹੀ ਹੈ। ਅੱਜ, ਇਸਦੇ ਸਕਾਰਾਤਮਕ ਨਤੀਜੇ ਜ਼ਮੀਨੀ ਪੱਧਰ 'ਤੇ ਸਪੱਸ਼ਟ ਤੌਰ 'ਤੇ ਦਿਖਾਈ ਦੇ ਰਹੇ ਹਨ। ਇਹ ਹਰਿਆਣਾ ਲਈ ਮਾਣ ਵਾਲੀ ਗੱਲ ਹੈ ਕਿ ਇਹ ਤਿੰਨ ਨਵੇਂ ਅਪਰਾਧਿਕ ਕਾਨੂੰਨਾਂ ਨੂੰ ਪੂਰੀ ਤਰ੍ਹਾਂ ਲਾਗੂ ਕਰਨ ਵਿੱਚ ਦੇਸ਼ ਵਿੱਚ ਦੂਜੇ ਸਥਾਨ 'ਤੇ ਹੈ। ਰਾਜ ਵਿੱਚ ਬਿਹਤਰ ਜਾਂਚ ਅਤੇ ਆਧੁਨਿਕ ਪੁਲਿਸਿੰਗ ਦੇ ਨਤੀਜੇ ਵਜੋਂ, 1 ਜੁਲਾਈ, 2024 ਤੋਂ 31 ਦਸੰਬਰ, 2025 ਦੇ ਵਿਚਕਾਰ ਦਰਜ ਮਾਮਲਿਆਂ ਵਿੱਚ ਸਜ਼ਾ ਦਰ 74.13 ਫੀਸਦੀ ਹੋ ਗਈ ਹੈ।

ਰਾਜ ਸਰਕਾਰ ਦੀ ਔਰਤਾਂ ਦੀ ਸੁਰੱਖਿਆ ਪ੍ਰਤੀ ਵਚਨਬੱਧਤਾ ਦੇ ਨਤੀਜੇ ਵਜੋਂ 2025 ਵਿੱਚ ਔਰਤਾਂ ਵਿਰੁੱਧ ਅਪਰਾਧਾਂ ਵਿੱਚ 16ਫੀਸਦੀ ਦੀ ਕਮੀ ਆਈ ਹੈ। ਦੇਸ਼ ਵਿੱਚ ਸਾਈਬਰ ਅਪਰਾਧ ਵਿਰੁੱਧ ਲੜਾਈ ਵਿੱਚ ਹਰਿਆਣਾ ਸਭ ਤੋਂ ਅੱਗੇ ਹੈ। ਹਰਿਆਣਾ ਨੇ 36 ਫੀਸਦੀ ਧੋਖਾਧੜੀ ਵਾਲੇ ਲੈਣ-ਦੇਣ ਨੂੰ ਰੋਕ ਕੇ ਅਤੇ ਅਸਲ ਸਮੇਂ ਵਿੱਚ 1.5 ਲੱਖ ਧੋਖਾਧੜੀ ਵਾਲੇ ਮੋਬਾਈਲ ਨੰਬਰਾਂ ਨੂੰ ਰੋਕ ਕੇ ਸਾਡੇ ਨਾਗਰਿਕਾਂ ਦੀਆਂ 256 ਕਰੋੜ ਰੁਪਏ ਦੀਆਂ ਜਾਇਦਾਦਾਂ ਦੀ ਰੱਖਿਆ ਕੀਤੀ ਹੈ।

ਰਾਜਪਾਲ ਨੇ ਅੱਗੇ ਕਿਹਾ ਕਿ ਇਹ ਖੁਸ਼ੀ ਦੀ ਗੱਲ ਹੈ ਕਿ ਪਿਛਲੇ ਚਾਰ ਤੋਂ ਪੰਜ ਸਾਲਾਂ ਵਿੱਚ ਅਨੁਸੂਚਿਤ ਜਾਤੀ ਦੀਆਂ ਔਰਤਾਂ ਵਿਰੁੱਧ ਅਪਰਾਧ ਘੱਟ ਹੋਏ ਹਨ। ਅਜਿਹੀਆਂ ਔਰਤਾਂ ਵਿਰੁੱਧ ਦੁਰਵਿਵਹਾਰ ਦੇ ਮਾਮਲੇ ਪਿਛਲੇ ਚਾਰ ਸਾਲਾਂ ਵਿੱਚ 67 ਫੀਸਦੀ ਘਟੇ ਹਨ, 2021 ਵਿੱਚ 257 ਤੋਂ 2025 ਵਿੱਚ 83 ਹੋ ਗਏ ਹਨ। ਬਲਾਤਕਾਰ ਦੇ ਮਾਮਲੇ 2022 ਵਿੱਚ 211 ਤੋਂ ਘਟ ਕੇ 2025 ਵਿੱਚ 105 ਹੋ ਗਏ ਹਨ, ਜੋ ਕਿ 50 ਫੀਸਦੀ ਕਮੀ ਹੈ। 2020 ਤੋਂ ਬਾਅਦ ਅਗਵਾ ਦੇ ਮਾਮਲਿਆਂ ਵਿੱਚ ਵੀ ਲਗਭਗ 50 ਫੀਸਦੀ ਦੀ ਕਮੀ ਆਈ ਹੈ। 2020 ਵਿੱਚ ਅਜਿਹੇ 23 ਮਾਮਲੇ ਸਨ, ਜੋ 2025 ਵਿੱਚ ਘੱਟ ਕੇ 10 ਹੋ ਗਏ ਹਨ।

ਉਨ੍ਹਾਂ ਦੱਸਿਆ ਕਿ ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਜਨਜਾਤੀਆਂ (ਅੱਤਿਆਚਾਰ ਰੋਕਥਾਮ) ਐਕਟ ਅਧੀਨ ਮਾਮਲੇ 2021 ਵਿੱਚ 132 ਤੋਂ ਘਟ ਕੇ 2025 ਵਿੱਚ 48 ਹੋ ਗਏ ਹਨ। ਸੰਗਠਿਤ ਅਪਰਾਧ ਵਿਰੁੱਧ ਸਖ਼ਤ ਕਾਰਵਾਈ ਕਰਦੇ ਹੋਏ, ਰਾਜ ਪੁਲਿਸ ਨੇ 426 ਅਪਰਾਧਿਕ ਗਿਰੋਹਾਂ ਦਾ ਪਰਦਾਫਾਸ਼ ਕੀਤਾ ਹੈ ਅਤੇ ਵਿਦੇਸ਼ਾਂ ਵਿੱਚ ਸ਼ਰਨ ਲੈਣ ਵਾਲੇ 15 ਗੈਂਗਸਟਰਾਂ ਦੀ ਹਵਾਲਗੀ ਨੂੰ ਸੁਰੱਖਿਅਤ ਕੀਤਾ ਹੈ। ਇਸ ਨਾਲ ਜਬਰਨ ਵਸੂਲੀ ਦੀਆਂ ਘਟਨਾਵਾਂ ਵਿੱਚ 40 ਫੀਸਦੀ ਦੀ ਕਮੀ ਆਈ ਹੈ।

ਰਾਜਪਾਲ ਨੇ ਦੱਸਿਆ ਕਿ ਪੁਲਿਸ ਫੋਰਸ ਦੇ ਆਧੁਨਿਕੀਕਰਨ 'ਤੇ 300 ਕਰੋੜ ਰੁਪਏ ਖਰਚ ਕੀਤੇ ਜਾ ਰਹੇ ਹਨ ਅਤੇ 5,500 ਨਵੇਂ ਪੁਲਿਸ ਕਾਂਸਟੇਬਲਾਂ ਦੀ ਭਰਤੀ ਪ੍ਰਕਿਰਿਆ ਚੱਲ ਰਹੀ ਹੈ। ਡਾਇਲ-112 'ਤੇ 9 ਮਿੰਟ ਅਤੇ 44 ਸਕਿੰਟ ਦਾ ਤੇਜ਼ ਜਵਾਬ ਸਮਾਂ ਜਵਾਬਦੇਹ ਸ਼ਾਸਨ ਦੀ ਨਿਸ਼ਾਨੀ ਹੈ। ਨਸ਼ਾ ਮੁਕਤ ਹਰਿਆਣਾ ਦੇ ਸੰਕਲਪ ਨਾਲ, ਸਰਕਾਰ ਐਕਸ਼ਨ ਪਲਾਨ 2029 ਨਾਲ ਮਜ਼ਬੂਤੀ ਨਾਲ ਅੱਗੇ ਵਧ ਰਹੀ ਹੈ।

# ਜਬਰ-ਜਨਾਹ ਦੇ ਦੋਸ਼ੀ ਨੂੰ 20 ਸਾਲ ਦੀ ਕੈਦ

**ਫਰੀਦਕੋਟ, 23 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸਥਾਨਕ ਸੈਸ਼ਨ ਜੱਜ ਨੇ ਨਾਬਾਲਗ ਲੜਕੀ ਨਾਲ ਜਬਰ-ਜਨਾਹ ਦੇ ਮਾਮਲੇ ਵਿੱਚ ਇੱਕ ਨੌਜਵਾਨ ਨੂੰ 20 ਸਾਲ ਦੀ ਕੈਦ ਅਤੇ ਇੱਕ ਹਜ਼ਾਰ ਰੁਪਏ ਜੁਰਮਾਨੇ ਦਾ ਹੁਕਮ ਦਿੱਤਾ ਹੈ। ਪਿਛਲੇ ਸਮੇਂ ਤੋਂ ਇਹ ਮਾਮਲਾ ਇਥੋਂ ਦੀ ਇਕ ਅਦਾਲਤ ਵਿੱਚ ਚੱਲ ਰਿਹਾ ਸੀ। ਹਾਲਾਂਕਿ, ਅਦਾਲਤ ਨੇ ਇਸ ਕੇਸ ਵਿੱਚ ਨਾਮਜ਼ਦ ਵਿਸ਼ਾਲ ਤਿਵਾੜੀ ਅਤੇ ਚੇਤ ਰਾਮ ਨੂੰ ਸਬੂਤਾਂ ਦੀ ਘਾਟ ਕਾਰਨ ਬਰੀ ਕਰ ਦਿੱਤਾ। ਸਿਟੀ ਪੁਲੀਸ ਕੋਟਕਪੂਰਾ ਨੇ 20 ਸਤੰਬਰ 2022 ਨੂੰ ਪੀੜਤ ਦੇ ਭਰਾ ਦੀ ਸ਼ਿਕਾਇਤ ਦੇ ਆਧਾਰ 'ਤੇ ਰਾਹੁਲ ਕੁਮਾਰ ਵਾਸੀ ਕੋਟਕਪੂਰਾ ਸਮੇਤ ਤਿੰਨ ਵਿਅਕਤੀਆਂ ਖ਼ਿਲਾਫ਼ ਕੇਸ ਦਰਜ ਕੀਤਾ ਸੀ। ਰਾਹੁਲ ਕੁਮਾਰ 'ਤੇ ਨਾਬਾਲਗ ਲੜਕੀ ਨਾਲ ਜਬਰ-ਜਨਾਹ ਕਰਨ ਦਾ ਦੋਸ਼ ਸੀ। ਅਦਾਲਤ ਨੇ ਉਸ ਨੂੰ ਘਟਨਾ ਦਾ ਦੋਸ਼ੀ ਮੰਨਦਿਆਂ 20 ਸਾਲ ਸਜ਼ਾ ਦਾ ਹੁਕਮ ਸੁਣਾਇਆ ਹੈ ਜਦੋਂ ਕਿ ਇਸੇ ਕੇਸ 'ਚ ਚੇਤ ਰਾਮ ਨੂੰ ਸਬੂਤਾਂ ਦੀ ਘਾਟ ਕਾਰਨ ਬਰੀ ਕਰ ਦਿੱਤਾ ਗਿਆ ਹੈ।

# ਰੋਟਰੀ ਕਲੱਬ ਨੇ ਸਕੂਲਾਂ ਵਿੱਚ ਟਿਊਬ ਲਾਈਟਾਂ ਅਤੇ ਬੱਲਬ ਵੰਡੇ

**ਸ਼ਾਹਬਾਦ ਮਾਰਕੰਡਾ,23 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸਥਾਨਕ ਰੋਟਰੀ ਕਲੱਬ ਨੇ ਸ਼ਹਿਰ ਦੇ 10 ਸਕੂਲਾਂ ਨੂੰ ਕਮਰਿਆਂ ਵਿੱਚ ਬਿਹਤਰ ਰੋਸ਼ਨੀ ਦੇਣ ਲਈ ਟਿਊਬ ਲਾਈਟਾਂ ਅਤੇ ਬੱਲਬ ਵੰਡੇ। ਇਹ ਕਾਰਜ ਰੋਟਰੀ ਇੰਟਰਨੈਸ਼ਨਲ ਡਿਸਟਰਿਕਟ 3080 ਦੇ ਡਿਸਟਰਿਕਟ ਪ੍ਰਾਜੈਕਟ ਦੇ ਤਹਿਤ ਮੁਕੰਮਲ ਕੀਤਾ ਗਿਆ।

ਇਸ ਪ੍ਰਾਜੈਕਟ ਦਾ ਮੁੱਖ ਉਦੇਸ਼ ਸਕੂਲਾਂ ਵਿੱਚ ਬੇਹਤਰ ਰੋਸ਼ਨੀ ਪ੍ਰਦਾਨ ਕਰ ਕੇ ਵਿਦਿਆਰਥੀਆਂ ਲਈ ਇਕ ਅਨੁਕੂਲ ਸਿੱਖਿਆ ਦਾ ਮਾਹੌਲ ਬਣਾਉਣਾ ਹੈ। ਜਿਨ੍ਹਾਂ ਸਕੂਲਾਂ ਨੂੰ ਇਹ ਸਮੱਗਰੀ ਦਿੱਤੀ ਗਈ ਉਹਨਾਂ ਵਿੱਚ ਐੱਸ ਜੀ ਐੱਨ ਪੀ ਗਰਲਜ਼ ਸੀਨੀਅਰ ਸੈਕੰਡਰੀ ਸਕੂਲ, ਖਾਨੇ ਵਾਲ ਖਾਲਸਾ ਸਕੂਲ, ਆਰੀਆ ਗਰਲਜ਼ ਸਕੂਲ, ਡੀ ਏ ਵੀ ਸਕੂਲ, ਸਰਕਾਰੀ ਸਕੂਲ ਗੁਮਟੀ, ਕ੍ਰਿਸ਼ਨਾ ਵਿਦਿਆ ਮੰਦਰ ਦਿਆਲ ਨਗਰ, ਸਰਕਾਰੀ ਮਿਡਲ ਸਕੂਲ ਕ੍ਰਿਸ਼ਨਗੜ੍ਹ, ਸਿਟੀ ਹਾਰਟ ਸਕੂਲ ਤੇ ਜਨਤਾ ਸੀਨੀਅਰ ਸੈਕੰਡਰੀ ਸਕੂਲ ਸ਼ਾਮਲ ਹਨ। ਇਸ ਮੌਕੇ ਰੋਟਰੀ ਪ੍ਰਧਾਨ ਡਾ. ਆਰ ਐੱਸ ਘੁੰਮਣ ਨੇ ਕਿਹਾ ਕਿ ਸਿੱਖਿਆ ਦੇ ਖੇਤਰ ਵਿੱਚ ਸਮਰਥਨ ਦੇਣਾ ਰੋਟਰੀ ਕਲੱਬ ਲਈ ਇਕ ਤਰਜੀਹ ਰਹੀ ਹੈ।

ਉਨ੍ਹਾਂ ਕਿਹਾ ਕਿ ਕਮਰਿਆਂ ਦੀ ਬਿਹਤਰ ਰੋਸ਼ਨੀ ਵਿਦਿਆਰਥੀਆਂ ਦੀ ਪੜ੍ਹਾਈ ਨੂੰ ਆਸਾਨ ਬਣਾਏਗੀ। ਉਨ੍ਹਾਂ ਇਹ ਵੀ ਕਿਹਾ ਕਿ ਰੋਟਰੀ ਕਲੱਬ ਭਵਿੱਖ ਵਿੱਚ ਸਮਾਜ ਦੇ ਭਲੇ ਲਈ ਅਜਿਹੇ ਪ੍ਰਾਜੈਕਟ ਜਾਰੀ ਰੱਖੇਗਾ। ਪ੍ਰਾਜੈਕਟ ਚੇਅਰਮੈਨ ਦੀਪਕ ਕਕੱੜ ਨੇ ਕਿਹਾ ਕਿ ਇਹ ਕੰਮ ਜ਼ਿਲ੍ਹਾ ਪੱਧਰੀ ਪ੍ਰਾਜੈਕਟ ਤਹਿਤ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਸਕੂਲਾਂ ਦੀਆਂ ਮੁੱਢਲੀਆਂ ਜ਼ਰੂਰਤਾਂ ਨੂੰ ਪੂਰਾ ਕਰਨਾ ਸਮਾਜ ਪ੍ਰਤੀ ਸਾਡੀ ਜ਼ਿੰਮੇਵਾਰੀ ਹੈ। ਉਨ੍ਹਾਂ ਕਿਹਾ ਕਿ ਇਸ ਪ੍ਰਾਜੈਕਟ ਦਾ ਲਾਭ ਸਿੱਧੇ ਤੌਰ 'ਤੇ ਵਿਦਿਆਰਥੀਆਂ ਨੂੰ ਹੋਵੇਗਾ ਤੇ ਸਕੂਲ ਦੇ ਵਾਤਾਵਰਨ ਨੂੰ ਹੋਰ ਮਜ਼ਬੂਤੀ ਮਿਲੇਗੀ।

# ਐੱਚ ਪੀ ਐੱਸ ਸੀ ਦ਼ਫਤਰ ਘੇਰਨ ਜਾਂਦੇ ਕਾਂਗਰਸੀਆਂ 'ਤੇ ਪਾਣੀ ਦੀਆਂ ਬੁਛਾੜਾਂ

**ਪੰਚਕੂਲਾ,23 ਫਰਵਰੀ**
**--ਕੌਮੀ ਪੱਤ੍ਰਿਕਾ ਬਿਊਰੋ-**



ਇਥੇ ਹਰਿਆਣਾ ਪਬਲਿਕ ਸਰਵਿਸ ਕਮਿਸ਼ਨ ਦਾ ਮੁੱਖ ਦਫਤਰ ਘੇਰਨ ਜਾ ਰਹੇ ਯੂਥ ਕਾਂਗਰਸ ਦੇ ਵਰਕਰਾਂ 'ਤੇ ਪੁਲੀਸ ਨੇ ਪਾਣੀ ਦੀਆਂ ਬੁਛਾੜਾਂ ਮਾਰੀਆਂ। ਵਿਰੋਧ ਵਿੱਚ ਰੋਹਤਕ ਤੋਂ ਕਾਂਗਰਸ ਸੰਸਦ ਮੈਂਬਰ ਦੀਪਿੰਦਰ ਹੁੱਡਾ, ਅੰਬਾਲਾ ਤੋਂ ਕਾਂਗਰਸ ਦੇ ਸੰਸਦ ਮੈਂਬਰ ਵਰੁਣ ਮੁਲਾਣਾ ਅਤੇ ਯੂਥ ਕਾਂਗਰਸ ਪ੍ਰਧਾਨ ਨਿਸ਼ਿਤ ਕਟਾਰੀਆ ਬੈਰੀਕੇਡਾਂ 'ਤੇ ਚੜ੍ਹ ਗਏ।

ਪਾਣੀ ਦੀਆਂ ਬੁਛਾੜਾਂ ਇੰਨੀਆਂ ਤੇਜ਼ ਸਨ ਕਿ ਕਈ ਨੌਜਵਾਨਾਂ ਨੂੰ ਇਸ ਨਾਲ ਸੱਟਾਂ ਵੀ ਲੱਗੀਆਂ। ਬਾਅਦ ਵਿੱਚ ਪੁਲੀਸ ਨੇ ਦੀਪਿੰਦਰ ਹੁੱਡਾ, ਵਰੁਣ ਮੁਲਾਣਾ ਅਤੇ ਹੋਰਾਂ ਨੂੰ ਹਿਰਾਸਤ ਵਿੱਚ ਲੈ ਲਿਆ।

ਪ੍ਰਦਰਸ਼ਨਕਾਰੀਆਂ ਨੂੰ ਰੋਕਣ ਲਈ ਪੰਚਕੂਲਾ ਪੁਲੀਸ ਨੇ ਵੱਡੇ ਪੱਧਰ 'ਤੇ ਬੈਰੀਕੇਡਿੰਗ ਕੀਤੀ ਗਈ। ਯੂਥ ਕਾਂਗਰਸ ਵੱਲੋਂ ਇਹ ਪ੍ਰਦਰਸ਼ਨ ਸਿੱਖਿਆ ਵਿਭਾਗ ਵਿੱਚ ਹੋ ਰਹੀਆਂ ਬੇਨਿਯਮੀਆਂ ਵਿਰੁੱਧ ਕੀਤਾ ਗਿਆ। ਪੰਚਕੂਲਾ ਦੇ ਸੈਕਟਰ 5 ਪਰੇਡ ਗਰਾਊਂਡ ਵਿੱਚ ਹਰਿਆਣਾ ਪਬਲਿਕ ਸਰਵਿਸ ਪਾਣੀ ਦੀਆਂ ਬੁਛਾੜਾਂ ਇੰਨੀਆਂ ਤੇਜ਼ ਸਨ ਕਿ ਕਈ ਨੌਜਵਾਨਾਂ ਨੂੰ ਇਸ ਨਾਲ ਸੱਟਾਂ ਵੀ ਲੱਗੀਆਂ। ਬਾਅਦ ਵਿੱਚ ਪੁਲੀਸ ਨੇ ਦੀਪਿੰਦਰ ਹੁੱਡਾ, ਵਰੁਣ ਮੁਲਾਣਾ ਅਤੇ ਹੋਰਾਂ ਨੂੰ ਹਿਰਾਸਤ ਵਿੱਚ ਲੈ ਲਿਆ।

ਪ੍ਰਦਰਸ਼ਨਕਾਰੀਆਂ ਨੂੰ ਰੋਕਣ ਲਈ ਪੰਚਕੂਲਾ ਪੁਲੀਸ ਨੇ ਵੱਡੇ ਪੱਧਰ 'ਤੇ ਬੈਰੀਕੇਡਿੰਗ ਕੀਤੀ ਗਈ। ਯੂਥ ਕਾਂਗਰਸ ਵੱਲੋਂ ਇਹ ਪ੍ਰਦਰਸ਼ਨ ਸਿੱਖਿਆ ਵਿਭਾਗ ਵਿੱਚ ਹੋ ਰਹੀਆਂ ਬੇਨਿਯਮੀਆਂ ਵਿਰੁੱਧ ਕੀਤਾ ਗਿਆ। ਪੰਚਕੂਲਾ ਦੇ ਸੈਕਟਰ 5 ਪਰੇਡ ਗਰਾਊਂਡ ਵਿੱਚ ਹਰਿਆਣਾ ਪਬਲਿਕ ਸਰਵਿਸ ਕਮਿਸ਼ਨਕਮਿਸ਼ਨ ਵਿਰੁੱਧ ਵਿਰੋਧ ਪ੍ਰਦਰਸ਼ਨ ਲਗਪਗ 50 ਦਿਨਾਂ ਤੋਂ ਜਾਰੀ ਹੈ।

# ਮੁੱਖ ਮੰਤਰੀ ਨੇ ਪੇਸ਼ ਕੀਤਾ ਸਰਕਾਰੀ ਮਤਾ ਵਿਧਾਨ ਸਭਾ ਵਿੱਚ ਹੋਇਆ ਪਾਰਿਤ

**ਚੰਡੀਗੜ੍ਹ, 23 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**



ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਸਰਕਾਰ ਨੇ ਪ੍ਰਬੰਧਕੀ ਕੁਸ਼ਲਤਾ ਵਧਾਉਣ, ਨਾਗਰਿਕਾਂ ਨੂੰ ਬਿਹਤਰ ਰਿਹਾਇਸ਼ੀ ਸਹੂਲਤਾਂ ਪ੍ਰਦਾਨ ਕਰਨ ਅਤੇ ਸ਼ਹਿਰੀ ਯੋਜਨਾਬੰਦੀ ਏਕੀਕਰਨ ਨੂੰ ਬਿਹਤਰ ਬਣਾਉਣ ਦੇ ਉਦੇਸ਼ ਨਾਲ ਹਾਊਸਿੰਗ ਬੋਰਡ ਹਰਿਆਣਾ ਨੂੰ ਭੰਗ ਕਰਕੇ ਇਸਨੂੰ ਹਰਿਆਣਾ ਸ਼ਹਿਰੀ ਵਿਕਾਸ ਅਥਾਰਟੀ ਵਿੱਚ ਰਲੇਵਾਂ ਕਰ ਦਿੱਤਾ ਹੈ।

ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਸ਼ੁੱਕਰਵਾਰ ਨੂੰ ਬਜਟ ਸੈਸ਼ਨ ਦੇ ਪਹਿਲੇ ਦਿਨ ਹਰਿਆਣਾ ਵਿਧਾਨ ਸਭਾ ਵਿੱਚ ਇੱਕ ਸਰਕਾਰੀ ਮਤਾ ਪੇਸ਼ ਕਰਦੇ ਹੋਏ ਬੋਲ ਰਹੇ ਸਨ।

ਮੁੱਖ ਮੰਤਰੀ ਨੇ ਸਪੱਸ਼ਟ ਕੀਤਾ ਕਿ ਹਾਊਸਿੰਗ ਬੋਰਡ ਅਤੇ ਹਰਿਆਣਾ ਸ਼ਹਿਰੀ ਵਿਕਾਸ ਅਥਾਰਟੀ ਦੇ ਕੰਮ ਲਗਭਗ ਇੱਕੋ ਜਿਹੇ ਸਨ। ਉਨ੍ਹਾਂ ਭਰੋਸਾ ਦਿੱਤਾ ਕਿ ਹਾਊਸਿੰਗ ਬੋਰਡ ਹਰਿਆਣਾ ਵਿੱਚ ਕੰਮ ਕਰਨ ਵਾਲੇ ਸਾਰੇ ਕਰਮਚਾਰੀਆਂ ਦੇ ਹਿੱਤਾਂ ਦਾ ਪੂਰੀ ਤਰ੍ਹਾਂ ਧਿਆਨ ਰੱਖਿਆ ਗਿਆ ਹੈ।ਇਹ ਮਤਾ ਹਰਿਆਣਾ ਹਾਊਸਿੰਗ ਬੋਰਡ ਐਕਟ, 1971 ਦੀ ਧਾਰਾ 80 ਦੀ ਉਪ-ਧਾਰਾ (1) ਦੇ ਉਪਬੰਧਾਂ ਤਹਿਤ ਪਾਸ ਕੀਤਾ ਗਿਆ ਹੈ। ਹੁਣ, ਬੋਰਡ ਦੀਆਂ ਸਾਰੀਆਂ ਜ਼ਿੰਮੇਵਾਰੀਆਂ ਹਰਿਆਣਾ ਸ਼ਹਿਰੀ ਵਿਕਾਸ ਅਥਾਰਟੀ ਕੋਲ ਹੋਣਗੀਆਂ।

# 10 ਸੂਬਿਆਂ ਦੀਆਂ 37 ਸੀਟਾਂ ਲਈ 16 ਮਾਰਚ ਨੂੰ ਪੈਣਗੀਆਂ ਵੋਟਾਂ

**ਨਵੀਂ ਦਿੱਲੀ, 23 ਫਰਵਰੀ**
**--ਕੌਮੀ ਪੱਤ੍ਰਿਕਾ ਬਿਊਰੋ-**

ਚੋਣ ਕਮਿਸ਼ਨ ਨੇ ਬੁੱਧਵਾਰ ਨੂੰ ਵੱਡਾ ਐਲਾਨ ਕਰਦਿਆਂ ਦੱਸਿਆ ਕਿ ਦੇਸ਼ ਦੇ 10 ਸੂਬਿਆਂ ਵਿੱਚ ਰਾਜ ਸਭਾ ਦੀਆਂ 37 ਸੀਟਾਂ ਲਈ ਦੋ-ਸਾਲਾ ਚੋਣਾਂ 16 ਮਾਰਚ ਨੂੰ ਕਰਵਾਈਆਂ ਜਾਣਗੀਆਂ। ਇਹ ਸੀਟਾਂ ਅਪਰੈਲ ਮਹੀਨੇ ਵਿੱਚ ਵੱਖ-ਵੱਖ ਤਰੀਕਾਂ ਨੂੰ ਖਾਲੀ ਹੋ ਰਹੀਆਂ ਹਨ।

ਇਨ੍ਹਾਂ ਚੋਣਾਂ ਵਿੱਚ ਉੱਤਰੀ ਭਾਰਤ ਦੇ ਦੋ ਅਹਿਮ ਸੂਬਿਆਂ ਹਰਿਆਣਾ ਦੀਆਂ ਦੋ ਅਤੇ ਹਿਮਾਚਲ ਪ੍ਰਦੇਸ਼ ਦੀ ਇੱਕ ਸੀਟ 'ਤੇ ਵੀ ਵੋਟਿੰਗ ਹੋਵੇਗੀ, ਜਿਸ ਕਾਰਨ ਸਿਆਸੀ ਹਲਚਲ ਤੇਜ਼ ਹੋ ਗਈ ਹੈ।

ਇਨ੍ਹਾਂ ਚੋਣਾਂ ਦੇ ਘੇਰੇ ਵਿੱਚ ਆਉਣ ਵਾਲੇ ਪ੍ਰਮੁੱਖ ਸੂਬਿਆਂ ਵਿੱਚ ਮਹਾਰਾਸ਼ਟਰ, ਉੜੀਸਾ, ਤੇਲੰਗਾਨਾ, ਤਾਮਿਲਨਾਡੂ, ਛੱਤੀਸਗੜ੍ਹ, ਪੱਛਮੀ ਬੰਗਾਲ, ਅਸਾਮ ਅਤੇ ਬਿਹਾਰ ਸ਼ਾਮਲ ਹਨ।

ਹਰਿਆਣਾ ਅਤੇ ਹਿਮਾਚਲ ਪ੍ਰਦੇਸ਼ ਦੇ ਨਾਲ-ਨਾਲ ਇਨ੍ਹਾਂ ਸਾਰੇ ਸੂਬਿਆਂ ਵਿੱਚ ਖਾਲੀ ਹੋ ਰਹੀਆਂ ਸੀਟਾਂ ਲਈ ਸਿਆਸੀ ਪਾਰਟੀਆਂ ਨੇ ਇਨ੍ਹਾਂ ਚੋਣਾਂ ਵਿੱਚ ਉੱਤਰੀ ਭਾਰਤ ਦੇ ਦੋ ਅਹਿਮ ਸੂਬਿਆਂ ਹਰਿਆਣਾ ਦੀਆਂ ਦੋ ਅਤੇ ਹਿਮਾਚਲ ਪ੍ਰਦੇਸ਼ ਦੀ ਇੱਕ ਸੀਟ 'ਤੇ ਵੀ ਵੋਟਿੰਗ ਹੋਵੇਗੀ, ਜਿਸ ਕਾਰਨ ਸਿਆਸੀ ਹਲਚਲ ਤੇਜ਼ ਹੋ ਗਈ ਹੈ।

ਇਨ੍ਹਾਂ ਚੋਣਾਂ ਦੇ ਘੇਰੇ ਵਿੱਚ ਆਉਣ ਵਾਲੇ ਪ੍ਰਮੁੱਖ ਸੂਬਿਆਂ ਵਿੱਚਆਪਣੀ ਰਣਨੀਤੀ ਬਣਾਉਣੀ ਸ਼ੁਰੂ ਕਰ ਦਿੱਤੀ ਹੈ।

# ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਫਰੀਦਕੋਟ ਪੁਲਿਸ ਤੇ ਜ਼ਿਲ੍ਹਾ ਪ੍ਰਸ਼ਾਸ਼ਨ ਦੀ ਫਰੀਦਕੋਟ ਅੰਦਰ ਵੱਡੀ ਕਾਰਵਾਈ

**ਜੈਤੋਂ, 23 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਆਰੰਭ ਕੀਤੀ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਦੇ ਤਹਿਤ ਸਰਕਾਰ ਵੱਲੋਂ ਨਸ਼ਾ ਤਸਕਰਾਂ ਦੇ ਖਿਲਾਫ ਕਾਰਵਾਈ ਜਾਰੀ ਹੈ। ਇਸੇ ਲੜੀ ਤਹਿਤ ਅੱਜ ਫਰੀਦਕੋਟ ਦੇ ਪਿੰਡ ਬੁਰਜ ਜਵਾਹਰ ਸਿੰਘ ਵਾਲਾ ਵਿਖੇ ਪ੍ਰਸ਼ਾਸ਼ਨ ਵੱਲੋਂ ਗੈਰ ਕਾਨੂੰਨੀ ਤਰੀਕੇ ਨਾਲ ਬਣਾਈ ਗਈ ਉਸਾਰੀ ਨੂੰ ਢਾਇਆ ਗਿਆ।

ਡੀ.ਐਸ.ਪੀ (ਜੈਤੋ) ਸ਼੍ਰੀ ਇਕਬਾਲ ਸਿੰਘ ਵੱਲੋ ਇਸ ਸਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਥਾਣਾ ਬਾਜਾਖਾਨਾ ਦੇ ਅੰਦਰ ਆਉਦੇ ਪਿੰਡ ਜਵਾਹਰ ਸਿੰਘ ਵਾਲਾ ਦੇ ਵਸਨੀਕ ਬਲਜੀਤ ਸਿੰਘ ਪੁੱਤਰ ਮੰਦਰ ਸਿੰਘ ਵੱਲੋਂ ਨਜਾਇਜ ਉਸਾਰੀ ਕੀਤੀ ਗਈ ਸੀ। ਇਸ ਸਬੰਧੀ ਸਮਰੱਥ ਅਥਾਰਟੀ ਤੋਂ ਇਸ ਨੂੰ ਢਾਉਣ ਮੌਕੇ ਸੁਰੱਖਿਆ ਪ੍ਰਬੰਧ ਕਰਨ ਦੀਆਂ ਹਦਾਇਤਾਂ ਪ੍ਰਾਪਤ ਹੋਈਆਂ ਸਨ। ਜਿਸ ਤੋਂ ਬਾਅਦ ਸਿਵਲ ਪ੍ਰਸ਼ਾਸ਼ਨ ਵੱਲੋਂ ਕਾਰਵਾਈ ਕਰਦਿਆਂ ਇਸ ਨਜਾਇਜ ਉਸਾਰੀ ਨੂੰ ਢਾਹ ਦਿੱਤਾ ਗਿਆ। ਉਹਨਾ ਦੱਸਿਆ ਕਿ ਜਦੋ ਇਸ ਵਿਅਕਤੀ ਦੇ ਕ੍ਰਿਮੀਨਲ ਰਿਕਾਰਡ ਦੀ ਜਾਚ ਕੀਤੀ ਗਈ ਤਾਂ ਇਹ ਸਾਹਮਣੇ ਆਇਆ ਕਿ ਬਲਜੀਤ ਸਿੰਘ ਦੇ ਖਿਲਾਫ ਨਸ਼ੇ ਦੀ ਤਸਕਰੀ ਸਬੰਧੀ 03 ਮੁਕੱਦਮੇ ਦਰਜ ਰਜਿਸਟਰ ਹੈ, ਇਸ ਦੇ ਨਾਲ ਹੀ ਸੰਗਠਿਤ ਅਪਰਾਧ ਸਬੰਧੀ ਵੀ ਮਾਮਲਾ ਦਰਜ ਰਜਿਸਟਰ ਹੈ।

ਇਸ ਮੌਕੇ ਬਤੌਰ ਡਿਊਟੀ ਮੈਜਿਸਟ੍ਰੇਟ, ਸ਼੍ਰੀ ਵਿਕਾਸ ਕੁਮਾਰ, ਬਲਾਕ ਵਿਕਾਸ ਅਤੇ ਪੰਚਾਇਤ ਅਫਸਰ, ਕੋਟਕਪੂਰਾ ਸਮੇਤ ਸਿਵਲ ਪ੍ਰਸ਼ਾਸ਼ਨ ਦੇ ਹੋਰ ਅਧਿਕਾਰੀ ਵੀ ਮੌਕੇ ਤੇ ਮੌਜੂਦ ਸਨ।

ਇਸ ਮੌਕੇ ਮੌਜੂਦ ਬਲਾਕ ਵਿਕਾਸ ਅਤੇ ਪੰਚਾਇਤ ਅਫਸਰ, ਕੋਟਕਪੂਰਾ ਸ਼੍ਰੀ ਵਿਕਾਸ ਕੁਮਾਰ ਨੇ ਦੱਸਿਆ ਕਿ ਇਹ ਉਸਾਰੀ ਬਲਜੀਤ ਸਿੰਘ ਵੱਲੋਂ ਨਜਾਇਜ



ਤੌਰ ਤੇ ਕੀਤੀ ਗਈ ਸੀ, ਜਿਸ ਸਬੰਧੀ ਗਰਾਮ ਪੰਚਾਇਤ ਵੱਲੋਂ ਇਸ ਨਜਾਇਜ ਕਬਜੇ ਨੂੰ ਦੂਰ ਕਰਨ ਸਬੰਧੀ ਮਤਾ ਪਾਸ ਕੀਤਾ ਗਿਆ ਸੀ, ਜਿਸ ਤੇ ਕਾਰਵਾਈ ਕਰਦੇ ਹੋਏ ਇਹਨਾ ਨੂੰ ਕਈ ਵਾਰ ਨੋਟਿਸ ਵੀ ਦਿੱਤੇ ਗਏ ਸਨ, ਪ੍ਰੰਤੂ ਕਬਜਾਕਾਰੀਆਂ ਵੱਲੋਂ ਇਸ ਜਗ੍ਹਾ ਨੂੰ ਖਾਲੀ ਨਾ ਕਰਨ ਕਰਕੇ ਇੱਥੇ ਬਲਡੋਜਰ ਕਾਰਵਾਈ ਕੀਤੀ ਗਈ ਹੈ। ਡੀ.ਐਸ.ਪੀ (ਜੈਤੋ) ਸ਼੍ਰੀ ਇਕਬਾਲ ਸਿੰਘ ਵੱਲੋ ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਪੰਜਾਬ ਸਰਕਾਰ ਦੇ ਨਿਰਦੇਸ਼ਾਂ ਅਨੁਸਾਰ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਦੇ ਤਹਿਤ ਜ਼ਿਲ੍ਹੇ ਵਿੱਚ ਵਿਆਪਕ ਪੱਧਰ ਤੇ ਕਾਰਵਾਈਆਂ ਕੀਤੀਆਂ ਜਾ ਰਹੀਆਂ ਹਨ। ਉਹਨਾਂ ਨੇ ਕਿਹਾ ਕਿ ਜੋ ਕੋਈ ਵੀ ਨਸ਼ੇ ਵੇਚ ਕੇ ਜਾਇਦਾਦ ਬਣਾਏਗਾ ਉਸ ਨੂੰ ਸਮਰੱਥ ਅਥਾਰਟੀ ਪਾਸੋ ਕਾਨੂੰਨੀ ਪ੍ਰਕਿਰਿਆ ਮੁਤਾਬਿਕ ਮੰਨਜੂਰੀ ਹਾਸਿਲ ਉਪਰੰਤ ਅਟੈਚ ਕਰਵਾਇਆ ਜਾਏਗਾ।

ਫਰੀਦਕੋਟ ਪੁਲਿਸ ਵੱਲੋਂ ਯੁੱਧ ਨਸ਼ਿਆ ਵਿਰੁੱਧ ਤਹਿਤ ਕਾਰਵਾਈ ਕਰਦੇ ਹੋਏ ਮਾਰਚ-2025 ਤੋ ਹੁਣ ਤੱਕ 954 ਮੁਕੱਦਮੇ ਦਰਜ ਕਰਕੇ 1461 ਦੋਸ਼ੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ, ਜਿਸ ਦੌਰਾਨ 31 ਕਿਲੋ ਤੋ ਵੱਧ ਹੈਰੋਇਨ, 07 ਕਿਲੋ ਅਫੀਮ, 20 ਕੁਇੰਟਲ ਦੇ ਕਰੀਬ ਪੋਸਤ, 21 ਹਜਾਰ ਨਸ਼ੀਲੀਆਂ ਗੋਲੀਆ/ਕੈਪਸੂਲ ਅਤੇ 15 ਲੱਖ ਦੇ ਕਰੀਬ ਡਰੱਗ ਮਨੀ ਬਰਾਮਦ ਕੀਤੀ ਗਈ ਹੈ। ਇਸਦੇ ਨਾਲ ਹੀ ਹੁਣ ਤੱਕ ਨਸ਼ਾ ਤਸਕਰਾ ਦੀ ਕਰੀਬ 09 ਕਰੋੜ ਤੋ ਜਿਆਦਾ ਕੀਮਤ ਦੀ ਜਾਇਦਾਤ ਪਿਛਲੇ ਕਰੀਬ 18 ਮਹੀਨਿਆ ਅੰਦਰ ਹੀ ਫਰੀਜ ਕਰਵਾਈ ਗਈ ਹੈ। ਇਸ ਮੌਕੇ ਸਥਾਨਿਕ ਮੁਹੱਲਾ ਵਾਸੀਆਂ ਨੇ ਢੁੱਕਵੀ ਕਾਰਵਾਈ ਲਈ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦਾ ਧੰਨਵਾਦ ਕੀਤਾ ਅਤੇ ਜ਼ਿਲਾ ਪ੍ਰਸ਼ਾਸ਼ਨ ਵੱਲੋਂ ਕੀਤੇ ਇਸ ਉਪਰਾਲੇ ਦੀ ਭਰਪੂਰ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਨਸ਼ਿਆਂ ਦੇ ਸੌਦਾਗਰਾਂ ਵਿਰੁੱਧ ਕੀਤੀ ਜਾ ਰਹੀ ਕਾਰਵਾਈ ਬਹੁਤ ਸਲਾਘਾਪੂਰਨ ਹੈ।

ਜ਼ਿਲ੍ਹਾ ਪ੍ਰਸ਼ਾਸ਼ਨ ਅਤੇ ਪੁਲਿਸ ਦੇ ਅਧਿਕਾਰੀਆਂ ਨੇ ਇਸ ਮੌਕੇ ਲੋਕਾਂ ਨੂੰ ਵਿਸ਼ਵਾਸ਼ ਦਿਵਾਇਆ ਕਿ ਨਸ਼ਿਆਂ ਦੇ ਖਤਮੇ ਲਈ ਪੰਜਾਬ ਸਰਕਾਰ ਪੂਰੀ ਤਰਾਂ ਉਨ੍ਹਾਂ ਦੇ ਨਾਲ ਹੈ ਅਤੇ ਨਸ਼ਿਆਂ ਦਾ ਸ਼ਿਕਾਰ ਲੋਕਾਂ ਦਾ ਇਲਾਜ ਕਰਕੇ ਉਨ੍ਹਾਂ ਦੇ ਪੁਨਰਵਾਸ ਵਿੱਚ ਪੂਰੀ ਸਹਾਇਤਾ ਕੀਤੀ ਜਾਵੇਗੀ।

# ਰਿਸ਼ਵਤਖੋਰੀ ਵਿਰੁੱਧ ਵੱਡੀ ਕਾਰਵਾਈ: ਜਨ ਸਿਹਤ ਵਿਭਾਗ ਦੇ ਤਿੰਨ ਕਰਮਚਾਰੀ ਗ੍ਰਿ਼ਫਤਾਰ

## ਰਾਜ ਵਿਜੀਲੈਂਸ ਅਤੇ ਭ੍ਰਿਸ਼ਟਾਚਾਰ ਵਿਰੋਧੀ ਬਿਊਰੋ, ਅੰਬਾਲਾ ਨੇ 30,000 ਰੁਪਏ ਦੀ ਨਕਦ ਰਿਸ਼ਵਤ ਜ਼ਬਤ

**ਚੰਡੀਗੜ੍ਹ, 23 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਰਾਜ ਵਿਜੀਲੈਂਸ ਅਤੇ ਭ੍ਰਿਸ਼ਟਾਚਾਰ ਵਿਰੋਧੀ ਬਿਊਰੋ, ਅੰਬਾਲਾ ਨੇ ਭ੍ਰਿਸ਼ਟਾਚਾਰ ਵਿਰੁੱਧ ਸਖ਼ਤ ਰੁਖ਼ ਅਪਣਾਉਂਦੇ ਹੋਏ ਇੱਕ ਮਹੱਤਵਪੂਰਨ ਕਾਰਵਾਈ ਕੀਤੀ ਹੈ। ਅੱਜ, ਜਨ ਸਿਹਤ ਵਿਭਾਗ, ਡਿਵੀਜ਼ਨ ਨੰਬਰ-1, ਕੈਥਲ ਦੇ ਤਿੰਨ ਕਰਮਚਾਰੀਆਂ ਨੂੰ ਕੈਥਲ ਨਿਵਾਸੀ ਦੀ ਸ਼ਿਕਾਇਤ ਦੇ ਆਧਾਰ 'ਤੇ ਰਿਸ਼ਵਤ ਲੈਂਦੇ ਹੋਏ ਗ੍ਰਿ਼ਫਤਾਰ ਕੀਤਾ ਗਿਆ।

ਬਿਊਰੋ ਦੀ ਟੀਮ ਨੇ ਦੋਸ਼ੀ, ਡਿਪਟੀ ਸੁਪਰਡੈਂਟ, ਕਮਲਕਾਂਤ, ਨੂੰ 20,000 ਰੁਪਏ ਦੀ ਨਕਦ ਰਿਸ਼ਵਤ ਲੈਂਦੇ ਹੋਏ ਅਤੇ ਕੰਪਿਊਟਰ ਆਪਰੇਟਰ ਅਸ਼ੋਕ ਕੁਮਾਰ ਨੂੰ 10,000 ਰੁਪਏ ਦੀ ਨਕਦ ਰਿਸ਼ਵਤ ਲੈਂਦੇ ਹੋਏ ਰੰਗੇ ਹੱਥੀਂ ਕਾਬੂ ਕੀਤਾ, ਜਿਸਦੀ ਕੁੱਲ ਰਕਮ 30,000 ਰੁਪਏ ਬਣਦੀ ਹੈ। ਇਸ ਤੋਂ ਇਲਾਵਾ, ਸਹਿ-ਮੁਲਜ਼ਮ ਬਲਜੀਤ, ਕੰਪਿਊਟਰ ਆਪਰੇਟਰ, ਨੂੰ ਵੀ ਕੈਥਲ ਦੇ ਜਨ ਸਿਹਤ ਵਿਭਾਗ ਦਫ਼ਤਰ ਤੋਂ ਇਸ ਮਾਮਲੇ ਵਿੱਚ ਸ਼ਾਮਲ ਹੋਣ ਲਈ ਗ੍ਰਿ਼ਫਤਾਰ ਕੀਤਾ ਗਿਆ।

ਸ਼ਿਕਾਇਤਕਰਤਾ ਨੇ ਦੋਸ਼ ਲਗਾਇਆ ਕਿ ਉਸਨੇ ਅਤੇ ਉਸਦੇ ਭਰਾ ਨੇ 2025-26 ਵਿੱਚ ਕੈਥਲ ਡਿਵੀਜ਼ਨ ਨੰਬਰ-1 ਦੇ ਜਨ ਸਿਹਤ ਵਿਭਾਗ ਵਿੱਚ ਉਸਾਰੀ ਅਤੇ ਹੋਰ ਵਿਕਾਸ ਕਾਰਜ ਕੀਤੇ ਸਨ, ਜਿਸਦੇ ਲਗਭਗ 30 ਲੱਖ ਰੁਪਏ ਦੇ ਬਿੱਲ ਮਨਜ਼ੂਰੀ ਲਈ ਲੰਬਿਤ ਸਨ। ਦੋਸ਼ੀ ਨੇ ਇਨ੍ਹਾਂ ਬਿੱਲਾਂ ਨੂੰ ਮਨਜ਼ੂਰੀ ਦੇਣ ਦੇ ਬਦਲੇ ਰਿਸ਼ਵਤ ਦੀ ਮੰਗ ਕੀਤੀ ਸੀ। ਸ਼ਿਕਾਇਤ ਦੀ ਪੁਸ਼ਟੀ ਕਰਨ 'ਤੇ, ਬਿਊਰੋ ਨੇ ਸੁਤੰਤਰ ਗਵਾਹਾਂ ਦੀ ਮੌਜੂਦਗੀ ਵਿੱਚ ਇੱਕ ਪਾਰਦਰਸ਼ੀ, ਕਾਨੂੰਨੀ ਫਸਾਉਣ ਦੀ ਕਾਰਵਾਈ ਕੀਤੀ।

ਇਸ ਸਬੰਧ ਵਿੱਚ, ਮੁਕੱਦਮਾ ਨੰਬਰ 1, ਮਿਤੀ 20.02.2026, ਦੋਸ਼ੀ ਵਿਰੁੱਧ ਭ੍ਰਿਸ਼ਟਾਚਾਰ ਰੋਕਥਾਮ ਐਕਟ, 1988 ਦੀ ਧਾਰਾ 7 ਅਤੇ ਭਾਰਤੀ ਦੰਡ ਸੰਹਿਤਾ ਦੀ ਧਾਰਾ 61(2) ਦੇ ਤਹਿਤ ਰਾਜ ਵਿਜੀਲੈਂਸ ਅਤੇ ਭ੍ਰਿਸ਼ਟਾਚਾਰ ਵਿਰੋਧੀ ਬਿਊਰੋ, ਅੰਬਾਲਾ ਪੁਲਿਸ ਸਟੇਸ਼ਨ ਵਿਖੇ ਦਰਜ ਕੀਤਾ ਗਿਆ ਸੀ, ਅਤੇ ਅੱਗੇ ਦੀ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ।

# ਅੰਤਰ ਰਾਸ਼ਟਰੀ ਮਾਂ ਬੋਲੀ ਦਿਵਸ ਮੌਕੇ ਕੱਢੀ ਗਈ ਰੈਲੀ ਅਤੇ ਵਿੱਦਿਅਕ ਦੌਰਾ ਕਰਵਾਇਆ

**ਮਾਛੀਵਾੜਾ ਸਾਹਿਬ, 23 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**




ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਫਾਰ ਵਿਮੈਨ ਝਾੜ ਸਾਹਿਬ (ਲੁਧਿ.) ਦੇ ਪ੍ਰਿੰਸੀਪਲ ਡਾ.ਰਜਿੰਦਰ ਕੌਰ ਦੇ ਨਿਰਦੇਸ਼ਾਂ ਅਨੁਸਾਰ ਕਾਲਜ ਦੇ ਪੋਸਟ ਗ੍ਰੈਜੂਏਟ ਪੰਜਾਬੀ ਵਿਭਾਗ ਦੇ ਮੁਖੀ ਡਾ.ਮਹੀਪਿੰਦਰ ਕੌਰ ਅਤੇ ਪੰਜਾਬੀ ਸਾਹਿਤ ਸਭਾ, ਐਨ.ਐਸ.ਐਸ. ਯੂਨਿਟ ਦੇ ਕਨਵੀਨਰ ਪ੍ਰੋ. ਜਸਵੀਰ ਕੌਰ ਦੀ ਅਗਵਾਈ ਹੇਠ ਕਾਲਜ ਦੀਆਂ ਵਿਦਿਆਰਥਣਾਂ ਵੱਲੋਂ ਅੰਤਰ ਰਾਸ਼ਟਰੀ ਮਾਂ ਬੋਲੀ ਦਿਹਾੜੇ ਨੂੰ ਸਮਰਪਿਤ ਚੇਤਨਾ ਰੈਲੀ ਸ੍ਰੀ ਚਮਕੌਰ ਸਾਹਿਬ ਵਿਖੇ ਕੱਢੀ ਗਈ। ਇਸ ਰੈਲੀ ਵਿੱਚ ਵਿਦਿਆਰਥਣਾਂ ਨੇ ਮਾਂ ਬੋਲੀ ਨੂੰ ਬਚਾਉਣ ਦਾ ਨਾਅਰਾ ਲਗਾਇਆ। ਕਾਲਜ ਸਟਾਫ ਵੱਲੋਂ ਹਰੀ ਝੰਡੀ ਦੇ ਕੇ ਚੇਤਨਾ ਰੈਲੀ ਨੂੰ ਰਵਾਨਾ ਕੀਤਾ ਗਿਆ। ਇਸ ਮੌਕੇ ਵਿਦਿਆਰਥਣਾਂ ਨੂੰ ਸੰਬੋਧਨ ਕਰਦੇ ਹੋਏ ਪ੍ਰਿੰਸੀਪਲ ਡਾ.ਰਜਿੰਦਰ ਕੌਰ ਨੇ ਕਿਹਾ ਕਿ ਸਾਨੂੰ ਹਰ ਬੋਲੀ ਸਿੱਖਣੀ ਚਾਹੀਦੀ ਹੈ ਪਰ ਪਹਿਲ ਆਪਣੀ ਮਾਤ ਭਾਸ਼ਾ ਨੂੰ ਹੀ ਦੇਣੀ ਚਾਹੀਦੀ ਹੈ। ਪੰਜਾਬੀ ਬੋਲੀ ਅਜਿਹੀਆਂ ਹੀ ਭਾਸ਼ਾਵਾਂ ਵਿੱਚੋਂ ਇੱਕ ਹੈ ਜਿਸ ਨੂੰ ਆਪਣੇ ਮਾਣਮੱਤੇ ਸਭਿਆਚਾਰ ਦੀ ਮੂੰਹ ਬੋਲਦੀ ਤਸਵੀਰ ਦੇ ਰੂਪ ਵਿੱਚ ਜਾਣਿਆ ਜਾਂਦਾ ਹੈ।

ਪੰਜਾਬੀ ਬੋਲੀ ਦਾ ਇਤਿਹਾਸ ਸਦੀਆਂ ਪੁਰਾਣਾ ਹੈ। ਸਿੱਖ ਗੁਰੂ ਸਾਹਿਬਾਨ ਨੇ ਇਸ ਨੂੰ ਬਣਦੀ ਥਾਂ ਹੀ ਨਹੀਂ ਦਿੱਤੀ ਸਗੋਂ ਗੁਰੂਆਂ ਦੇ ਮੁਖ ਤੋਂ ਗੁਰਮੁਖੀ ਦਾ ਸਫਰ ਸ਼ੁਰੂ ਹੋਇਆ ਹੈ। ਸਾਨੂੰ ਸਭ ਨੂੰ ਪੰਜਾਬ, ਪੰਜਾਬੀ, ਪੰਜਾਬੀਅਤ ਨੂੰ ਬਚਾਉਣ ਲਈ ਮਿਲ ਕੇ ਹੰਭਲਾ ਮਾਰਨਾ ਚਾਹੀਦਾ ਹੈ। ਰੈਲੀ ਵਿੱਚ ਵਿਦਿਆਰਥਣਾਂ ਨੇ ਪੰਜਾਬੀ ਮਾਂ ਬੋਲੀ ਨੂੰ ਦਰਸਾਉਂਦੇ ਬੈਨਰ ਅਤੇ ਸਲੋਗਨ ਤਖਤੀਆਂ ਹੱਥਾਂ ਵਿੱਚ ਫੜ ਕੇ ਪੰਜਾਬੀ ਮਾਂ ਬੋਲੀ ਨੂੰ ਬਚਾਈ ਰੱਖਣ ਦਾ ਹੋਕਾ ਦਿੱਤਾ।

ਵਿਦਿਆਰਥਣਾਂ ਵੱਲੋਂ ਇਸ ਮੌਕੇ ਉਚਾਰੇ ਗਏ ਸਲੋਗਨ ਦਿਲ ਨੂੰ ਟੁੰਬਣ ਵਾਲੇ ਸਨ। ਪੰਜਾਬੀ ਵਿਭਾਗ ਦੇ ਮੁਖੀ ਡਾ.ਮਹੀਪਿੰਦਰ ਕੌਰ ਨੇ ਦੱਸਿਆ ਕਿ ਵਿਦਿਆਰਥਣਾਂ ਵਿੱਚ ਪੜ੍ਹਨ ਦੀ ਰੁਚੀ ਨੂੰ ਪ੍ਰਫੁੱਲਤ ਕਰਨ ਹਿੱਤ ਵਿਭਾਗ ਵੱਲੋਂ ਪਟਿਆਲਾ ਸਾਹਿਤ ਉਤਸਵ ਅਤੇ ਪੁਸਤਕ ਮੇਲਾ ਜੋ ਕਿ ਜਗਤ ਗੁਰੂ ਨਾਨਕ ਦੇਵ ਓਪਨ ਯੂਨੀਵਰਸਿਟੀ, ਪਟਿਆਲਾ ਵਿਖੇ ਆਯੋਜਿਤ ਕੀਤਾ ਗਿਆ, ਵਿੱਚ 20 ਫਰਵਰੀ, 2026 ਨੂੰ ਵਿਦਿਆਰਥਣਾਂ ਨੂੰ ਲਿਜਾਇਆ ਗਿਆ ਜਿੱਥੇ ਵਿਦਿਆਰਥਣਾਂ ਨੇ ਸਾਹਿਤ, ਸੱਭਿਆਚਾਰ, ਧਾਰਮਿਕ, ਇਤਿਹਾਸਿਕ ਆਦਿ ਗਿਆਨ ਭਰਪੂਰ ਵਿਸ਼ਿਆਂ ਨਾਲ ਸਬੰਧਤ ਪੁਸਤਕਾਂ ਖਰੀਦੀਆਂ ਅਤੇ ਇਸ ਮੌਕੇ ਹੋਈ ਸਾਹਿਤਕ ਗੋਸ਼ਟੀ, ਕਵੀ ਦਰਬਾਰ ਦਾ ਵੀ ਆਨੰਦ ਮਾਣਿਆ।

# ਪਟਿਆਲਾ ਫਾਊਂਡੇਸ਼ਨ ਵੱਲੋਂ ਪਟਿਆਲਾ ਹੈਰੀਟੇਜ ਵਾਕ (ਸ਼ਾਹੀ ਸਮਾਧਾਂ ਤੋਂ ਕਿਲਾ ਮੁਬਾਰਕ) 2026 ਦਾ ਆਯੋਜਨ



**ਪਟਿਆਲਾ, 23 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਫਾਊਂਡੇਸ਼ਨ ਵੱਲੋਂ ਪਟਿਆਲਾ ਹੈਰੀਟੇਜ ਫੈਸਟੀਵਲ 2026 ਦੇ ਤਹਿਤ ਜ਼ਿਲ੍ਹਾ ਪ੍ਰਸ਼ਾਸਨ ਅਤੇ ਨਗਰ ਨਿਗਮ ਪਟਿਆਲਾ ਦੇ ਸਹਿਯੋਗ ਨਾਲ ਪਟਿਆਲਾ ਹੈਰੀਟੇਜ ਵਾਕ (ਸ਼ਾਹੀ ਸਮਾਧਾਂ ਤੋਂ ਕਿਲਾ ਮੁਬਾਰਕ) 2026 ਦਾ ਆਯੋਜਨ ਕੀਤਾ ਜਾ ਰਿਹਾ ਹੈ। ਪਟਿਆਲਾ ਦੀ ਅਮੀਰ ਸ਼ਾਹੀ ਵਿਰਾਸਤ ਅਤੇ ਆਰਕੀਟੈਕਚਰਲ ਸ਼ਾਨ ਦੇ ਮਾਣਮੱਤੇ ਜਸ਼ਨ ਵਿੱਚ, ਪਟਿਆਲਾ ਫਾਊਂਡੇਸ਼ਨ ਨੇ 20 ਫਰਵਰੀ ਨੂੰ ਪਟਿਆਲਾ ਹੈਰੀਟੇਜ ਫੈਸਟੀਵਲ 2026 ਦੇ ਤਹਿਤ ਜ਼ਿਲ੍ਹਾ ਪ੍ਰਸ਼ਾਸਨ ਅਤੇ ਨਗਰ ਨਿਗਮ ਪਟਿਆਲਾ ਦੇ ਸਹਿਯੋਗ ਨਾਲ ਪਟਿਆਲਾ ਹੈਰੀਟੇਜ ਵਾਕ (ਸ਼ਾਹੀ ਸਮਾਧਾਂ ਤੋਂ ਕਿਲਾ ਮੁਬਾਰਕ) ਸਫਲਤਾਪੂਰਵਕ ਕਰਵਾਇਆ। ਇਹ ਵਿਰਾਸਤੀ ਵਾਕ ਪਟਿਆਲਾ ਦੇ ਸਾਬਕਾ ਸ਼ਾਸਕਾਂ ਦੇ ਸ਼ਾਹੀ ਸਸਕਾਰ ਸਮਾਰਕ, ਸਤਿਕਾਰਯੋਗ ਸ਼ਾਹੀ ਸਮਾਧਾਂ ਤੋਂ ਸ਼ੁਰੂ ਹੋਈ ਅਤੇ ਪੰਜਾਬ ਦੇ ਸਭ ਤੋਂ ਪ੍ਰਤੀਕ ਅਤੇ ਇਤਿਹਾਸਕ ਤੌਰ &#CI;ਤੇ ਮਹੱਤਵਪੂਰਨ ਸਥਾਨਾਂ ਵਿੱਚੋਂ ਇੱਕ, ਸ਼ਾਨਦਾਰ ਕਿਲਾ ਮੁਬਾਰਕ &#CI;ਤੇ ਸਮਾਪਤ ਹੋਈ। ਇਸ ਪਹਿਲ ਦਾ ਉਦੇਸ਼ ਵਿਰਾਸਤੀ ਸੰਭਾਲ, ਨਾਗਰਿਕ ਜਾਗਰੂਕਤਾ ਅਤੇ ਪਟਿਆਲਾ ਦੇ ਸ਼ਾਨਦਾਰ ਅਤੀਤ ਵਿੱਚ ਮਾਣ ਦੀ ਇੱਕ ਨਵੀਂ ਭਾਵਨਾ ਨੂੰ ਉਤਸ਼ਾਹਿਤ ਕਰਨਾ ਸੀ।

ਇਸ ਸੈਰ ਵਿੱਚ ਨਾਗਰਿਕ, ਵਿਦਿਆਰਥੀਆਂ, ਵਿਰਾਸਤ ਪ੍ਰੇਮੀਆਂ ਅਤੇ ਭਾਈਚਾਰੇ ਦੇ ਮੈਂਬਰਾਂ ਨੇ ਉਤਸ਼ਾਹੀ ਭਾਗੀਦਾਰੀ ਵੇਖੀ, ਜਿਨ੍ਹਾਂ ਨੇ ਇਤਿਹਾਸਕ ਲਾਂਘੇ ਦੀ ਪੜਚੋਲ ਕੀਤੀ ਅਤੇ ਇਨ੍ਹਾਂ ਸਮਾਰਕਾਂ ਦੀ ਆਰਕੀਟੈਕਚਰਲ ਪ੍ਰਤਿਭਾ, ਇਤਿਹਾਸਕ ਬਿਰਤਾਂਤਾਂ ਅਤੇ ਸੱਭਿਆਚਾਰਕ ਮਹੱਤਤਾ ਬਾਰੇ ਸਿੱਖਿਆ। ਇਸ ਸਮਾਗਮ ਨੂੰ ਸ਼੍ਰੀ ਵਰਜੀਤ ਵਾਲੀਆ (IAS) (ਡਿਪਟੀ ਕਮਿਸ਼ਨਰ, ਪਟਿਆਲਾ), ਸ਼੍ਰੀਮਤੀ ਦੀਪਜੋਤ ਕੌਰ (ਜੁਆਇੰਟ ਕਮਿਸ਼ਨਰ, ਪੀ.ਸੀ.ਐਸ.), ਮੁੱਖ ਮਹਿਮਾਨ ਸ਼੍ਰੀ ਹਰਪਾਲ ਜੁਨੇਜਾ (ਚੇਅਰਮੈਨ, ਪੀ.ਆਰ.ਟੀ.ਸੀ.), ਸ਼੍ਰੀ ਸਤੀਸ਼ ਚੰਦਰ (ਸੀ.ਐਮ.ਓ.), ਹੋਰ ਉੱਘੇ ਅਧਿਕਾਰੀਆਂ ਅਤੇ ਭਾਈਚਾਰੇ ਦੇ ਮੈਂਬਰਾਂ ਦੀ ਸਤਿਕਾਰਯੋਗ ਮੌਜੂਦਗੀ ਨਾਲ ਸਨਮਾਨਿਤ ਕੀਤਾ ਗਿਆ, ਜਿਨ੍ਹਾਂ ਸਾਰਿਆਂ ਨੇ ਇਸ ਪਹਿਲਕਦਮੀ ਦੀ ਸ਼ਲਾਘਾ ਕੀਤੀ ਅਤੇ ਵਿਰਾਸਤੀ ਸੰਭਾਲ ਪ੍ਰਤੀ ਪਟਿਆਲਾ ਫਾਊਂਡੇਸ਼ਨ ਦੇ ਸਮਰਪਿਤ ਯਤਨਾਂ ਦੀ ਸ਼ਲਾਘਾ ਕੀਤੀ। ਇਸ ਵਾਕ ਦੀ ਇੱਕ ਮੁੱਖ ਵਿਸ਼ੇਸ਼ਤਾ ਪ੍ਰਮੁੱਖ ਵਿਦਿਅਕ ਸੰਸਥਾਵਾਂ ਦੇ ਵਿਦਿਆਰਥੀਆਂ ਅਤੇ ਫੈਕਲਟੀ ਦੀ ਸਰਗਰਮ ਭਾਗੀਦਾਰੀ ਸੀ, ਜਿਨ੍ਹਾਂ ਵਿੱਚ ਜੀ.ਐਸ.ਐਸ.ਐਸ. ਓਲਡ ਪੁਲਿਸ ਲਾਈਨਜ਼, ਫੇਲ ਖਾਨਾ; ਸਰਕਾਰੀ ਕਾਲਜ ਫਾਰ ਗਰਲਜ਼; ਮੁਲਤਾਨੀ ਮੱਲ ਮੋਦੀ ਕਾਲਜ; ਅਤੇ ਸਰਕਾਰੀ ਸਟੇਟ ਕਾਲਜ ਆਫ਼ ਐਜੂਕੇਸ਼ਨ ਸ਼ਾਮਲ ਹਨ। ਉਨ੍ਹਾਂ ਦੀ ਮੌਜੂਦਗੀ ਨੇ ਨੌਜਵਾਨਾਂ ਦੀ ਸ਼ਮੂਲੀਅਤ ਨੂੰ ਮਹੱਤਵਪੂਰਨ ਤੌਰ 'ਤੇ ਮਜ਼ਬੂਤ ?ਕੀਤਾ ਅਤੇ ਅਕਾਦਮਿਕ ਸਿੱਖਿਆ ਨੂੰ ਸੱਭਿਆਚਾਰਕ ਵਿਰਾਸਤ ਨਾਲ ਜੋੜਨ ਦੇ ਮਹੱਤਵ ਨੂੰ ਹੋਰ ਮਜ਼ਬੂਤ ?ਕੀਤਾ।

ਇਸ ਮੌਕੇ ਬੋਲਦਿਆਂ, ਮੁੱਖ ਮਹਿਮਾਨ ਹਰਪਾਲ ਜੁਨੇਜਾ, ਚੇਅਰਮੈਨ ਪੀ.ਆਰ.ਟੀ.ਸੀ. ਨੇ ਕਿਹਾ ਪਟਿਆਲਾ ਦੀ ਵਿਰਾਸਤ ਹਰ ਨਾਗਰਿਕ ਲਈ ਬਹੁਤ ਮਾਣ ਵਾਲੀ ਗੱਲ ਹੈ।

ਵਿਰਾਸਤੀ ਵਾਕ ਵਰਗੀਆਂ ਪਹਿਲਕਦਮੀਆਂ ਨਾ ਸਿਰਫ਼ ਸਾਡੀ ਇਤਿਹਾਸਕ ਅਮੀਰੀ ਨੂੰ ਦਰਸਾਉਂਦੀਆਂ ਹਨ ਬਲਕਿ ਆਉਣ ਵਾਲੀਆਂ ਪੀੜ੍ਹੀਆਂ ਲਈ ਇਸਨੂੰ ਸੁਰੱਖਿਅਤ ਰੱਖਣ ਬਾਰੇ ਜਾਗਰੂਕਤਾ ਵੀ ਪੈਦਾ ਕਰਦੀਆਂ ਹਨ। ਜਦੋਂ ਪ੍ਰਸ਼ਾਸਨ, ਸੰਸਥਾਵਾਂ ਅਤੇ ਨਾਗਰਿਕ ਇਕੱਠੇ ਹੁੰਦੇ ਹਨ, ਤਾਂ ਅਰਥਪੂਰਨ ਤਬਦੀਲੀ ਸੰਭਵ ਹੁੰਦੀ ਹੈ। ਮੈਂ ਪਟਿਆਲਾ ਫਾਊਂਡੇਸ਼ਨ ਨੂੰ ਲਗਾਤਾਰ ਅਜਿਹੇ ਕਦਮ ਚੁੱਕਣ ਲਈ ਵਧਾਈ ਦਿੰਦਾ ਹਾਂ ਜੋ ਸਾਡੀ ਸੱਭਿਆਚਾਰਕ ਅਤੇ ਨਾਗਰਿਕ ਪਛਾਣ ਨੂੰ ਮਜ਼ਬੂਤ ?ਕਰਦੇ ਹਨ।

ਇਸ ਮੌਕੇ ਬੋਲਦਿਆਂ, ਸ਼੍ਰੀ ਵਰਜੀਤ ਵਾਲੀਆ, (ਆਈ.ਏ.ਐਸ.) ਡਿਪਟੀ ਕਮਿਸ਼ਨਰ ਪਟਿਆਲਾ ਨੇ ਕਿਹਾ: ਪਟਿਆਲਾ ਦੀ ਵਿਰਾਸਤ ਇੱਕ ਅਨਮੋਲ ਸੰਪਤੀ ਹੈ ਜੋ ਸਾਡੇ ਇਤਿਹਾਸ, ਸੱਭਿਆਚਾਰ ਅਤੇ ਪਛਾਣ ਨੂੰ ਦਰਸਾਉਂਦੀ ਹੈ।

ਇਸ ਵਿਰਾਸਤੀ ਵਾਕ ਵਰਗੀਆਂ ਪਹਿਲਕਦਮੀਆਂ ਨਾਗਰਿਕਾਂ - ਖਾਸ ਕਰਕੇ ਵਿਦਿਆਰਥੀਆਂ - ਨੂੰ ਸਾਡੇ ਸ਼ਹਿਰ ਦੀ ਇਤਿਹਾਸਕ ਅਮੀਰੀ ਨੂੰ ਸਮਝਣ ਅਤੇ ਇਸਦੀ ਕਦਰ ਕਰਨ ਲਈ ਉਤਸ਼ਾਹਿਤ ਕਰਦੀਆਂ ਹਨ। ਜ਼ਿਲ੍ਹਾ ਪ੍ਰਸ਼ਾਸਨ ਸੰਭਾਲ ਅਤੇ ਨਾਗਰਿਕ ਮਾਣ ਨੂੰ ਉਤਸ਼ਾਹਿਤ ਕਰਨ ਵਾਲੇ ਸਾਰਥਕ ਯਤਨਾਂ ਦਾ ਸਮਰਥਨ ਕਰਨ ਲਈ ਵਚਨਬੱਧ ਹੈ। ਸਮਾਗਮ ਨੂੰ ਸੰਬੋਧਨ ਕਰਦੇ ਹੋਏ, ਸ੍ਰੀ ਰਵੀ ਸਿੰਘ ਆਹਲੂਵਾਲੀਆ, ਸੰਸਥਾਪਕ ਅਤੇ ਸੀਈਓ, ਪਟਿਆਲਾ ਫਾਊਂਡੇਸ਼ਨ ਨੇ ਕਿਹਾ: ਪਟਿਆਲਾ ਦਾ ਹਰ ਸਮਾਰਕ ਵਿਰਾਸਤ ਅਤੇ ਲੀਡਰਸ਼ਿਪ ਦੀ ਕਹਾਣੀ ਬਿਆਨ ਕਰਦਾ ਹੈ।

# ਪੰਜਾਬ ਸਖੀ ਸ਼ਕਤੀ ਕਰਾਫ਼ਟ ਮੇਲਾ-2026 ਪਟਿਆਲਾ 'ਚ ਅੱਜ ਤੋਂ 2 ਮਾਰਚ ਤੱਕ ਸ਼ੀਸ਼ ਮਹਿਲ ਵਿਖੇ ਸਜੇਗਾ ਪੰਜਾਬ ਸਖੀ ਸ਼ਕਤੀ ਕਰਾਫ਼ਟ ਮੇਲਾ: ਵਰਜੀਤ ਵਾਲੀਆ



**ਪਟਿਆਲਾ, 23 ਫਰਵਰੀ**
**-ਅਮਰਜੀਤ ਸਿੰਘ ਲਾਂਬਾ-**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਦੀ ਵਿਰਾਸਤੀ ਇਮਾਰਤ ਸ਼ੀਸ਼ ਮਹਿਲ ਦੇ ਵਿਹੜੇ 'ਚ 2 ਮਾਰਚ ਤੱਕ ਲੱਗਣ ਜਾ ਰਹੇ ਪੰਜਾਬ ਸਖੀ ਸ਼ਕਤੀ ਕਰਾਫ਼ਟ ਮੇਲੇ ਦੀਆਂ ਤਿਆਰੀਆਂ ਨੂੰ ਦਿੱਤੀਆਂ ਜਾ ਰਹੀਆਂ ਅੰਤਿਮ ਛੋਹਾਂ ਦਾ ਜਾਇਜ਼ਾ ਲੈਣ ਲਈ ਡਿਪਟੀ ਕਮਿਸ਼ਨਰ ਵਰਜੀਤ ਵਾਲੀਆ ਨੇ ਸ਼ੀਸ਼ ਮਹਿਲ ਵਿਖੇ ਨੋਡਲ ਅਫ਼ਸਰ ਤੇ ਵਧੀਕ ਡਿਪਟੀ ਕਮਿਸ਼ਨਰ (ਦਿਹਾਤੀ ਵਿਕਾਸ) ਦਮਨਜੀਤ ਸਿੰਘ ਮਾਨ ਤੇ ਹੋਰ ਅਧਿਕਾਰੀਆਂ ਨਾਲ ਇੱਕ ਬੈਠਕ ਕੀਤੀ।

ਡਿਪਟੀ ਕਮਿਸ਼ਨਰ ਨੇ ਇਸ ਮੌਕੇ ਮੀਡੀਆ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਦਿੱਤੇ ਗਏ ਰੰਗਲਾ ਪੰਜਾਬ ਸੰਕਲਪ ਅਤੇ ਪਿੰਡ ਪੱਧਰੀ ਸਵੈ ਸਹਾਇਤਾ ਗਰੁੱਪਾਂ (ਸੈਲਫ ਹੈਲਪ ਗਰੁੱਪਾਂ) ਅਤੇ ਮਹਿਲਾ ਉਦਮੀਆਂ ਨੂੰ ਸਰਕਾਰੀ ਪੱਧਰ 'ਤੇ ਮਜ਼ਬੂਤ ਮਾਰਕੀਟਿੰਗ ਮੰਚ ਪ੍ਰਦਾਨ ਕਰਵਾਉਣ ਲਈ ਕਰਾਫ਼ਟ ਮੇਲਾ ਪਹਿਲੀ ਵਾਰ ਪੰਜਾਬ ਸਖੀ ਸ਼ਕਤੀ ਕਰਾਫ਼ਟ ਮੇਲੇ ਦੇ ਨਾਮ ਹੇਠ ਕਰਵਾਇਆ ਜਾ ਰਿਹਾ ਹੈ। ਉਨ੍ਹਾਂ ਨੇ ਪਟਿਆਲਾ ਸਮੇਤ ਹੋਰਨਾਂ ਜ਼ਿਲ੍ਹਿਆਂ ਦੇ ਦਰਸ਼ਕਾਂ ਨੂੰ ਵੀ ਖੁੱਲ੍ਹਾ ਸੱਦਾ ਦਿੱਤਾ ਕਿ ਉਹ ਇਸ ਮੇਲੇ ਦਾ ਵੱਧ ਤੋਂ ਵੱਧ ਲਾਭ ਉਠਾਉਣ।

ਵਰਜੀਤ ਵਾਲੀਆ ਨੇ ਦੱਸਿਆ ਕਿ ਪੰਜਾਬ ਸਖੀ ਸ਼ਕਤੀ ਕਰਾਫ਼ਟ ਮੇਲੇ ਵਿੱਚ ਦਰਸ਼ਕਾਂ ਲਈ 22 ਫਰਵਰੀ ਨੂੰ ਮਸ਼ਹੂਰ ਗਾਇਕ ਬੌਬੀ ਸਿੱਧੂ, 24 ਫਰਵਰੀ ਨੂੰ ਹਰਭਜਨ ਮਾਨ, 26 ਫਰਵਰੀ ਨੂੰ ਗੁਰਲੇਜ਼ ਅਖ਼ਤਰ ਅਤੇ 2 ਮਾਰਚ ਨੂੰ ਆਰ ਨੇਤ ਵਲੋਂ ਆਪਣੇ ਪ੍ਰੋਗਰਾਮ ਪੇਸ਼ ਕੀਤੇ ਜਾਣਗੇ।ਜਦਕਿ ਉੱਤਰ ਖੇਤਰੀ ਸਭਿਆਚਾਰਕ ਕੇਂਦਰ ਪਟਿਆਲਾ ਵਲੋਂ ਦਰਜਨ ਤੋਂ ਵੱਧ ਰਾਜਾਂ ਦੇ ਲੋਕ ਨਾਚਾਂ ਅਤੇ ਲੋਕ ਕਲਾਵਾਂ ਦੇ 100 ਤੋਂ ਵਧੇਰੇ ਕਲਾਕਾਰ ਆਪਣੀਆਂ ਵੰਨਗੀਆਂ ਪੇਸ਼ ਕਰਨਗੇ। ਇਸ ਤੋਂ ਬਿਨ੍ਹਾਂ ਦੇਸ਼ ਭਰ ਤੋਂ ਪੁੱਜਣ ਵਾਲੇ 400 ਤੋਂ ਵੱਧ ਸ਼ਿਲਪਕਾਰਾਂ ਦੀਆਂ ਦਸਤਕਾਰੀ ਵਸਤਾਂ ਦਰਸ਼ਕਾਂ ਦੇ ਖਰੀਦਣ ਲਈ ਲਗਭਗ 200 ਸਟਾਲਾਂ 'ਤੇ ਸਜਾਈਆਂ ਜਾਣਗੀਆਂ।

ਇਸ ਮੌਕੇ ਦਮਨਜੀਤ ਸਿੰਘ ਮਾਨ ਨੇ ਦੱਸਿਆ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਦਿਹਾਤੀ ਖੇਤਰਾਂ ਦੀਆਂ ਔਰਤਾਂ ਦੇ ਸਸ਼ਕਤੀਕਰਨ ਲਈ ਸਵੈ ਸਹਾਇਤਾ ਗਰੁੱਪਾਂ ਤੇ ਮਹਿਲਾ ਉਦਮੀਆਂ ਨੂੰ ਪ੍ਰਫੁੱਲਤ ਕਰਨ ਲਈ 'ਪੰਜਾਬ ਸਖੀ ਸ਼ਕਤੀ' ਨਾਮ ਦੇ ਇਸ ਉਪਰਾਲੇ ਤਹਿਤ ਪੇਂਡੂ ਵਿਕਾਸ ਤੇ ਪੰਚਾਇਤੀ ਰਾਜ ਮਹਿਕਮੇ ਦੇ ਅਧੀਨ ਪੰਜਾਬ ਰਾਜ ਦਿਹਾਤੀ ਆਜੀਵਿਕਾ ਮਿਸ਼ਨ ਅਤੇ ਉਦਯੋਗ ਤੇ ਵਣਜ ਵਿਭਾਗ ਵੱਲੋਂ ਲਗਾਇਆ ਜਾ ਰਿਹਾ ਇਹ ਪੰਜਾਬ ਸਖ਼ੀ ਸ਼ਕਤੀ ਕਰਾਫ਼ਟ ਮੇਲਾ ਵੱਖ-ਵੱਖ ਰਾਜਾਂ ਦੇ ਦਸਤਕਾਰਾਂ ਤੇ ਵਿਦੇਸ਼ਾਂ ਦੇ ਸ਼ਿਲਪਕਾਰਾਂ ਸਮੇਤ ਸੈਲਫ ਹੈਲਪ ਗਰੁੱਪਾਂ ਦੀਆਂ ਮਹਿਲਾਵਾਂ ਨੂੰ ਆਪਣੇ ਉਤਪਾਦ ਵੇਚਣ ਲਈ ਇੱਕ ਮੰਚ ਪ੍ਰਦਾਨ ਕਰੇਗਾ।

ਏ.ਡੀ.ਸੀ. ਮਾਨ ਨੇ ਦੱਸਿਆ ਕਿ ਪੰਜਾਬ ਸਖੀ ਸ਼ਕਤੀ ਕਰਾਫਟ ਮੇਲੇ ਦੌਰਾਨ ਦਰਸ਼ਕਾਂ ਦੀ ਖਰੀਦੋ-ਫ਼ਰੋਖ਼ਤ ਲਈ ਧਾਤਾਂ 'ਤੇ ਹੋਇਆ ਦਸਤਕਾਰੀ ਦਾ ਕੰਮ, ਚਿੱਤਰਕਾਰੀ, ਪੱਥਰ ਤੇ ਮੀਨਾਕਾਰੀ ਨਾਲ ਲਬਰੇਜ਼ ਪੁਰਾਤਨ ਗਹਿਣੇ, ਕੱਪੜਿਆਂ 'ਚ ਚਿਕਨਕਾਰੀ, ਗੁਜਰਾਤੀ ਕਢਾਈ, ਸ਼ੀਸ਼ੇ ਦਾ ਕੰਮ, ਬਲਾਕ ਪ੍ਰਿੰਟਿੰਗ, ਕਾਰਪੈਟ, ਸਿਲਕ, ਫੁਲਕਾਰੀ, ਹੱਥੀਂ ਕਢਾਈ, ਕਲਾਕਾਰੀ, ਜ਼ਰੀ, ਸੋਜਨੀ ਅਨੇਕਾ ਕਿਸਮਾਂ ਦੇ ਹੋਰ ਸ਼ਾਨਦਾਰ ਕੱਪੜੇ ਵਿਕਣ ਲਈ ਸਜਾਏ ਜਾਣਗੇ। ਇਸ ਤੋਂ ਬਿਨ੍ਹਾਂ ਮਿੱਟੀ ਦੇ ਬਰਤਨਾਂ ਵਿਚ ਖੁਜ਼ਰਾ ਪੌਟਰੀ, ਜੈਪੁਰ ਪੌਟਰੀ, ਟੈਰਾਕੋਟਾ, ਸੈਰਾਮਿਕ, ਬਲੈਕ ਪੌਟਰੀ, ਪੇਂਟਿੰਗ ਨਾਲ ਸਜੇ ਭਾਂਡੇ, ਪਟਚਿੱਤਰ, ਬਸੋਲੀ ਅਤੇ ਹੋਰ ਅਣਗਿਣਤ ਕਿਸਮਾਂ ਵੀ ਉਪਲਬੱਧ ਹੋਣਗੀਆਂ।

ਦਮਨਜੀਤ ਸਿੰਘ ਮਾਨ ਨੇ ਅੱਗੇ ਦੱਸਿਆ ਕਿ ਉੱਤਰ ਖੇਤਰੀ ਸਭਿਆਚਾਰਕ ਵੱਲੋਂ ਪੰਜਾਬ ਦੇ ਬਾਜੀਗਰ ਤੇ ਨਚਾਰ, ਹਰਿਆਣਾ ਦੇ ਬੀਨ ਜੋਗੀ, ਰਾਜਸਥਾਨ ਦੀ ਕੱਚੀ ਘੋੜੀ, ਬਹਿਰੂਪੀਏ ਸਮੇਤ ਹੋਰ ਵੰਨਗੀਆਂ ਦੀਆਂ ਪੇਸ਼ਕਾਰੀਆਂ ਦਾ ਪ੍ਰਬੰਧ ਕੀਤਾ ਗਿਆ ਹੈ। ਜਦਕਿ ਦਰਸ਼ਕਾਂ ਦੇ ਖਾਣ ਪੀਣ ਲਈ ਲਜੀਜ਼ ਪਕਵਾਨਾਂ ਦੀਆਂ 20 ਸਟਾਲਾਂ ਅਤੇ ਬੱਚਿਆਂ ਦੇ ਮਨੋਰੰਜਨ ਲਈ ਝੂਲਿਆਂ ਤੇ ਖੇਡਾਂ ਦਾ ਵੀ ਪ੍ਰਬੰਧ ਕੀਤਾ ਗਿਆ ਹੈ। ਜਦਕਿ ਇਸ ਦੌਰਾਨ ਕਿਡਜ਼ ਕਾਰਨਰ, ਬੱਚਿਆਂ ਲਈ ਝੂਲੇ ਤੇ ਹੋਰ ਬੰਦੋਬਸਤ ਵੀ ਹਨ। ਮੇਲੇ ਦੌਰਾਨ ਸਕੂਲਾਂ ਤੇ ਕਾਲਜਾਂ ਦੇ ਵਿਦਿਆਰਥੀਆਂ ਦੇ ਮੁਕਾਬਲੇ ਕਰਵਾਕੇ ਜੇਤੂਆਂ ਨੂੰ ਇਨਾਮ ਦਿੱਤੇ ਜਾਣਗੇ।

ਡਿਪਟੀ ਕਮਿਸ਼ਨਰ ਨੇ ਇਸ ਮੇਲੇ ਨੂੰ ਕਰਵਾਉਣ ਲਈ ਗਠਿਤ ਕਮੇਟੀਆਂ ਦੇ ਮੈਂਬਰ ਅਧਿਕਾਰੀਆਂ ਨੂੰ ਸੌਂਪੀਆਂ ਜਿੰਮੇਵਾਰੀਆਂ ਦਾ ਜਾਇਜ਼ਾ ਲਿਆ ਤੇ ਹਦਾਇਤ ਕੀਤੀ ਕਿ ਤਿਆਰੀਆਂ 'ਚ ਕਿਸੇ ਕਿਸਮ ਦੀ ਕੋਈ ਢਿੱਲ-ਮੱਠ ਨਾ ਵਰਤੀ ਜਾਵੇ। ਉਨ੍ਹਾਂ ਕਿਹਾ ਕਿ ਉਮੀਦ ਹੈ ਕਿ ਇਹ ਪੰਜਾਬ ਸਖੀ ਸ਼ਕਤੀ ਕਰਾਫ਼ਟ ਮੇਲਾ ਦਰਸ਼ਕਾਂ ਦੀ ਖਿੱਚ ਦਾ ਵੱਡਾ ਕੇਂਦਰ ਬਣੇਗਾ ਤੇ ਇੱਥੇ ਪਟਿਆਲਾ ਦੇ ਨਾਲ ਲੱਗਦੇ ਜ਼ਿਲ੍ਹਿਆਂ ਤੇ ਬਾਹਰੋਂ ਵੀ ਦਰਸ਼ਕ ਪੁੱਜਣਗੇ। ਇਸ ਮੌਕੇ ਐਸ.ਪੀ. ਸਿਟੀ ਪਲਵਿੰਦਰ ਸਿੰਘ ਚੀਮਾ, ਐਸ.ਡੀ.ਐਮਜ ਨਮਨ ਮਾਰਕੰਨ, ਰਿਚਾ ਗੋਇਲ, ਹਰਜੋਤ ਕੌਰ, ਡੀ.ਐਸ.ਪੀ. ਟ੍ਰੈਫਿਕ ਪੁਨੀਤ ਸਿੰਘ ਚਹਿਲ, ਸੀ.ਐਮ.ਐਫ.ਓ. ਸਤੀਸ਼ ਚੰਦਰ ਸਮੇਤ ਹੋਰ ਪ੍ਰਸ਼ਾਸ਼ਨਿਕ ਅਧਿਕਾਰੀ ਵੀ ਮੌਜੂਦ ਸਨ।

# ਮੁਕਤ ਵਪਾਰ ਸਮਝੌਤਾ ਕਿਸਾਨੀ ਨੂੰ ਤਬਾਹ ਕਰਕੇ ਰੱਖ ਦੇਵੇਗਾ: ਭਾਰਤੀ ਕਿਸਾਨ ਯੂਨੀਅਨ ਰਾਜੇਵਾਲ



**ਨਾਭਾ, 23 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤ ਅਮਰੀਕਾ ਵਿਚਕਾਰ ਮੁਕਤ ਵਪਾਰ ਸਮਝੌਤਾ ਭਾਰਤ ਦੇ ਕਿਸਾਨਾਂ ਨੂੰ ਤਬਾਹ ਕਰਕੇ ਰੱਖ ਦੇਵੇਗਾ ਅਮਰੀਕਾ ਦੇ ਕਿਸਾਨ ਕੋਲ ਭਾਰਤ ਦੇ ਕਿਸਾਨ ਦੇ ਮੁਕਾਬਲੇ ਜ਼ਮੀਨ ਦੀ ਮਾਲਕੀ ਹਜ਼ਾਰਾਂ ਗੁਣਾ ਵੱਧ ਹੈ ਅਤੇ ਅਮਰੀਕਾ ਵੱਲੋਂ ਉਥੋਂ ਦੇ ਕਿਸਾਨ ਨੂੰ ਬਹੁਤ ਜਿਆਦਾ ਸਬਸਿਡੀ ਦਿੱਤੀ ਜਾਂਦੀ ਹੈ ਜਦਕਿ ਇੱਥੋਂ ਦੇ ਕਿਸਾਨ ਦੇ ਫਸਲ @ਤੇ ਹੋਣ ਵਾਲੇ ਖਰਚੇ ਵੀ ਪੂਰੇ ਨਹੀਂ ਹੁੰਦੇ। ਇਸੇ ਕਰਕੇ ਕਿਸਾਨ ਕਰਜ਼ਾਈ ਹੋ ਰਿਹਾ ਹੈ ਜਿਸ ਤਰ੍ਹਾਂ ਕੇਂਦਰ ਦੀ ਮੋਦੀ ਸਰਕਾਰ ਟਰੰਪ ਦੇ ਰਵੱਈਏ ਅੱਗੇ ਗੋਡਿਆਂ ਪਰਨੇ ਹੋਈ ਪਈ ਹੈ ਇਹ ਕਿਸਾਨੀ ਦੇ ਨਾਲ ਨਾਲ ਪੋਲਟਰੀ ਅਤੇ ਡੇਅਰੀ ਵਰਗੇ ਸਹਾਇਕ ਧੰਦਿਆਂ ਦਾ ਵੀ ਦਿਵਾਲਾ ਕੱਢ ਕੇ ਰੱਖ ਦੇਵੇਗੀ।ਇਹ ਪਹਿਲਾਂ ਹੀ ਖੁਦਕੁਸ਼ੀਆਂ ਦੇ ਰਾਹ ਪਈ ਕਿਸਾਨੀ ਲਈ ਹੋਰ ਵੀ ਮਾਰੂ ਸਾਬਤ ਹੋਵੇਗੀ। ਇਹ ਵਿਚਾਰ ਬਲਾਕ ਨਾਭਾ ਦੀ ਮੀਟਿੰਗ ਨੂੰ ਸੰਬੋਧਨ ਕਰਦਿਆਂ ਸੂਬਾ ਸਕੱਤਰ ਹਰਦੀਪ ਸਿੰਘ ਘਨੁੜਕੀ ਨੇ ਰੱਖੇ। ਇਹ ਮੀਟਿੰਗ ਬਲਾਕ ਦੇ ਪ੍ਰਧਾਨ ਅੱਛਰ ਸਿੰਘ ਭੋਜੋ ਮਾਜਰੀ ਦੀ ਪ੍ਰਧਾਨਗੀ ਹੇਠ ਗੁਰਦੁਆਰਾ ਭਗਤ ਧੰਨਾ ਜੀ ਨਵੀਂ ਅਨਾਜ ਮੰਡੀ ਨਾਭਾ ਵਿੱਚ ਹੋਈ। ਅੱਛਰ ਸਿੰਘ ਨੇ ਦੱਸਿਆ ਕਿ 22 ਫਰਵਰੀ ਨੂੰ ਭਾਜਪਾ ਆਗੂ ਮਹਾਂਰਾਣੀ ਪ੍ਰਨੀਤ ਕੌਰ ਦੇ ਘਰ ਅੱਗੇ ਵੱਡੀ ਗਿਣਤੀ ਵਿੱਚ ਨਾਭੇ ਤੋਂ ਵਰਕਰ ਪਹੁੰਚਣਗੇ। ਇਸ ਮੀਟਿੰਗ ਨੂੰ ਸੰਬੋਧਨ ਕਰਨ ਵਾਲਿਆਂ ਵਿੱਚ ਸੂਬਾ ਸਕੱਤਰ ਘੁੰਮਣ ਸਿੰਘ ਰਾਜਗੜ੍ਹ, ਸੀਨੀਅਰ ਆਗੂ ਅਵਤਾਰ ਸਿੰਘ ਕੈਦੂਪੁਰ, ਲਾਭ ਸਿੰਘ ਦਿੱਤੂਪੁਰ, ਜਰਨੈਲ ਸਿੰਘ ਗੁਣੀ ਕੇ, ਭੁਪਿੰਦਰ ਸਿੰਘ ਤੁੰਗਾਂ ਅਤੇ ਗੁਰਮੇਲ ਸਿੰਘ ਪੂਨੀਵਾਲ ਦੇ ਨਾਮ ਜ਼ਿਕਰਯੋਗ ਹਨ ਇਸ ਮੀਟਿੰਗ ਵਿੱਚ ਇੱਕ ਮਤੇ ਰਾਹੀਂ ਪਰਵਿੰਦਰ ਸਿੰਘ ਬਨੇਰਾ ਖੁਰਦ ਨੂੰ ਬਲਾਕ ਦਾ ਸੀਨੀਅਰ ਮੀਤ ਪ੍ਰਧਾਨ ਬਣਾਇਆ ਗਿਆ। ਪਰਵਿੰਦਰ ਸਿੰਘ ਨੇ ਸਾਰਿਆਂ ਦਾ ਧੰਨਵਾਦ ਕਰਦਿਆਂ ਸੌਂਪੀ ਗਈ ਜਿੰਮੇਵਾਰੀ ਨੂੰ ਤਨਦੇਹੀ ਨਾਲ ਨਿਭਾਉਣ ਦਾ ਵਾਅਦਾ ਕੀਤਾ। ਮੀਟਿੰਗ ਦੇ ਵਿੱਚ ਇਲਾਕੇ ਵਿੱਚੋਂ ਵੱਡੀ ਗਿਣਤੀ ਵਿੱਚ ਕਿਸਾਨਾਂ ਨੇ ਸ਼ਮੂਲੀਅਤ ਕੀਤੀ।

# ਚੇਅਰਮੈਨ ਹਰਪਾਲ ਜੁਨੇਜਾ ਅਤੇ ਡੀ ਸੀ ਵਰਜੀਤ ਵਾਲੀਆ ਵੱਲੋਂ ਵਿਰਾਸਤੀ ਸੈਰ ਨੂੰ ਹਰੀ ਝੰਡੀ



**ਪਟਿਆਲਾ, 23 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਆਯੋਜਿਤ 'ਪਟਿਆਲਾ ਹੈਰੀਟੇਜ ਫੈਸਟੀਵਲ-2026' ਦੇ ਤਹਿਤ ਅੱਜ ਸ਼ਹਿਰ ਦੀ ਨੌਜਵਾਨ ਪੀੜ੍ਹੀ ਅਤੇ ਆਮ ਨਾਗਰਿਕਾਂ ਲਈ ਵਿਰਾਸਤੀ ਸੈਰ (ਹੈਰੀਟੇਜ ਵਾਕ) ਦਾ ਆਯੋਜਨ ਕੀਤਾ ਗਿਆ ਜਿਸ ਨੂੰ ਪੀ ਆਰ ਟੀ ਸੀ ਦੇ ਚੇਅਰਮੈਨ ਹਰਪਾਲ ਜੁਨੇਜਾ ਅਤੇ ਡਿਪਟੀ ਕਮਿਸ਼ਨਰ ਵਰਜੀਤ ਵਾਲੀਆ ਨੇ ਸ਼ਾਹੀ ਸਮਾਧਾਂ ਤੋਂ ਹਰੀ ਝੰਡੀ ਦੇ ਕੇ ਰਵਾਨਾ ਕੀਤਾ। ਇਹ ਵਿਸ਼ੇਸ਼ ਉਪਰਾਲਾ ਪਟਿਆਲਾ ਫਾਊਂਡੇਸ਼ਨ ਦੇ ਚੀਫ਼ ਫੰਕਸ਼ਨਰੀ ਰਵੀ ਆਹਲੂਵਾਲੀਆ ਅਤੇ ਐਚ ਡੀ ਐੱਫ ਸੀ ਬੈਂਕ ਦੇ ਮੈਨੇਜਰ ਨਵੀਂਨ ਗੁਪਤਾ ਅਤੇ ਉਹਨਾਂ ਦੀ ਟੀਮ ਵੱਲੋਂ ਕਰਵਾਇਆ ਗਿਆ, ਜਿਸਦਾ ਮਕਸਦ ਵਿਦਿਆਰਥੀਆਂ ਅਤੇ ਪਟਿਆਲਵੀਆਂ ਨੂੰ ਆਪਣੇ ਸ਼ਹਿਰ ਦੀ ਪੁਰਾਣੀ ਅਮੀਰ ਵਿਰਾਸਤ ਨਾਲ ਜੋੜਨਾ ਹੈ।

ਸ੍ਰੀ ਹਰਪਾਲ ਜੁਨੇਜਾ ਨੇ ਇਸ ਮੌਕੇ ਆਪਣੇ ਸੰਬੋਧਨ ਦੌਰਾਨ ਕਿਹਾ ਕਿ ਪਟਿਆਲਾ ਸ਼ਹਿਰ ਦੀ ਵਿਰਾਸਤ ਸਾਡੀ ਸਾਂਝੀ ਪਛਾਣ ਹੈ ਅਤੇ ਇਸ ਨੂੰ ਸਮਝਣਾ ਤੇ ਸੰਭਾਲਣਾ ਹਰ ਨਾਗਰਿਕ ਦੀ ਜ਼ਿੰਮੇਵਾਰੀ ਹੈ। ਉਨ੍ਹਾਂ ਕਿਹਾ ਕਿ ਵਿਦਿਆਰਥੀਆਂ ਅਤੇ ਆਮ ਲੋਕਾਂ ਨੂੰ ਆਪਣੇ ਸ਼ਹਿਰ ਦੀ ਇਤਿਹਾਸਕ ਵਿਰਾਸਤ ਨਾਲ ਜਾਣੂ ਕਰਵਾਉਣਾ ਬਹੁਤ ਹੀ ਸ਼ਲਾਘਾਯੋਗ ਉਪਰਾਲਾ ਹੈ।

ਡਿਪਟੀ ਕਮਿਸ਼ਨਰ ਨੇ ਕਿਹਾ ਕਿ ਇਸ ਤਰ੍ਹਾਂ ਦੀਆਂ ਗਤੀਵਿਧੀਆਂ ਨਾਲ ਨੌਜਵਾਨ ਪੀੜ੍ਹੀ ਵਿੱਚ ਆਪਣੀ ਮਿੱਟੀ, ਸੱਭਿਆਚਾਰ ਅਤੇ ਇਤਿਹਾਸ ਪ੍ਰਤੀ ਮਾਣ ਦੀ ਭਾਵਨਾ ਪੈਦਾ ਹੁੰਦੀ ਹੈ। ਓਹਨਾ ਪਟਿਆਲਾ ਫਾਊਂਡੇਸ਼ਨ ਦੇ ਯਤਨਾਂ ਦੀ ਭਰਪੂਰ ਪ੍ਰਸ਼ੰਸਾ ਕਰਦਿਆਂ ਕਿਹਾ ਕਿ ਇਹ ਉਪਰਾਲਾ ਭਵਿੱਖ ਵਿੱਚ ਵੀ ਜਾਰੀ ਰਹਿਣਾ ਚਾਹੀਦਾ ਹੈ।

# ਪੰਜਾਬ ਦੀਆਂ ਮੰਗਾਂ ਅਤੇ ਸੰਵਿਧਾਨਕ ਹੱਕਾਂ ਪ੍ਰਤੀ ਰਾਜਸੀ ਪਾਰਟੀਆਂ ਆਪਣਾ ਸਟੈਂਡ ਸਪੱਸ਼ਟ ਕਰਨ : ਅਜੇਪਾਲ ਸਿੰਘ ਬਰਾੜ



**ਮੁਹਾਲੀ, 23 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੂਰਾ ਪੰਜਾਬ ਲਹਿਰ ਦੇ ਚੌਥਾ ਦਿਨ ਵੀ ਪੰਜਾਬ ਪ੍ਰਸਤ ਲੋਕਾਂ ਦੀ ਸੋਚ ਨਾਲ ਭਰਪੂਰ ਰਿਹਾ। ਗੁਰੂਦੁਆਰਾ ਅੰਬ ਸਾਹਿਬ ਮੁਹਾਲੀ ਦੇ ਸਾਹਮਣੇ ਪੰਜਾਬ ਦੀਆਂ ਹੱਕੀ, ਜਾਇਜ਼ ਸੰਵਿਧਾਨਕ ਮੰਗਾਂ ਨੂੰ ਲੈਕੇ ਮਿਸਲ ਸਤਲੁਜ ਦੀ ਅਗਵਾਈ ਹੇਠ ਜਾਰੀ ਪੂਰਾ ਪੰਜਾਬ ਲਹਿਰ ਨੂੰ ਵੱਡਾ ਹੁੰਗਾਰਾ ਮਿਲਣਾ ਜਾਰੀ ਹੈ। ਅੱਜ ਮੰਚ ਤੋਂ ਬੋਲਦਿਆਂ ਬੁਲਾਰਿਆਂ ਨੇ ਕਿਹਾ, ਪੂਰਾ ਪੰਜਾਬ ਲਹਿਰ ਨੇ ਪੰਜਾਬ ਦੀ ਦਸ਼ਾ ਅਤੇ ਦਿਸ਼ਾ ਨੂੰ ਨਵਾਂ ਰੂਪ ਦੇਣਾ ਹੈ। ਗੈਰ ਰਾਜਨੀਤਿਕ ਏਜੰਡੇ ਹੇਠ ਪੰਜਾਬ ਦੀਆਂ ਮੰਗਾਂ ਨੂੰ ਸੁਹਿਰਦਤਾ ਦਾ ਨਾਲ ਉਠਾਉਣਾ ਸਮੇਂ ਦੀ ਮੁੱਖ ਲੋੜ ਸੀ।

ਇਸ ਮੌਕੇ ਮਿਸਲ ਸਤਲੁਜ ਦੇ ਪ੍ਰਧਾਨ ਸਰਦਾਰ ਅਜੇਪਾਲ ਸਿੰਘ ਬਰਾੜ ਨੇ ਅਗਲੇ ਪ੍ਰੋਗਰਾਮ ਬਾਰੇ ਜਾਣਕਾਰੀ ਦਿੰਦਿਆਂ ਕਿਹਾ ਕਿ, ਪੂਰਾ ਪੰਜਾਬ ਲਹਿਰ ਦੇ ਕੌਮੀ ਕਨਵੀਨਰ ਅਮਰਿੰਦਰ ਸਿੰਘ ਤੁੜ ਦੀ ਅਗਵਾਈ ਹੇਠ ਸਾਰੀਆਂ ਸਿਆਸੀ ਪਾਰਟੀਆਂ ਨੂੰ ਸੱਦਾ ਪੱਤਰ ਭੇਜਿਆ ਜਾਵੇਗਾ। ਸਾਰੀਆਂ ਸਿਆਸੀ ਪਾਰਟੀਆਂ ਦੇ ਮੁੱਖ ਦਫਤਰ ਨੂੰ ਪਾਰਟੀ ਪ੍ਰਧਾਨ ਦੇ ਮੁਖੀ ਨਾਮ ਹੇਠ ਸੱਦਾ ਪੱਤਰ ਭੇਜਿਆ ਜਾਵੇਗਾ। ਸਾਰੀਆਂ ਸਿਆਸੀ ਜਮਾਤਾਂ ਲਈ ਇੱਕ ਦਿਨ ਰਾਖਵਾਂ ਰੱਖਿਆ ਜਾਵੇਗਾ। ਸੋਸ਼ਲ ਮੀਡੀਆ ਪਲੇਟਫਾਰਮ ਉਪਰ ਮੀਡੀਆ ਰਾਹੀਂ ਸਾਰੇ ਸਿਆਸੀ ਦਲਾਂ ਦੀ ਪੰਜਾਬ ਪ੍ਰਤੀ ਸੋਚ ਅਤੇ ਏਜੰਡੇ ਨੂੰ ਲਿਆਂਦਾ ਜਾਵੇਗਾ।

# ਇਸਲਾਮੀਆ ਹਾਈ ਸਕੂਲ ਬਿੰਜੋਕੀ ਖੁਰਦ ਵਿੱਚ 'ਦਰਸ ਏ ਹਦੀਸ' ਕਿਤਾਬ ਦੀ ਘੁੰਡ ਚੁਕਾਈ ਕੀਤੀ



**ਮਲੇਰਕੋਟਲਾ, 23 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਮੌਜੂਦਾ ਸਮੇਂ ਵਿੱਚ ਨਵੀਂ ਪੀੜ੍ਹੀ ਦੇ ਨੈਤਿਕਤਾ ਦੇ ਪੱਧਰ ਵਿੱਚ ਗਿਰਾਵਟ ਵੇਖੀ ਜਾ ਰਹੀ ਹੈ। ਜਿਸ ਦਾ ਕਾਰਨ ਨਵੀਂ ਪੀੜ੍ਹੀ ਦਾ ਧਾਰਮਿਕ ਸਾਹਿਤ ਤੋਂ ਦੂਰ ਹੋਣਾ ਹੈ। ਇਸ ਸੰਬੰਧ ਵਿੱਚ ਸਥਾਨਕ ਵਿਦਿਅਕ ਅਦਾਰੇ ਇਸਲਾਮੀਆ ਹਾਈ ਸਕੂਲ, ਬਿੰਜੋਕੀ ਖੁਰਦ ਵਿੱਚ ਇੱਕ ਵਿਸ਼ੇਸ਼ ਸਮਾਗਮ ਦਾ ਆਯੋਜਨ ਕੀਤਾ ਗਿਆ। ਜਿਸ ਵਿੱਚ ਮਸ਼ਹੂਰ ਧਾਰਮਿਕ ਵਿਦਵਾਨ ਮੁਫਤੀ ਮੁਹੰਮਦ ਸਾਜਿਦ ਕਾਸਮੀ ਦੀ ਲਿਖਤ 'ਦਰਸ ਏ ਹਦੀਸ' ਦੀ ਰਸਮੀ ਤੌਰ ਤੇ ਘੁੰਡ ਚੁਕਾਈ ਕੀਤੀ ਗਈ। ਇਸ ਮੌਕੇ ਤੇ ਸੰਬੋਧਨ ਕਰਦੇ ਹੋਏ ਸਕੂਲ ਦੇ ਪ੍ਰਿੰਸੀਪਲ ਸ੍ਰੀ ਇਲਿਆਸ ਅੰਸਾਰੀ ਨੇ ਕਿਹਾ ਕਿ ਇਹ ਕਿਤਾਬ ਵਿਦਿਆਰਥੀਆਂ ਅਤੇ ਪੜ੍ਹਨ ਦਾ ਸ਼ੌਂਕ ਰੱਖਣ ਵਾਲੇ ਲੋਕਾਂ ਲਈ ਇਕ ਅਨਮੋਲ ਤੋਹਫਾ ਹੈ। ਉਹਨਾਂ ਕਿਹਾ ਕਿ ਇਹ ਕਿਤਾਬ ਨਾ ਸਿਰਫ ਲੋਕਾਂ ਨੂੰ ਧਾਰਮਿਕ ਜਾਣਕਾਰੀ ਮੁਹਈਆ ਕਰਵਾਏਗੀ ਸਗੋਂ ਨਵੀਂ ਪੀੜੀ ਦੇ ਚਰਿਤਰ ਨਿਰਮਾਣ ਵਿੱਚ ਵੀ ਮਹੱਤਵਪੂਰਨ ਭੂਮਿਕਾ ਨਿਭਾਏਗੀ। ਉਹਨਾਂ ਕਿਹਾ ਕਿ 'ਦਰਸ ਏ ਹਦੀਸ' ਅਰਬੀ, ਉਰਦੂ, ਅੰਗਰੇਜੀ ਅਤੇ ਹਿੰਦੀ ਭਾਸ਼ਾਵਾਂ ਦਾ ਇੱਕ ਖੂਬਸੂਰਤ ਸੰਗਮ ਹੈ। ਇਸ ਵਿੱਚ ਹਜਰਤ ਮੁਹੰਮਦ ਸਾਹਿਬ ਦੀਆਂ 100 ਤੋਂ ਵੱਧ ਚੋਣਵੀਆਂ ਹਦੀਸਾਂ ਨੂੰ ਸੰਕਲਿਤ ਕੀਤਾ ਗਿਆ ਹੈ ਜੋ ਕਿ ਮਨੁੱਖ ਦੀ ਜ਼ਿੰਦਗੀ ਦੇ ਵੱਖ ਵੱਖ ਖੇਤਰਾਂ ਨਾਲ ਸੰਬੰਧਿਤ ਹਨ। ਗਿਆਨ ਦੇ ਪੱਧਰ ਨੂੰ ਭਰੋਸੇਯੋਗ ਰੱਖਣ ਦੇ ਲਈ ਲੇਖਕ ਨੇ ਹਰ ਹਦੀਸ ਦੇ ਲਈ ਮਜਬੂਤ ਹਵਾਲੇ ਦਿੱਤੇ ਹਨ।

ਸ੍ਰੀ ਅੰਸਾਰੀ ਨੇ ਅਪੀਲ ਕਰਦਿਆਂ ਕਿਹਾ ਕਿ ਇਸ ਕਿਤਾਬ ਨੂੰ ਸਕੂਲਾਂ ਅਤੇ ਮਦਰਸਿਆਂ ਵੱਲੋਂ ਆਪਣੇ ਪਾਠਕ੍ਰਮ ਦਾ ਹਿੱਸਾ ਬਣਾਇਆ ਜਾਵੇ ਤਾਂ ਜੋ ਵਿਦਿਆਰਥੀ ਹਜਰਤ ਮੁਹੰਮਦ ਸਾਹਿਬ ਦੀਆਂ ਸਿੱਖਿਆਵਾਂ ਤੋਂ ਜਾਣੂ ਹੋ ਸਕਣ।

# ਪਟਿਆਲਾ ਵਿਖੇ ਨਵੇਂ ਐਸ.ਡੀ.ਐਮ. ਧੰਮ ਸੰਭਾਲਣਗੇ ਚਾਰਜ



**ਪਟਿਆਲਾ, 23 ਫਰਵਰੀ**
**-ਅਮਰਜੀਤ ਸਿੰਘ-**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਵਿਖੇ ਨਵੇਂ ਐਸ. ਡੀ. ਐਮ. ਗੁਰਦੇਵ ਸਿੰਘ ਧੰਮ ਮੁੜ ਤੋਂ ਚਾਰਜ ਸੰਭਾਲਣਗੇ। ਇਸ ਸੰਬੰਧੀ ਸਰਕਾਰੀ ਹੁਕਮ ਜਾਰੀ ਹੋ ਚੁੱਕੇ ਹਨ। ਜਿਕਰਯੋਗ ਹੈ ਕਿ ਗੁਰਦੇਵ ਸਿੰਘ ਧੰਮ ਇਸ ਤੋਂ ਪਹਿਲਾਂ ਬਤੌਰ ਤਹਿਸੀਲਦਾਰ ਅਤੇ ਫਿਰ ਪਟਿਆਲਾ ਵਿਖੇ ਬਤੌਰ ਐਸ. ਡੀ. ਐਮ. ਲੰਮਾ ਸਮਾਂ ਸੇਵਾਵਾਂ ਨਿਭਾ ਚੁੱਕੇ ਹਨ। ਧੰਮ ਆਮ ਲੋਕਾਂ ਦੇ ਕੰਮ ਕਰਨ ਵਾਲੇ ਨਿਧੜਕ ਅਫਸਰ ਵਜੋਂ ਜਾਣੇ ਜਾਂਦੇ ਹਨ। ਕਿਉਂਕਿ ਬਤੌਰ ਦੋ ਆਹੁਦਿਆਂ 'ਤੇ ਅਧਿਕਾਰੀ ਰਹਿਣ ਦਾ ਸਰਕਾਰ ਅਤੇ ਲੋਕਾਂ ਦੇ ਕੰਮ ਕਰਨ ਦਾ ਖਾਸ ਤਜ਼ਰਬਾ ਹੈ। ਜਿਸ ਕਰਕੇ ਦਫਤਰ ਵਿਚ ਆਮ ਲੋਕਾਂ ਦੀ ਖੱਜਲ ਖੁਆਰੀ ਨੂੰ ਕਿਸੇ ਵੀ ਤਰ੍ਹਾਂ ਬਰਦਾਸ਼ਤ ਨਹੀਂ ਕਰਦੇ। ਸਮੁੱਚੇ ਕੰਮ ਸਮਾਂਬੱਧ ਤਰੀਕੇ ਨਾਲ ਨੇਪਰੇ ਚੜ੍ਹਾਉਣ ਦੀਆਂ ਸਖਤ ਹਦਾਇਤਾਂ ਹੀ ਉਨ੍ਹਾਂ ਨੂੰ ਆਮ ਲੋਕਾਂ ਵਿਚ ਹਰਮਨ ਪਿਆਰਾ ਬਣਾਉਂਦੀਆਂ ਹਨ।

# ਉਪ ਮੰਡਲ ਮੈਜਿਸਟਰੇਟ ਅਤੇ ਤਹਿਸੀਲ ਦਫਤਰ ਮਾਲੇਰਕੋਟਲਾ ਦੇ ਚਾਹ-ਦੁੱਧ ਦੀ ਕੰਟੀਨ ਦੀ ਬੋਲੀ 26 ਫਰਵਰੀ ਨੂੰ



**ਮਲੇਰਕੋਟਲਾ, 23 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਉਪ ਮੰਡਲ ਮੈਜਿਸਟਰੇਟ, ਮਾਲੇਰਕੋਟਲਾ ਗੁਰਮੀਤ ਕੁਮਾਰ ਬਾਂਸਲ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸਾਲ 2026- 27 ਲਈ ਦਫਤਰ ਉਪ ਮੰਡਲ ਮੈਜਿਸਟਰੇਟ, ਮਾਲੇਰਕੋਟਲਾ ਅਤੇ ਦਫਤਰ ਤਹਿਸੀਲਦਾਰ, ਮਾਲੇਰਕੋਟਲਾ ਦੇ ਚਾਹ-ਦੁੱਧ ਦੀ ਕੰਟੀਨ ਦੀ ਬੋਲੀ 26 ਫਰਵਰੀ ਦਿਨ ਵੀਰਵਾਰ ਨੂੰ ਸਵੇਰੇ 11.00 ਵਜੇ ਤਹਿਸੀਲ ਦਫ਼ਤਰ, ਮਾਲੇਰਕੋਟਲਾ ਵਿਖੇ ਤਹਿਸੀਲਦਾਰ ਵੱਲੋਂ ਕਰਵਾਈ ਜਾਵੇਗੀ। ਜੇਕਰ ਉਕਤ ਮਿਤੀ ਨੂੰ ਸਰਕਾਰ ਵੱਲੋਂ ਛੁੱਟੀ ਹੋ ਜਾਂਦੀ ਹੈ ਤਾਂ ਇਹ ਬੋਲੀ ਅਗਲੇ ਕੰਮ ਵਾਲੇ ਦਿਨ ਇਸ ਸਥਾਨ ਤੇ ਅਤੇ ਇਸੇ ਸਮੇਂ ਉੱਤੇ ਕਰਵਾਈ ਜਾਵੇਗੀ।

ਉਨ੍ਹਾਂ ਕਿਹਾ ਕਿ ਚਾਹਵਾਨ ਵਿਅਕਤੀ ਆਪਣੀ ਸਕਿਉਰਿਟੀ ਰਕਮ ਮੁਬਲਿਗ 10 ਹਜ਼ਾਰ ਰੁਪਏ ਬਤੌਰ ਜ਼ਮਾਨਤ ਤਹਿਸੀਲਦਾਰ, ਮਾਲੇਰਕੋਟਲਾ ਪਾਸ ਜਮਾਂ ਕਰਵਾ ਕੇ ਬੋਲੀ ਦੇ ਸਕਦਾ ਹੈ। ਉਨ੍ਹਾਂ ਦੱਸਿਆ ਕਿ ਬੋਲੀ ਦੀ ਮੰਜੂਰੀ ਤੋਂ ਤੁਰੰਤ ਬਾਅਦ ਸਬੰਧਿਤ ਵਿਅਕਤੀ ਵੱਲੋਂ ਇੱਕ ਇਕਰਾਰਨਾਮਾ ਦੇਣਾ ਪਵੇਗਾ ਅਤੇ ਇੱਕ ਜਾਮਨੀ ਵੀ ਦੇਣੀ ਪਵੇਗੀ।

ਉਨ੍ਹਾਂ ਹੋਰ ਕਿਹਾ ਕਿ ਠੇਕੇਦਾਰ ਕੰਟੀਨ ਆਰਜੀ ਤੌਰ ਤੇ ਬਣਾਏਗਾ ਅਤੇ ਸਮਾਂ ਪੂਰਾ ਹੋਣ ਮਗਰੋਂ ਉਸ ਕੰਟੀਨ ਦਾ ਮਲਬਾ ਉਠਾਣ ਲਈ ਪਾਬੰਦ ਹੋਵੇਗਾ। ਇਸ ਤੋਂ ਇਲਾਵਾ ਠੇਕੇਦਰਾ ਕੰਟੀਨ ਉੱਤੇ ਵਸਤੂਆਂ ਮਾਰਕਿਟ ਰੇਟ ਅਨੁਸਾਰ ਵੇਚਣ ਦਾ ਪਾਬੰਦ ਹੋਵੇਗਾ ਨਾਲ ਹੀ ਉਹ ਕੰਟੀਨ ਅੱਗੇ ਵਸਤੂਆਂ ਦੇ ਰੇਟ ਲਿਖ ਕੇ ਲਗਾਏਗਾ।

ਉਹ ਕੰਟੀਨ ਦੇ ਆਲੇ ਦੁਆਲੇ ਦੀ ਸਫਾਈ ਦਾ ਵੀ ਧਿਆਨ ਰੱਖੇਗਾ ਅਤੇ ਫਾਲਤੂ ਪਦਾਰਥ ਅਤੇ ਕੂੜਾ ਕਰਕਟ ਦਾ ਯੋਗ ਪ੍ਰਬੰਧ ਕਰਨ ਲਈ ਜਿੰਮੇਵਾਰ ਹੋਵੇਗਾ।

# ਧਰਨੇ 'ਚ ਜਾਣ ਤੋਂ ਰੋਕਣ ਦੇ ਵਿਰੋਧ ਵਿੱਚ ਕਿਸਾਨਾਂ ਨੇ ਘੇਰੀ ਚੌਂਕੀ



**ਸਮਾਣਾ, 23 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਕਿਸਾਨ ਆਗੂਆਂ ਦੀ ਰਿਹਾਈ ਜੇਲ ਵਿੱਚ ਬੰਦ ਕੀਤਾ ਹੋਇਆ ਹੈ। ਲਈ ਇਕ ਰੋਜ਼ਾ ਧਰਨੇ ਵਿੱਚ ਬਠਿੰਡਾ ਉਹਨਾਂ ਦੀ ਰਿਹਾਈ ਲਈ ਬਠਿੰਡਾ ਵਿਖੇ ਜਾ ਰਹੇ ਭਾਰਤੀ ਕਿਸਾਨ ਯੂਨੀਅਨ ਇੱਕ ਰੋਜ਼ਾ ਧਰਨਾ ਰੱਖਿਆ ਗਿਆ ਸੀ, ∵ ਏਕਤਾ ਉਗਰਾਹਾਂ ਦੇ - ਵਰਕਰਾਂ ਨੂੰ ਗਾਜੇਵਾਸ - ਪੁਲਿਸ ਵੱਲੋਂ ਘਰੋਂ ਜਬਰੀ - ਚੁੱਕਣ ਦੇ ਰੋਸ਼ ਵਜੋਂ - ਜਥੇਬੰਦੀ ਦੇ ਸੱਤ ਬਲਾਕਾਂ - ਦੇ ਕਿਸਾਨਾਂ ਨੇ ਗਾਜੇਵਾਸ - ਚੌਂਕੀ ਅੱਗੇ ਧਰਨਾ ਲਗਾ ਕੇ ਸਰਕਾਰ - ਖਿਲਾਫ ਨਾਅਰੇਬਾਜ਼ੀ ਕਰਦਿਆਂ - ਗ੍ਰਿਫ਼ਤਾਰ ਸਾਥੀਆਂ ਨੂੰ ਰਿਹਾਅ ਕਰਨ - ਦੀ ਮੰਗ ਕੀਤੀ।

ਧਰਨੇ ਨੂੰ ਸੰਬੋਧਨ - ਕਰਦਿਆਂ ਜ਼ਿਲ੍ਹਾ ਪ੍ਰਧਾਨ ਜਸਵਿੰਦਰ - ਸਿੰਘ ਬਰਾਸ ਨੇ ਦੱਸਿਆ ਕਿ ਪਿਛਲੇ - ਦਿਨੀਂ ਸਰਕਾਰ ਨੇ ਕਿਸਾਨ ਆਗੂ - ਬਲਦੇਵ ਸਿੰਘ ਚਾਉਂਕੇ ਤੇ ਸਗਨਦੀਪ ਪਰ ਪੰਜਾਬ ਸਰਕਾਰ ਨੇ ਜਾਬਰਾਨਾ ਢੰਗ ਅਪਣਾਉਂਦੇ ਹੋਏ ਜਥੇਬੰਦੀ ਦੇ ਆਗੂਆਂ ਨੂੰ ਰਾਤ ਨੂੰ ਘਰਾਂ ਵਿੱਚੋਂ ਚੁੱਕ ਲਿਆ ਜੋ ਜਮਹੂਰੀਅਤ ਦਾ ਕਤਲ ਹੈ।

ਇਸ ਮੌਕੇ ਸੁਖਵਿੰਦਰ ਸਿੰਘ ਬਾਰਨ, ਭਰਪੂਰ ਸਿੰਘ, ਬਲਰਾਜ ਸਿੰਘ, ਜਗਮੇਲ ਸਿੰਘ ਤੋਂ ਇਲਾਵਾ ਸੈਂਕੜੇ ਸਾਥੀ ਹਾਜ਼ਰ ਸਨ।

# ਰਾਜੇਸ਼ ਮੋਹਨ ਵੱਲੋਂ ਪੀ.ਐਲ.ਡਬਲਯੂ ਫਰਸਟ ਐਡ ਪੋਸਟ ਵਿੱਚ ਐਡਵਾਂਸਡ ਕਾਰਡੀਅਕ ਲਾਈਫ ਸਪੋਰਟ ਐਂਬੂਲੈਂਸ ਦਾ ਉਦਘਾਟਨ




**ਪਟਿਆਲਾ, 23 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਐਮਰਜੈਂਸੀ ਚਿਕਿਤਸਾ ਤਿਆਰੀ ਨੂੰ ਮਜ਼ਬੂਤ ਕਰਨ ਅਤੇ ਰੇਲ ਕਰਮਚਾਰੀਆਂ ਨੂੰ ਉੱਚ ਗੁਣਵੱਤਾ ਵਾਲੀਆਂ ਸਿਹਤ ਸੇਵਾਵਾਂ ਪ੍ਰਦਾਨ ਕਰਨ ਵੱਲ ਇੱਕ ਮਹੱਤਵਪੂਰਨ ਕਦਮ ਦੇ ਤੌਰ 'ਤੇ, ਸ਼੍ਰੀ ਰਾਜੇਸ਼ ਮੋਹਨ, ਪ੍ਰਧਾਨ ਮੁੱਖ ਪ੍ਰਸ਼ਾਸਕੀ ਅਧਿਕਾਰੀ (ਪੀ.ਸੀ.ਏ.ਓ) ਨੇ 20 ਫ਼ਰਵਰੀ 2026 ਨੂੰ ਪਟਿਆਲਾ ਲੋਕੋਮੋਟਿਵ ਵਰਕਸ ਸਥਿਤ ਪੀਐਲਡਬਲਯੂ ਫਰਸਟ ਐਡ ਪੋਸਟ ਵਿੱਚ ਐਡਵਾਂਸਡ ਕਾਰਡੀਅਕ ਲਾਈਫ ਸਪੋਰਟ (ਏ.ਸੀ.ਐਲ.ਐਸ) ਐਂਬੂਲੈਂਸ ਅਤੇ ਐਮਰਜੈਂਸੀ ਰਿਸਪਾਂਸ ਟੀਮ ਦਾ ਉਦਘਾਟਨ ਕਰਕੇ ਇਸ ਨੂੰ ਸੌਂਪਿਆ। ਇਹ ਸਮਾਗਮ ਪੀ.ਐਲ.ਡਬਲਯੂ ਵਰਕਸ਼ਾਪ ਵਿੱਚ ਪ੍ਰਧਾਨ ਮੁੱਖ ਚਿਕਿਤਸਾ ਅਧਿਕਾਰੀ (ਪੀ.ਸੀ.ਐਮ.ਓ) ਸ਼੍ਰੀ ਸੁਰੇਸ਼ ਚੰਦ ਦੀ ਹਾਜ਼ਰੀ ਵਿੱਚ ਆਯੋਜਿਤ ਕੀਤਾ ਗਿਆ, ਜਿਸ ਵਿੱਚ ਸੀਨੀਅਰ ਅਧਿਕਾਰੀ ਅਤੇ ਕਰਮਚਾਰੀ ਵੀ ਮੌਜੂਦ ਸਨ। ਸਟਾਫ ਕੌਂਸਲ ਅਤੇ ਵੱਖ-ਵੱਖ ਮਾਨਤਾ ਪ੍ਰਾਪਤ ਸੰਘਾਂ ਦੇ ਪ੍ਰਤੀਨਿਧੀ ਵੀ ਇਸ ਮੌਕੇ 'ਤੇ ਹਾਜ਼ਰ ਰਹੇ।

ਆਪਣੇ ਸੰਬੋਧਨ ਵਿੱਚ ਸ਼੍ਰੀ ਰਾਜੇਸ਼ ਮੋਹਨ ਨੇ ਗੰਭੀਰ ਐਮਰਜੈਂਸੀ ਹਾਲਤਾਂ ਵਿੱਚ ਜ਼ਿੰਦਗੀਆਂ ਬਚਾਉਣ ਲਈ ਤੁਰੰਤ ਅਤੇ ਉੱਚ ਦਰਜੇ ਦੀ ਚਿਕਿਤਸਾ ਦਖ਼ਲਅੰਦਾਜ਼ੀ ਦੀ ਮਹੱਤਤਾ 'ਤੇ ਜ਼ੋਰ ਦਿੱਤਾ। ਉਨ੍ਹਾਂ ਕਿਹਾ ਕਿ ਏਸੀਐਲਐਸ ਐਂਬੂਲੈਂਸ ਦੀ ਤਾਇਨਾਤੀ ਰੇਲਵੇ ਪ੍ਰਸ਼ਾਸਨ ਦੀ ਆਪਣੇ ਕਰਮਚਾਰੀਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਸਭ ਤੋਂ ਵਧੀਆ ਸਿਹਤ ਸਹੂਲਤਾਂ ਪ੍ਰਦਾਨ ਕਰਨ ਦੀ ਲਗਾਤਾਰ ਵਚਨਬੱਧਤਾ ਨੂੰ ਦਰਸਾਉਂਦੀ ਹੈ।

ਐਡਵਾਂਸਡ ਕਾਰਡੀਅਕ ਲਾਈਫ ਸਪੋਰਟ (ਏ.ਸੀ.ਐਲ.ਐਸ) ਐਂਬੂਲੈਂਸ ਇੱਕ ਬਹੁਤ ਹੀ ਆਧੁਨਿਕ ਅਤੇ ਵਿਸ਼ੇਸ਼ ਚਿਕਿਤਸਾ ਵਾਹਨ ਹੈ ਜੋ ਗੰਭੀਰ ਮਰੀਜ਼ਾਂ ਲਈ ਚੱਲਦੀ ਫਿਰਦੀ ਆਈ.ਸੀ.ਯੂ. ਵਜੋਂ ਕੰਮ ਕਰਦਾ ਹੈ। ਉੱਚ ਪ੍ਰਸ਼ਿਕਸ਼ਿਤ ਪੈਰਾਮੈਡੀਕਲ ਸਟਾਫ ਨਾਲ ਸਜਜਿਤ ਇਹ ਐਂਬੂਲੈਂਸ ਉੱਚ ਪੱਧਰੀ ਸਾਸ ਪ੍ਰਬੰਧਨ, ਦਿਲ ਦੀ ਨਿਗਰਾਨੀ, ਡਿਫਿਬ੍ਰਿਲੇਸ਼ਨ, ਨਾੜੀ ਰਾਹੀਂ ਦਵਾਈ ਦੇਣਾ ਅਤੇ ਹੋਰ ਜੀਵਨ ਬਚਾਉਣ ਵਾਲੀਆਂ ਸੇਵਾਵਾਂ ਪ੍ਰਦਾਨ ਕਰਦੀ ਹੈ। ਇਸ ਤਰ੍ਹਾਂ ਦੀਆਂ ਐਂਬੂਲੈਂਸਾਂ ਦਿਲ ਦੇ ਦੌਰੇ, ਫਾਲਿਜ, ਗੰਭੀਰ ਚੋਟ ਜਾਂ ਹੋਰ ਜਾਨਲੇਵਾ ਹਾਲਤਾਂ ਵਿੱਚ ਮਰੀਜ਼ ਨੂੰ ਹਸਪਤਾਲ ਤੱਕ ਲਿਜਾਂਦੇ ਸਮੇਂ ਉਸ ਦੀ ਹਾਲਤ ਨੂੰ ਸਥਿਰ ਰੱਖਣ ਵਿੱਚ ਅਹਿਮ ਭੂਮਿਕਾ ਨਿਭਾਉਂਦੀਆਂ ਹਨ।

ਪ੍ਰਧਾਨ ਮੁੱਖ ਚਿਕਿਤਸਾ ਅਧਿਕਾਰੀ ਸ਼੍ਰੀ ਸੁਰੇਸ਼ ਚੰਦ ਨੇ ਪੀ.ਐਲ.ਡਬਲਯੂ ਰੇਲਵੇ ਹਸਪਤਾਲ ਦੇ ਚਿਕਿਤਸਾ ਢਾਂਚੇ ਵਿੱਚ ਇਸ ਮਹੱਤਵਪੂਰਨ ਸਹੂਲਤ ਦੇ ਸ਼ਾਮਲ ਹੋਣ 'ਤੇ ਖੁਸ਼ੀ ਪ੍ਰਗਟ ਕੀਤੀ ਅਤੇ ਭਰੋਸਾ ਦਿਵਾਇਆ ਕਿ ਇਹ ਐਂਬੂਲੈਂਸ ਅਤੇ ਐਮਰਜੈਂਸੀ ਰਿਸਪਾਂਸ ਟੀਮ ਵਰਕਸ਼ਾਪ ਅਤੇ ਆਸ-ਪਾਸ ਦੇ ਖੇਤਰਾਂ ਵਿੱਚ ਐਮਰਜੈਂਸੀ ਸੇਵਾਵਾਂ ਦੀ ਸਮਰੱਥਾ ਨੂੰ ਕਾਫ਼ੀ ਵਧਾਏਗੀ।

ਇਹ ਪਹਿਲ ਰੇਲਵੇ ਪ੍ਰਸ਼ਾਸਨ ਵੱਲੋਂ ਚਿਕਿਤਸਾ ਸਹੂਲਤਾਂ ਦੇ ਉਨੱਤੀਕਰਨ ਅਤੇ ਸਾਰੇ ਰੇਲ ਕਰਮਚਾਰੀਆਂ ਨੂੰ ਤੁਰੰਤ, ਪ੍ਰਭਾਵਸ਼ਾਲੀ ਅਤੇ ਉੱਚ ਗੁਣਵੱਤਾ ਵਾਲੀਆਂ ਸਿਹਤ ਸੇਵਾਵਾਂ ਪ੍ਰਦਾਨ ਕਰਨ ਦੇ ਲਗਾਤਾਰ ਯਤਨਾਂ ਦਾ ਹਿੱਸਾ ਹੈ।

# ਅਮਰਿੰਦਰ ਸਿੰਘ ਤੁੜ 'ਪੂਰਾ ਪੰਜਾਬ' ਲਹਿਰ ਦੇ ਕੌਮੀ ਕਨਵੀਨਰ ਨਿਯੁਕਤ



**ਮੁਹਾਲੀ, 23 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਮਿਸਲ ਸਤਲੁਜ ਦੇ ਪ੍ਰਧਾਨ ਸਰਦਾਰ ਅਜੇਪਾਲ ਸਿੰਘ ਬਰਾੜ ਨੇ ਇੱਕ ਅਹਿਮ ਨਿਯੁਕਤੀ ਕਰਦੇ ਹੋਏ, ਮਰਹੂਮ ਜੱਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ, ਸ਼੍ਰੋਮਣੀ ਅਕਾਲੀ ਦਲ ਦੇ ਸਾਬਕਾ ਪ੍ਰਧਾਨ ਮੋਹਨ ਸਿੰਘ ਤੁੜ ਦੇ ਪੋਤਰੇ, ਮਰਹੂਮ ਮੈਂਬਰ ਪਾਰਲੀਮੈਂਟ ਜੱਥੇਦਾਰ ਲਹਿਣਾ ਸਿੰਘ ਤੁੜ ਦੇ ਪੁੱਤਰ ਅਮਰਿੰਦਰ ਸਿੰਘ ਤੁੜ ਨੂੰ ÷ਪੂਰਾ ਪੰਜਾਬ ਲਹਿਰ ਦੇ ਕੌਮੀ ਕਨਵੀਨਰ ਨਿਯੁਕਤ ਕੀਤਾ ਹੈ। ਸਰਦਾਰ ਬਰਾੜ ਨੇ ਕਿਹਾ ਕਿ, ਮਿਸਲ ਸਤਲੁਜ ਦੇ ਨਾਲ ਅਜਿਹੇ ਪਰਿਵਾਰਾਂ ਦਾ ਜੁੜਨਾ ਸਾਬਿਤ ਕਰਦਾ ਹੈ ਕਿ ਪੰਜਾਬ ਪ੍ਰਤੀ ਸੁਹਿਰਦ ਲੋਕ ਪੂਰਾ ਪੰਜਾਬ ਲਹਿਰ ਨੂੰ ਵੱਡਾ ਸਹਿਯੋਗ ਦੇ ਰਹੇ ਹਨ। ਉਨ੍ਹਾਂ ਕਿਹਾ ਕਿ ਅਮਰਿੰਦਰ ਸਿੰਘ ਤੁੜ ਨੂੰ ਪੂਰਾ ਪੰਜਾਬ ਦੇ ਕੌਮੀ ਕਨਵੀਨਰ ਨਿਯੁਕਤ ਹੋਣ ਤੇ ਉਨ੍ਹਾਂ ਦੀ ਪਿਛਲੀ ਜ਼ਿੰਮੇਵਾਰੀ ਦੇ ਤੌਰ ਤੇ ਹਰਜੀਤ ਸਿੰਘ ਖਿਜ਼ਰਾਬਾਦ ਨੂੰ ਪੁਆਧ ਜ਼ੋਨ ਦੇ ਇੰਚਾਰਜ ਨਿਯੁਕਤ ਕੀਤੇ ਗਏ ਹਨ।

# 2027 ਲਈ ਕਾਂਗਰਸ ਦੀ ਵੱਡੀ ਤਿਆਰੀ, ਪੰਜਾਬ ਕਾਂਗਰਸ ਭਵਨ 'ਚ ਹੋਵੇਗੀ ਅਹਿਮ ਮੀਟਿੰਗ

**ਕੌਮੀ ਪਤ੍ਰਿਕਾ**

ਚੰਡੀਗੜ੍ਹ 23 ਫਰਵਰੀ। ਸਾਲ 2027 ਦੀਆਂ ਆਉਣ ਵਾਲੀਆਂ ਚੋਣਾਂ ਨੂੰ ਧਿਆਨ 'ਚ ਰੱਖਦਿਆਂ ਕਾਂਗਰਸ ਨੇ ਆਪਣੀਆਂ ਸਿਆਸੀ ਗਤੀਵਿਧੀਆਂ ਨੂੰ ਤੇਜ਼ ਕਰ ਦਿੱਤਾ ਹੈ। ਸੂਤਰਾਂ ਅਨੁਸਾਰ ਪੰਜਾਬ ਕਾਂਗਰਸ ਭਵਨ 'ਚ ਵੱਡੀ ਅਤੇ ਲੰਬੀ ਮੈਰਾਥਨ ਮੀਟਿੰਗ ਹੋਣ ਜਾ ਰਹੀ ਹੈ, ਜਿਸ 'ਚ ਪਾਰਟੀ ਦੀ ਭਵਿੱਖੀ ਚੋਣ ਰਣਨੀਤੀ ਤਿਆਰ ਕੀਤੀ ਜਾਵੇਗੀ। ਇਸ ਮੀਟਿੰਗ ਨੂੰ ਪਾਰਟੀ ਲਈ ਕਾਫ਼ੀ ਅਹਿਮ ਮੰਨਿਆ ਜਾ ਰਿਹਾ ਹੈ ਕਿਉਂਕਿ ਪਿਛਲੇ ਕੁੱਝ ਸਮੇਂ ਤੋਂ ਪਾਰਟੀ ਅੰਦਰੂਨੀ ਚੁਣੌਤੀਆਂ ਦਾ ਸਾਹਮਣਾ ਕਰ ਰਹੀ ਹੈ। ਇਸ ਮੀਟਿੰਗ ਦੀ ਅਗਵਾਈ ਪੰਜਾਬ ਇੰਚਾਰਜ ਭੂਪੇਸ਼ ਬਘੇਲ ਤੇ ਪੰਜਾਬ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਕਰਨਗੇ। ਦੋਹਾਂ ਨੇਤਾਵਾਂ ਵੱਲੋਂ ਪਾਰਟੀ ਦੇ ਜੱਥੇਬੰਦਕ ਢਾਂਚੇ ਨੂੰ ਮਜ਼ਬੂਤ ਕਰਨ ਅਤੇ ਵਰਕਰ ਪੱਧਰ ਤੱਕ ਪਾਰਟੀ ਨੂੰ ਸਰਗਰਮ ਕਰਨ ਲਈ ਖ਼ਾਸ ਯੋਜਨਾ ਤਿਆਰ ਕੀਤੀ ਜਾ ਰਹੀ ਹੈ। ਸਾਰੇ ਜ਼ਿਲ੍ਹਾ ਪ੍ਰਧਾਨਾਂ ਤੋਂ ਇਲਾਵਾ ਯੂਥ ਵਿੰਗ, ਮਹਿਲਾ ਵਿੰਗ, ਐੱਸ. ਸੀ. ਵਿੰਗ ਤੇ ਹੋਰ ਇਕਾਈਆਂ ਦੇ ਪ੍ਰਧਾਨ ਵੀ ਇਸ ਮੀਟਿੰਗ ਦਾ ਹਿੱਸਾ ਬਣਨਗੇ। ਪਾਰਟੀ ਦਾ ਮੰਨਣਾ ਹੈ ਕਿ ਜੇਕਰ ਜ਼ਿਲ੍ਹਾ ਅਤੇ ਬੂਥ ਪੱਧਰ ਮਜ਼ਬੂਤ ਹੋਵੇਗਾ ਤਾਂ ਹੀ ਚੋਣਾਂ 'ਚ ਵਧੀਆ ਨਤੀਜੇ ਆ ਸਕਦੇ ਹਨ। ਇਸ ਮੀਟਿੰਗ 'ਚ ਮੌਜੂਦਾ ਵਿਧਾਇਕਾਂ ਦੇ ਨਾਲ- ਨਾਲ 2022 ਦੀਆਂ ਚੋਣਾਂ ਲੜੇ ਸਾਰੇ ਉਮੀਦਵਾਰਾਂ ਨੂੰ ਵੀ ਸੱਦਾ ਦਿੱਤਾ ਗਿਆ ਹੈ। ਇਸ ਦਾ ਮਕਸਦ ਇਹ ਹੈ ਕਿ ਪਿਛਲੀਆਂ ਚੋਣਾਂ ਦੇ ਤਜ਼ਰਬੇ ਨੂੰ ਧਿਆਨ 'ਚ ਰੱਖਦਿਆਂ ਅੱਗੇ ਦੀ ਰਣਨੀਤੀ ਬਣਾਈ ਜਾਵੇ। ਪਿਛਲੇ ਦਿਨੀਂ ਪਾਰਟੀ ਦੇ ਵੱਡੇ ਨੇਤਾਵਾਂ ਵੱਲੋਂ ਹੋ ਰਹੀ ਬਿਆਨਬਾਜ਼ੀ ਨੂੰ ਲੈ ਕੇ ਹਾਈਕਮਾਨ ਨੇ ਸਖ਼ਤ ਰੁਖ਼ ਅਖ਼ਤਿਆਰ ਕੀਤਾ ਸੀ। ਇਸ ਤੋਂ ਬਾਅਦ ਅਜਿਹੀ ਬਿਆਨਬਾਜ਼ੀ ਸੁਣਨ ਨੂੰ ਨਹੀਂ ਮਿਲੀ। ਹਾਈਕਮਾਨ ਨੇ ਸਪੱਸ਼ਟ ਕਰ ਦਿੱਤਾ ਸੀ ਕਿ ਜਨਤਕ ਤੌਰ 'ਤੇ ਇਕ-ਦੂਜੇ ਖ਼?ਲਾਫ਼ ਬੋਲਣ ਨਾਲ ਪਾਰਟੀ ਅਤੇ ਜੱਥੇਬੰਦਕ ਢਾਂਚੇ ਨੂੰ ਨੁਕਸਾਨ ਹੁੰਦਾ ਹੈ। ਇਸ ਸਖ਼ਤੀ ਦਾ ਅਸਰ ਹੁਣ ਜ਼ਮੀਨੀ ਪੱਧਰ 'ਤੇ ਵੀ ਨਜ਼ਰ ਆ ਰਿਹਾ ਹੈ। ਹੁਣ ਪਾਰਟੀ ਨੇਤਾ ਵਧੇਰੇ ਧਿਆਨ ਜੱਥੇਬੰਦਕ ਮੀਟਿੰਗਾਂ ਅਤੇ ਲੋਕਾਂ ਨਾਲ ਸੰਪਰਕ 'ਤੇ ਦੇ ਰਹੇ ਹਨ। ਕਾਂਗਰਸ ਵੱਲੋਂ ਖ਼ਾਸ ਕਰਕੇ ਹੇਠਲੇ ਪੱਧਰ ਤੋਂ ਪਾਰਟੀ ਦੇ ਜੱਥੇਬੰਦਕ ਢਾਂਚੇ ਨੂੰ ਮਜ਼ਬੂਤ ਕਰਨ 'ਤੇ ਜ਼ੋਰ ਦਿੱਤਾ ਜਾ ਰਿਹਾ ਹੈ। ਬੂਥ ਪੱਧਰ 'ਤੇ ਵਰਕਰਾਂ ਨੂੰ ਸਰਗਰਮ ਕਰਨ ਲਈ ਵੱਖਰੀ ਯੋਜਨਾ ਬਣਾਈ ਜਾ ਰਹੀ ਹੈ। ਪਾਰਟੀ ਮੰਨਦੀ ਹੈ ਕਿ ਜੇਕਰ ਵਰਕਰ ਮਜ਼ਬੂਤ ਹੋਣਗੇ ਤਾਂ ਹੀ ਚੋਣਾਂ 'ਚ ਵਧੀਆ ਪ੍ਰਦਰਸ਼ਨ ਕੀਤਾ ਜਾ ਸਕਦਾ ਹੈ। ਇਕ ਪਾਸੇ ਕਾਂਗਰਸ ਤਿਆਰੀ ਕਰ ਰਹੀ ਹੈ ਤਾਂ ਦੂਜੇ ਪਾਸੇ ਹੋਰ ਪਾਰਟੀਆਂ ਵੀ ਪਿੱਛੇ ਨਹੀਂ ਹਨ। ਸਾਰੀਆਂ ਪਾਰਟੀਆਂ ਆਪਣੇ ਜੱਥੇਬੰਦਕ ਢਾਂਚੇ ਨੂੰ ਮਜ਼ਬੂਤ ਕਰਨ ਅਤੇ ਵੋਟਰਾਂ ਨਾਲ ਸਿੱਧਾ ਸੰਪਰਕ ਬਣਾਉਣ 'ਚ ਲੱਗੀਆਂ ਹਨ। ਸਿਆਸੀ ਮਾਹਰ ਮੰਨਦੇ ਹਨ ਕਿ ਆਉਣ ਵਾਲੇ ਮਹੀਨਿਆਂ 'ਚ ਪੰਜਾਬ ਦੀ ਸਿਆਸਤ ਹੋਰ ਗਰਮਾ ਸਕਦੀ ਹੈ। ਪਾਰਟੀਆਂ ਵੱਲੋਂ ਵੱਡੇ ਪ੍ਰੋਗਰਾਮ ਅਤੇ ਰਣਨੀਤਕ ਫ਼ੈਸਲੇ ਲਏ ਜਾਣ ਦੀ ਸੰਭਾਵਨਾ ਹੈ। ਕੁੱਲ ਮਿਲਾ ਕੇ ਵੇਖਿਆ ਜਾਵੇ ਤਾਂ ਕਾਂਗਰਸ 2027 ਚੋਣਾਂ ਲਈ ਪੂਰੀ ਤਰ੍ਹਾਂ ਤਿਆਰੀ 'ਚ ਜੁੱਟ ਗਈ ਹੈ। ਸੋਸ਼ਲ ਮੀਡੀਆ ਐਕਟੀਵਿਟੀ ਅਤੇ ਅੰਦਰੂਨੀ ਏਕਤਾ ਬਣਾਉਣ ਦੇ ਯਤਨ ਇਸ ਗੱਲ ਦਾ ਸੰਕੇਤ ਦੇ ਰਹੇ ਹਨ ਕਿ ਆਉਣ ਵਾਲੀਆਂ ਚੋਣਾਂ ਕਾਫ਼ੀ ਦਿਲਚਸਪ ਹੋ ਸਕਦੀਆਂ ਹਨ। ਮੌਜੂਦਾ ਸਮੇਂ 'ਚ ਪੰਜਾਬ ਦੀ ਸਿਆਸਤ 'ਚ ਸੋਸ਼ਲ ਮੀਡੀਆ ਦੀ ਭੂਮਿਕਾ ਕਾਫ਼ੀ ਵੱਧ ਗਈ ਹੈ। ਸਿਰਫ਼ ਕਾਂਗਰਸ ਹੀ ਨਹੀਂ, ਸਗੋਂ ਸ਼੍ਰੋਮਣੀ ਅਕਾਲੀ ਦਲ, ਆਮ ਆਦਮੀ ਪਾਰਟੀ ਤੇ ਭਾਰਤੀ ਜਨਤਾ ਪਾਰਟੀ ਦੇ ਨੇਤਾ ਵੀ ਸੋਸ਼ਲ ਮੀਡੀਆ 'ਤੇ ਕਾਫ਼ੀ ਸਰਗਰਮ ਹੋ ਗਏ ਹਨ। ਸੋਸ਼ਲ ਮੀਡੀਆ ਰਾਹੀਂ ਨੇਤਾ ਸਿੱਧਾ ਲੋਕਾਂ ਨਾਲ ਜੁੜ ਰਹੇ ਹਨ। ਫੇਸਬੁੱਕ ਲਾਈਵ, ਐਕਸ ਪੋਸਟ, ਇੰਸਟਾਗ੍ਰਾਮ ਰੀਲ ਅਤੇ ਯੂ-ਟਿਊਬ ਵੀਡੀਓ ਰਾਹੀਂ ਪਾਰਟੀਆਂ ਆਪਣਾ ਪ੍ਰਚਾਰ ਕਰ ਰਹੀਆਂ ਹਨ। ਇਹ ਤਰੀਕਾ ਖ਼ਾਸ ਕਰਕੇ ਨੌਜਵਾਨ ਵੋਟਰਾਂ ਨੂੰ ਖਿੱਚਣ ਲਈ ਵਰਤਿਆ ਜਾ ਰਿਹਾ ਹੈ। ਸਿਆਸੀ ਮਾਹਿਰ ਮੰਨਦੇ ਹਨ ਕਿ 2027 ਦੀਆਂ ਚੋਣਾਂ 'ਚ ਸੋਸ਼ਲ ਮੀਡੀਆ ਵੱਡਾ ਫੈਕਟਰ ਬਣੇਗਾ। ਪਹਿਲਾਂ ਜਿੱਥੇ ਰੈਲੀਆਂ ਅਤੇ ਜਲਸਿਆਂ 'ਤੇ ਜ਼ੋਰ ਹੁੰਦਾ ਸੀ, ਹੁਣ ਡਿਜੀਟਲ ਪ੍ਰਚਾਰ ਵੀ ਓਨਾ ਹੀ ਮਹੱਤਵਪੂਰਨ ਹੋ ਗਿਆ ਹੈ। ਪਾਰਟੀਆਂ ਹੁਣ ਖ਼ਾਸ ਟੀਮਾਂ ਬਣਾ ਕੇ ਸੋਸ਼ਲ ਮੀਡੀਆ ਕੰਟੈਂਟ ਤਿਆਰ ਕਰ ਰਹੀਆਂ ਹਨ ਤਾਂ ਜੋ ਵੀਡੀਓ ਕਲਿੱਪ, ਇਨਫੋਗ੍ਰਾਫਿਕਸ ਤੇ ਲਾਈਵ ਸੈਸ਼ਨ ਰਾਹੀਂ ਵੋਟਰਾਂ ਤੱਕ ਪਹੁੰਚ ਬਣਾਈ ਜਾ ਸਕੇ।



## ਪੰਜਾਬ 'ਚ ਕਾਨੂੰਨ ਵਿਵਸਥਾ ਖ਼ਤਮ, ਸਰਹੱਦੀ ਜ਼ਿਲ੍ਹੇ ਬਣ ਰਹੇ ਅਪਰਾਧ ਦੇ ਅੱਡੇ, ਸਰਕਾਰ ਪ੍ਰਚਾਰ 'ਚ ਰੁੱਝੀ : ਬਾਜਵਾ

ਜਲੰਧਰ/ਚੰਡੀਗੜ੍ਹ 23 ਫਰਵਰੀ। ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਨੇ ਤਰਨਤਾਰਨ 'ਚ ਇਕ ਵਿਆਹ ਸਮਾਗਮ ਦੌਰਾਨ ਆਮ ਆਦਮੀ ਪਾਰਟੀ ਦੇ ਮੌਜੂਦ ਸਰਪੰਚ ਦੇ ਹੋਏ ਕਤਲ ਦੀ ਸਖ਼ਤ ਨਿਖੇਧੀ ਕੀਤੀ ਹੈ। ਬਾਜਵਾ ਨੇ ਇਸ ਘਟਨਾ ਨੂੰ ਪੰਜਾਬ 'ਚ ਕਾਨੂੰਨ ਵਿਵਸਥਾ ਦੇ ਮੁਕੰਮਲ ਰੂਪ ਵਿੱਚ ਫੇਲ੍ਹ ਹੋਣ ਦਾ ਪ੍ਰਮਾਣ ਦੱਸਿਆ ਹੈ। ਮੁੱਖ ਮੰਤਰੀ ਭਗਵੰਤ ਮਾਨ ਅਤੇ ਆਮ ਆਦਮੀ ਪਾਰਟੀ ਦੀ ਸਰਕਾਰ 'ਤੇ ਤਿੱਖਾ ਨਿਸ਼ਾਨਾ ਸਾਧਦਿਆਂ ਪ੍ਰਤਾਪ ਸਿੰਘ ਬਾਜਵਾ ਨੇ ਕਿਹਾ ਕਿ ਸੂਬੇ ਵਿੱਚ ਗੈਂਗਸਟਰ ਬੇਖ਼ੌਫ਼ ਘੁੰਮ ਰਹੇ ਹਨ, ਜਦਕਿ ਸਰਕਾਰ ਸਿਰਫ਼ ਆਪਣੇ ਪ੍ਰਚਾਰ ਵਿੱਚ ਹੀ ਮਸਤ ਹੈ। ਉਨ੍ਹਾਂ ਚਿੰਤਾ ਪ੍ਰਗਟਾਈ ਕਿ ਪੰਜਾਬ ਦੇ ਸਰਹੱਦੀ ਜ਼ਿਲ੍ਹੇ ਅਪਰਾਧ ਦੇ ਅੱਡੇ ਬਣਦੇ ਜਾ ਰਹੇ ਹਨ ਅਤੇ ਪੂਰੇ ਸੂਬੇ ਨੂੰ ਡਰ ਤੇ ਦਹਿਸ਼ਤ ਦੇ ਮਾਹੌਲ ਵਿੱਚ ਧੱਕਿਆ ਜਾ ਰਿਹਾ ਹੈ। ਬਾਜਵਾ ਨੇ ਸਰਕਾਰ ਦੀ ਨੀਤੀ 'ਤੇ ਸਵਾਲ ਚੁੱਕਦਿਆਂ ਕਿਹਾ ਕਿ ਪੰਜਾਬ ਇਸ ਖ਼ੂਨੀ ਬਦਲਾਅ ਦੀ ਬਹੁਤ ਭਾਰੀ ਕੀਮਤ ਚੁਕਾ ਰਿਹਾ ਹੈ। ਉਨ੍ਹਾਂ ਮੁਤਾਬਕ ਸੂਬੇ ਦੀ ਮੌਜੂਦਾ ਸਥਿਤੀ ਬਹੁਤ ਹੀ ਚਿੰਤਾਜਨਕ ਬਣੀ ਹੋਈ ਹੈ। ਇਸ ਦੇ ਇਲਾਵਾ ਇਕ ਹੋਰ ਟਵੀਟ ਕਰਦੇ ਹੋਏ ਪ੍ਰਤਾਪ ਸਿੰਘ ਬਾਜਵਾ ਨੇ ਬਠਿੰਡਾ ਵਿਚ ਪ੍ਰਦਰਸ਼ਨਕਾਰੀ ਕਿਸਾਨਾਂ ਵਿਰੁੱਧ ਵਰਤੀ ਗਈ ਭਾਸ਼ਾ ਨੂੰ ਲੈ ਕੇ ਆਮ ਆਦਮੀ ਪਾਰਟੀ ਦੀ ਸਖ਼ਤ ਆਲੋਚਨਾ ਕੀਤੀ ਹੈ। ਪ੍ਰਤਾਪ ਬਾਜਵਾ ਨੇ ਕਿਹਾ ਕਿ ਪ੍ਰਦਰਸ਼ਨ ਕਰ ਰਹੇ ਕਿਸਾਨਾਂ ਨੂੰ "ਭੀੜ"ਕਹਿਣਾ ਨਾ ਸਿਰਫ਼ ਸੰਵੇਦਨਹੀਣਤਾ ਹੈ, ਸਗੋਂ ਇਹ ਮੌਜੂਦਾ ਸਰਕਾਰ ਦੀ ਮਾਨਸਿਕਤਾ ਨੂੰ ਵੀ ਬੇਨਕਾਬ ਕਰਦਾ ਹੈ। ਉਨ੍ਹਾਂ ਨੇ ਤਿੱਖੀ ਟਿੱਪਣੀ ਕਰਦਿਆਂ ਕਿਹਾ ਕਿ ਜਦੋਂ ਦੇਸ਼ ਦਾ ਢਿੱਡ ਭਰਨ ਵਾਲੇ ਅੰਨਦਾਤੇ ਨੂੰ ਅਪਰਾਧੀ ਵਜੋਂ ਪੇਸ਼ ਕੀਤਾ ਜਾਂਦਾ ਹੈ ਤਾਂ ਇਹ ਸਾਫ਼ ਹੈ ਕਿ ਸ਼ਾਸਨ ਹੁਣ ਹੰਕਾਰ 'ਚ ਬਦਲ ਚੁੱਕਾ ਹੈ। ਉਨ੍ਹਾਂ ਦੋਸ਼ ਲਾਇਆ ਕਿ ਕਿਸਾਨਾਂ ਦੀਆਂ ਜਾਇਜ਼ ਸ਼ਿਕਾਇਤਾਂ ਨੂੰ ਸੁਣਨ ਅਤੇ ਉਨ੍ਹਾਂ ਦਾ ਹੱਲ ਕੱਢਣ ਦੀ ਬਜਾਏ ਪੰਜਾਬ ਸਰਕਾਰ ਅਤੇ ਪੁਲਸ ਉਨ੍ਹਾਂ ਦੇ ਸੰਘਰਸ਼ ਨੂੰ ਗੈਰ-ਕਾਨੂੰਨੀ ਸਾਬਤ ਕਰਨ 'ਤੇ ਤੁਲੀ ਹੋਈ ਹੈ। ਬਾਜਵਾ ਨੇ ਸਰਕਾਰੀ ਅਧਿਕਾਰੀਆਂ ਅਤੇ ਸੱਤਾਧਾਰੀ ਆਗੂਆਂ ਨੂੰ ਚਿਤਾਵਨੀ ਦਿੰਦਿਆਂ ਕਿਹਾ ਕਿ ਉਨ੍ਹਾਂ ਨੂੰ ਇਹ ਯਾਦ ਰੱਖਣਾ ਚਾਹੀਦਾ ਹੈ ਕਿ ਜਿਨ੍ਹਾਂ ਕਿਸਾਨਾਂ ਨੂੰ ਉਹ ਅੱਜ "ਭੀੜ"ਕਹਿ ਕੇ ਅਪਮਾਨਿਤ ਕਰ ਰਹੇ ਹਨ, ਇਹ ਉਹੀ ਲੋਕ ਹਨ, ਜਿਨ੍ਹਾਂ ਦੀਆਂ ਕੀਮਤੀ ਵੋਟਾਂ ਸਦਕਾ ਅੱਜ ਦੇ ਮੰਤਰੀ ਅਤੇ ਵਿਧਾਇਕ ਸੱਤਾ ਦੀਆਂ ਕੁਰਸੀਆਂ 'ਤੇ ਬੈਠੇ ਹਨ।



## ਲੁਧਿਆਣਾ 'ਚ ਰਾਤ 10 ਵਜੇ ਤੋਂ ਸਵੇਰੇ 6 ਵਜੇ ਤੱਕ ਲਾਊਡ ਸਪੀਕਰਾਂ 'ਤੇ ਪਾਬੰਦੀ

ਲੁਧਿਆਣਾ 23 ਫਰਵਰੀ। ਜ਼ਿਲ੍ਹਾ ਮੈਜਿਸਟਰੇਟ ਹਿਮਾਂਸ਼ੂ ਜੈਨ ਨੇ ਮੰਗਲਵਾਰ ਨੂੰ ਪੂਰੇ ਜ਼ਿਲ੍ਹਾ ਲੁਧਿਆਣਾ ਵਿਚ ਰਾਤ 10 ਵਜੇ ਤੋਂ ਸਵੇਰੇ 6 ਵਜੇ ਤੱਕ ਲਾਊਡ ਸਪੀਕਰਾਂ, ਡੀ.ਜੇ ਸਿਸਟਮ, ਪਬਲਿਕ ਐਡਰੈੱਸ ਸਿਸਟਮ ਅਤੇ ਹੋਰ ਸਾਰੇ ਧੁਨੀ ਪ੍ਰਦਰਸ਼ਨ ਉਪਕਰਣਾਂ ਦੀ ਵਰਤੋਂ 'ਤੇ ਪਾਬੰਦੀ ਲਗਾਉਣ ਦੇ ਸਖ਼ਤ ਨਿਰਦੇਸ਼ ਜਾਰੀ ਕੀਤੇ ਹਨ। ਇਹ ਹੁਕਮ 15 ਅਪ੍ਰੈਲ, 2026 ਤੱਕ ਲਾਗੂ ਰਹੇਗਾ। ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ, 2023 ਦੀ ਧਾਰਾ 163 ਅਤੇ ਸ਼ੋਰ ਪ੍ਰਦੂਸ਼ਣ (ਨਿਯਮ ਅਤੇ ਨਿਯੰਤਰਣ) ਨਿਯਮ, 2000 ਦੇ ਤਹਿਤ ਜ਼ਿਲ੍ਹਾ ਪ੍ਰਸ਼ਾਸਨ ਨੇ ਫੈਸਲਾ ਲਿਆ ਹੈ ਕਿ ਅਜਿਹੇ ਉਪਕਰਣਾਂ ਨੂੰ ਸਵੇਰੇ 6:00 ਵਜੇ ਤੋਂ ਰਾਤ 10:00 ਵਜੇ ਤੱਕ ਹੀ ਚਲਾਇਆ ਜਾ ਸਕਦਾ ਹੈ। ਇਨ੍ਹਾਂ ਘੰਟਿਆਂ ਤੋਂ ਬਾਹਰ ਸਾਰੇ ਉਪਯੋਗਾਂ ਦੀ ਪੂਰੀ ਤਰ੍ਹਾਂ ਮਨਾਹੀ ਹੈ। ਵਿਆਹਾਂ, ਧਾਰਮਿਕ ਸਮਾਗਮਾਂ, ਸਮਾਜਿਕ ਇਕੱਠਾਂ, ਜਲੂਸਾਂ ਅਤੇ ਇਸ ਤਰ੍ਹਾਂ ਦੇ ਸਮਾਗਮਾਂ ਵਿੱਚ ਆਵਾਜ਼ ਦਾ ਪੱਧਰ ਹਰ ਸਮੇਂ ਕਾਨੂੰਨੀ ਤੌਰ 'ਤੇ ਨਿਰਧਾਰਤ ਸੀਮਾਵਾਂ ਦੇ ਅੰਦਰ ਰਹਿਣਾ ਚਾਹੀਦਾ ਹੈ। ਸਾਇਲੈਂਸ ਜ਼ੋਨਾਂ ਵਿੱਚ ਹਸਪਤਾਲਾਂ, ਸਕੂਲਾਂ, ਕਾਲਜਾਂ, ਅਦਾਲਤਾਂ ਅਤੇ ਹੋਰ ਸੰਵੇਦਨਸ਼ੀਲ ਸੰਸਥਾਵਾਂ ਦੇ ਆਲੇ-ਦੁਆਲੇ ਦੇ ਖੇਤਰ ਮੌਜੂਦਾ ਨਿਯਮਾਂ ਅਨੁਸਾਰ ਲਾਊਡ ਸਪੀਕਰ ਦੀ ਵਰਤੋਂ ਨੂੰ ਸਖ਼ਤੀ ਨਾਲ ਕੰਟਰੋਲ ਕੀਤਾ ਜਾ ਰਿਹਾ ਹੈ। ਪ੍ਰਸ਼ਾਸਨ ਨੇ ਚੇਤਾਵਨੀ ਦਿੱਤੀ ਹੈ ਕਿ ਕਿਸੇ ਵੀ ਉਲੰਘਣਾ 'ਤੇ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਪ੍ਰੋਗਰਾਮ ਪ੍ਰਬੰਧਕਾਂ, ਮੈਰਿਜ ਪੈਲੇਸ ਸੰਚਾਲਕਾਂ, ਡੀ.ਜੇ ਸੇਵਾ ਪ੍ਰਦਾਤਾਵਾਂ, ਧਾਰਮਿਕ ਸੰਸਥਾਵਾਂ ਅਤੇ ਆਮ ਜਨਤਾ ਨੂੰ ਪੂਰੀ ਤਰ੍ਹਾਂ ਪਾਲਣਾ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ। ਜ਼ਿਲ੍ਹਾ ਪੁਲਿਸ ਅਤੇ ਹੋਰ ਲਾਗੂ ਕਰਨ ਵਾਲੀਆਂ ਏਜੰਸੀਆਂ ਨੇ ਪਾਲਣਾ ਦੀ ਨਿਗਰਾਨੀ ਕਰਨ ਅਤੇ ਉਲੰਘਣਾ ਕਰਨ ਵਾਲਿਆਂ ਵਿਰੁੱਧ ਤੁਰੰਤ ਕਾਰਵਾਈ ਕਰਨ ਦੇ ਸਪੱਸ਼ਟ ਨਿਰਦੇਸ਼ ਦਿੱਤੇ ਹਨ।

## 85 ਸਾਲਾ ਬਜ਼ੁਰਗ ਨਾਲ ਸਾਈਬਰ ਠੱਗੀ, ਸ਼ੇਅਰ ਮਾਰਕੀਟ ਦੇ ਨਾਂ 'ਤੇ ਲੁੱਟੇ 22 ਕਰੋੜ, 8 ਗ੍ਰਿਫ਼ਤਾਰ

ਪੁਣੇ 23 ਫਰਵਰੀ। ਮਹਾਰਾਸ਼ਟਰ ਦੇ ਪੁਣੇ ਵਿੱਚ ਸਾਈਬਰ ਅਪਰਾਧੀਆਂ ਨੇ ਇੱਕ ਬੇਹੱਦ ਵੱਡੀ ਠੱਗੀ ਨੂੰ ਅੰਜਾਮ ਦਿੱਤਾ ਹੈ, ਜਿੱਥੇ ਇੱਕ 85 ਸਾਲਾ ਬਜ਼ੁਰਗ ਨੂੰ ਸ਼ੇਅਰ ਟ?ਰੇਡਿੰਗ ਦੇ ਨਾਂ 'ਤੇ 22.03 ਕਰੋੜ ਰੁਪਏ ਦਾ ਚੂਨਾ ਲਗਾਇਆ ਗਿਆ ਹੈ। ਪੁਣੇ ਸਿਟੀ ਪੁਲਿਸ ਦੇ ਸਾਈਬਰ ਸੈੱਲ ਨੇ ਇਸ ਮਾਮਲੇ ਦਾ ਪਰਦਾਫਾਸ਼ ਕਰਦਿਆਂ ਹੁਣ ਤੱਕ 8 ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਜਾਣਕਾਰੀ ਅਨੁਸਾਰ, ਇਹ ਧੋਖਾਧੜੀ 25 ਨਵੰਬਰ 2025 ਤੋਂ 9 ਜਨਵਰੀ 2026 ਦੇ ਵਿਚਕਾਰ ਹੋਈ। ਮੁਲਜ਼ਮਾਂ ਨੇ ਵ?ਹਟਸਐਪ ਗਰੁੱਪਾਂ, ਮੋਬਾਈਲ ਐਪਲੀਕੇਸ਼ਨਾਂ ਅਤੇ ਜਾਅਲੀ ਲਿੰਕਾਂ ਦੀ ਵਰਤੋਂ ਕਰਕੇ ਬਜ਼ੁਰਗ ਨੂੰ ਆਪਣੇ ਜਾਲ ਵਿੱਚ ਫਸਾਇਆ ਸੀ। ਉਨ੍ਹਾਂ ਨੇ ਪੀੜਤ ਨੂੰ ਸਟਾਕ ਮਾਰਕੀਟ ਵਿੱਚ ਨਿਵੇਸ਼ ਕਰਨ 'ਤੇ ਮੋਟੇ ਮੁਨਾਫ਼ੇ ਦਾ ਲਾਲਚ ਦਿੱਤਾ ਅਤੇ ਕਈ ਟ?ਰਾਂਜੈਕਸ਼ਨਾਂ ਰਾਹੀਂ ਕਰੋੜਾਂ ਰੁਪਏ ਆਪਣੇ ਖਾਤਿਆਂ ਵਿੱਚ ਟਰਾਂਸਫਰ ਕਰਵਾ ਲਏ। ਸ਼ਿਕਾਇਤ ਮਿਲਣ ਤੋਂ ਬਾਅਦ ਸਾਈਬਰ ਪੁਲਸ ਨੇ ਤਕਨੀਕੀ ਅਤੇ ਵਿੱਤੀ ਜਾਂਚ ਕੀਤੀ, ਜਿਸ ਦੇ ਅਧਾਰ 'ਤੇ ਵੱਖ-ਵੱਖ ਥਾਵਾਂ ਤੋਂ 8 ਮੁਲਜ਼ਮਾਂ ਨੂੰ ਫੜਿਆ ਗਿਆ। ਪੁਲਿਸ ਨੇ ਠੱਗੀ ਗਈ ਰਕਮ ਵਿੱਚੋਂ 3.24 ਕਰੋੜ ਰੁਪਏ ਫ?ਰੀਜ਼ (ਜ਼ਬਤ) ਕਰ ਲਏ ਹਨ। ਅਦਾਲਤ ਨੇ ਸਾਰੇ ਮੁਲਜ਼ਮਾਂ ਨੂੰ 23 ਫਰਵਰੀ 2026 ਤੱਕ ਪੁਲਿਸ ਰਿਮਾਂਡ 'ਤੇ ਭੇਜ ਦਿੱਤਾ ਹੈ। ਪੁਲਸ ਅਧਿਕਾਰੀਆਂ ਨੇ ਦੱਸਿਆ ਕਿ ਇਸ ਮਾਮਲੇ ਵਿੱਚ ਹੋਰ ਬੈਂਕ ਖਾਤਿਆਂ ਦੀ ਵੀ ਭਾਲ ਕੀਤੀ ਜਾ ਰਹੀ ਹੈ ਤਾਂ ਜੋ ਬਾਕੀ ਬਚੀ ਰਕਮ ਨੂੰ ਵੀ ਬਰਾਮਦ ਕੀਤਾ ਜਾ ਸਕੇ। ਮੁਲਜ਼ਮਾਂ ਵਿਰੁੱਧ ਭਾਰਤੀ ਨਿਆਂ ਸੰਹਿਤਾ 2023 ਅਤੇ ਆਈ.ਟੀ. ਐਕਟ ਦੀਆਂ ਸਬੰਧਤ ਧਾਰਾਵਾਂ ਤਹਿਤ ਮਾਮਲਾ ਦਰਜ ਕੀਤਾ ਗਿਆ ਹੈ।

### ਸਤਲੁਜ 'ਚ ਨਾਜਾਇਜ਼ ਮਾਈਨਿੰਗ ਜਾਰੀ!

ਲੁਧਿਆਣਾ 23 ਫਰਵਰੀ। ਥਾਣਾ ਮੇਹਰਬਾਨ ਦੀ ਪੁਲਿਸ ਨੇ ਮਾਈਨਿੰਗ ਵਿਭਾਗ ਦੇ ਅਧਿਕਾਰੀ ਦੀ ਸ਼ਿਕਾਇਤ 'ਤੇ ਕਾਰਵਾਈ ਕਰਦਿਆਂ ਪਿੰਡ ਜਮਾਲਪੁਰ ਲੇਲੀ ਦੇ ਸਤਲੁਜ ਦਰਿਆ ਵਿੱਚ ਨਾਜਾਇਜ਼ ਤਰੀਕੇ ਨਾਲ ਰੇਤ ਦੀ ਮਾਈਨਿੰਗ ਕਰਨ ਵਾਲੇ ਅਣਪਛਾਤੇ ਮੁਲਜ਼ਮਾਂ ਖ਼?ਲਾਫ਼ ਮਾਮਲਾ ਦਰਜ ਕੀਤਾ ਹੈ। ਜਾਂਚ ਅਧਿਕਾਰੀ ਥਾਣੇਦਾਰ ਸੁਰਜੀਤ ਸਿੰਘ ਨੇ ਦੱਸਿਆ ਕਿ ਪੁਲਿਸ ਨੂੰ ਮਾਈਨਿੰਗ ਵਿਭਾਗ ਦੇ ਅਧਿਕਾਰੀ ਮਨਪ੍ਰੀਤ ਸਿੰਘ ਨੇ ਸ਼ਿਕਾਇਤ ਦਰਜ ਕਰਵਾਉਂਦੇ ਹੋਏ ਦੱਸਿਆ ਕਿ ਉਨ੍ਹਾਂ ਦੀ ਟੀਮ ਵੱਲੋਂ ਸਤਲੁਜ ਦਰਿਆ ਵਿੱਚ ਜਮਾਲਪੁਰ ਲੇਲੀ ਦਾ ਦੌਰਾ ਕੀਤਾ ਗਿਆ। ਇੱਥੇ ਨਾਜਾਇਜ਼ ਮਾਈਨਿੰਗ ਹੁੰਦੀ ਦੇਖੀ ਗਈ, ਜਿਸ ਤੋਂ ਬਾਅਦ ਉਨ੍ਹਾਂ ਦੇ ਵਿਭਾਗ ਵੱਲੋਂ ਪੁਲਿਸ ਨੂੰ ਸ਼ਿਕਾਇਤ ਦਰਜ ਕਰਵਾਈ ਗਈ।

## ਮੋਹਾਲੀ ਕਤਲ ਕਾਂਡ ਕਾਨੂੰਨ-ਵਿਵਸਥਾ ਦਾ ਫੇਲੀਅਰ, ਖਹਿਰਾ ਨੇ ਕੀਤੀ ਨਿਆਂਇਕ ਜਾਂਚ ਦੀ ਮੰਗ

**ਕੌਮੀ ਪਤ੍ਰਿਕਾ**

ਚੰਡੀਗੜ੍ਹ/ਜਲੰਧਰ 23 ਫਰਵਰੀ। ਸੀਨੀਅਰ ਕਾਂਗਰਸ ਆਗੂ ਅਤੇ ਭੁਲੱਥ ਤੋਂ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੇ ਮੋਹਾਲੀ ਵਿਚ ਨੌਜਵਾਨ ਗੁਰਸੇਵਕ ਸਿੰਘ ਦੇ ਬੇਰਹਿਮ ਕਤਲ 'ਤੇ ਗਹਿਰਾ ਦੁੱਖ ਅਤੇ ਸਖ਼ਤ ਰੋਸ ਪ੍ਰਗਟ ਕਰਦਿਆਂ ਕਿਹਾ ਕਿ ਇਸ ਦੁਖਦਾਈ ਘਟਨਾ ਨੇ ਪੰਜਾਬ ਵਿਚ ਕਾਨੂੰਨ-ਵਿਵਸਥਾ ਦੀ ਪੂਰੀ ਤਰ੍ਹਾਂ ਖਰਾਬ ਹੋ ਚੁੱਕੀ ਸਥਿਤੀ, ਸਿਹਤ ਪ੍ਰਣਾਲੀ ਵਿਚ ਭੇਦਭਾਵਪੂਰਨ ਰਵੱਈਏ ਅਤੇ ਭਗਵੰਤ ਮਾਨ ਸਰਕਾਰ ਹੇਠ ਚੱਲ ਰਹੀ ਖਤਰਨਾਕ ਕਲਚਰ ਨੂੰ ਬੇਨਕਾਬ ਕਰ ਦਿੱਤਾ ਹੈ। ਖਹਿਰਾ ਨੇ ਕਿਹਾ ਕਿ ਇਹ ਘਟਨਾ ਸੂਬੇ ਦੀ ਪੁਲਸ ਪ੍ਰਣਾਲੀ 'ਤੇ ਗੰਭੀਰ ਸਵਾਲ ਖੜੇ ਕਰਦੀ ਹੈ। ਉਨ੍ਹਾਂ ਕਿਹਾ ਕਿ ਇਹ ਬਹੁਤ ਹੀ ਹੈਰਾਨੀਜਨਕ ਹੈ ਕਿ ਘਟਨਾ ਸਥਾਨ ਦੇ ਨੇੜੇ ਪੁਲਸ ਦੀ ਗੱਡੀ ਮੌਜੂਦ ਹੋਣ ਦੇ ਬਾਵਜੂਦ ਹਮਲਾਵਰਾਂ ਨੇ ਬੇਖ਼ੌਫ਼ ਹੋ ਕੇ ਕਤਲ ਕਰ ਦਿੱਤਾ। ਇਹ ਪੁਲਸ ਪ੍ਰਣਾਲੀ ਦੀ ਪੂਰੀ ਨਾਕਾਮੀ ਨੂੰ ਦਰਸਾਉਂਦਾ ਹੈ ਅਤੇ ਇਹ ਡਰਾਉਣਾ ਸੰਦੇਸ਼ ਦਿੰਦਾ ਹੈ ਕਿ ਪੰਜਾਬ ਵਿਚ ਕੋਈ ਵੀ ਨਾਗਰਿਕ ਸੁਰੱਖਿਅਤ ਨਹੀਂ ਹੈ। ਕਾਂਗਰਸ ਆਗੂ ਨੇ ਮੋਹਾਲੀ ਦੇ ਫੋਰਟਿਸ ਹਸਪਤਾਲ ਵਿਚ ਗੰਭੀਰ ਮੈਡੀਕਲ ਲਾਪਰਵਾਹੀ ਦੇ ਦੋਸ਼ ਵੀ ਲਗਾਏ। ਉਨ੍ਹਾਂ ਕਿਹਾ ਕਿ ਜਦੋਂ ਗੰਭੀਰ ਰੂਪ ਵਿਚ ਜ਼ਖਮੀ ਪੀੜਤ ਨੂੰ ਹਸਪਤਾਲ ਲਿਆਂਦਾ ਗਿਆ ਤਾਂ ਉਸਨੂੰ ਕਥਿਤ ਤੌਰ 'ਤੇ ਤੁਰੰਤ ਇਲਾਜ ਨਹੀਂ ਮਿਲਿਆ ਕਿਉਂਕਿ ਮੈਡੀਕਲ ਸਟਾਫ ਅਤੇ ਡਾਕਟਰ ਮੁੱਖ ਮੰਤਰੀ ਭਗਵੰਤ ਮਾਨ ਦੀ ਦੇਖਭਾਲ ਵਿਚ ਵਿਅਸਤ ਸਨ, ਜੋ ਸ਼ਰਾਬ ਨਾਲ ਸੰਬੰਧਤ ਸਿਹਤ ਸਮੱਸਿਆ ਕਾਰਨ ਦਾਖਲ ਸਨ ਅਤੇ ਉਨ੍ਹਾਂ ਦੀ ਹਾਲਤ ਜਾਨ ਲਈ ਖਤਰਨਾਕ ਨਹੀਂ ਸੀ। ਖਹਿਰਾ ਨੇ ਕਿਹਾ ਕਿ ਜੇ ਗੁਰਸੇਵਕ ਸਿੰਘ ਨੂੰ ਸਮੇਂ ਸਿਰ ਮੈਡੀਕਲ ਸਹਾਇਤਾ ਮਿਲ ਜਾਂਦੀ ਤਾਂ ਉਸਦੀ ਜਾਨ ਬਚ ਸਕਦੀ ਸੀ। ਇਹ ਇਸ ਗੱਲ ਦੀ ਦੁਖਦਾਈ ਮਿਸਾਲ ਹੈ ਕਿ ਕਲਚਰ ਕਾਰਨ ਆਮ ਲੋਕਾਂ ਦੀਆਂ ਜਾਨਾਂ ਖਤਰੇ ਵਿਚ ਪੈ ਰਹੀਆਂ ਹਨ। ਖਹਿਰਾ ਨੇ ਆਮ ਆਦਮੀ ਪਾਰਟੀ ਵੱਲੋਂ ਸਰਕਾਰੀ ਹਸਪਤਾਲਾਂ ਵਿਚ 'ਵਰਲਡ ਕਲਾਸ' ਸਿਹਤ ਸੇਵਾਵਾਂ ਦੇ ਦਾਅਵਿਆਂ 'ਤੇ ਵੀ ਸਵਾਲ ਉਠਾਏ। ਉਨ੍ਹਾਂ ਕਿਹਾ ਕਿ ਜੇ ਪੰਜਾਬ ਦੇ ਸਰਕਾਰੀ ਹਸਪਤਾਲ ਵਾਕਈ ਵਿਸ਼ਵ-ਸਤਰੀ ਹਨ ਤਾਂ ਮੁੱਖ ਮੰਤਰੀ ਵਾਰ-ਵਾਰ ਮਹਿੰਗੇ ਨਿੱਜੀ ਹਸਪਤਾਲ ਵਿਚ ਇਲਾਜ ਲਈ ਕਿਉਂ ਜਾਂਦੇ ਹਨ? ਇਹ ਆਮ ਆਦਮੀ ਪਾਰਟੀ ਦੀ ਲੀਡਰਸ਼ਿਪ ਦੇ ਖੋਖਲੇ ਦਾਅਵਿਆਂ ਅਤੇ ਦੋਹਰੇ ਮਾਪਦੰਡਾਂ ਨੂੰ ਉਜਾਗਰ ਕਰਦਾ ਹੈ। ਖਹਿਰਾ ਨੇ ਇਸ ਮਾਮਲੇ ਵਿਚ ਦੋਸ਼ੀਆਂ ਖ਼?ਲਾਫ਼ ਸਖ਼ਤ ਕਾਰਵਾਈ ਕਰਨ ਅਤੇ ਮ੍ਰਿਤਕ ਦੇ ਪਰਿਵਾਰ ਨੂੰ ਯੋਗ ਮੁਆਵਜ਼ਾ ਅਤੇ ਇਨਸਾਫ਼ ਦੇਣ ਦੀ ਵੀ ਮੰਗ ਕੀਤੀ। ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕ ਸੁਰੱਖਿਆ, ਸਮਾਨ ਸਿਹਤ ਸੇਵਾਵਾਂ ਅਤੇ ਅਜਿਹੀ ਸਰਕਾਰ ਦੇ ਹੱਕਦਾਰ ਹਨ ਜੋ ੭੧♦ ਸਹੂਲਤਾਂ ਦੀ ਬਜਾਏ ਆਮ ਨਾਗਰਿਕਾਂ ਨੂੰ ਤਰਜੀਹ ਦੇਵੇ। ਇਸ ਦੁਖਦਾਈ ਘਟਨਾ ਲਈ ਭਗਵੰਤ ਮਾਨ ਸਰਕਾਰ ਨੂੰ ਜਵਾਬ ਦੇਣਾ ਹੋਵੇਗਾ।



# ਸਰਕਾਰ ਨੇ ਕਿਸਾਨਾਂ ਲਈ ਖੋਲ੍ਹਿਆ ਖਜ਼ਾਨਾ, ਹਰ ਸਾਲ ਮਿਲਣਗੇ 12-12 ਹਜ਼ਾਰ ਰੁਪਏ

**ਕੌਮੀ ਪਤ੍ਰਿਕਾ**

ਭੋਪਾਲ 23 ਫਰਵਰੀ। ਮੱਧ ਪ੍ਰਦੇਸ਼ ਦੇ ਬਜਟ ਵਿੱਚ ਇਸ ਸਾਲ ਕਿਸਾਨਾਂ 'ਤੇ ਧਿਆਨ ਕੇਂਦਰਿਤ ਕਰਦੇ ਹੋਏ ਕਈ ਮਹੱਤਵਪੂਰਨ ਐਲਾਨ ਕੀਤੇ ਗਏ। ਵਿੱਤ ਮੰਤਰੀ ਨੇ ਸਪੱਸ਼ਟ ਤੌਰ 'ਤੇ ਕਿਹਾ ਕਿ ਸਰਕਾਰ ਦਾ ਟੀਚਾ ਖੇਤੀ ਨੂੰ ਇੱਕ ਲਾਭਦਾਇਕ ਧੰਦਾ ਬਣਾਉਣਾ ਹੈ, ਨਾ ਕਿ ਘਾਟੇ ਵਾਲਾ ਧੰਦਾ। ਇਸ ਸੋਚ ਨੂੰ ਧਿਆਨ ਵਿੱਚ ਰੱਖਦੇ ਹੋਏ ਕਿਸਾਨਾਂ ਨੂੰ ਸਿੱਧੀ ਵਿੱਤੀ ਸਹਾਇਤਾ ਅਤੇ ਆਧੁਨਿਕ ਸਰੋਤਾਂ ਨਾਲ ਜੋੜਨ 'ਤੇ ਜ਼ੋਰ ਦਿੱਤਾ ਗਿਆ ਹੈ। ਪ੍ਰਧਾਨ ਮੰਤਰੀ ਕਿਸਾਨ ਸਨਮਾਨ ਨਿਧੀ ਯੋਜਨਾ ਅਤੇ ਮੁੱਖ ਮੰਤਰੀ ਕਿਸਾਨ ਕਲਿਆਣ ਯੋਜਨਾ ਦੇ ਸਾਂਝੇ ਲਾਭਾਂ ਰਾਹੀਂ ਰਾਜ ਦੇ ਕਿਸਾਨ ਪਰਿਵਾਰਾਂ ਨੂੰ ਪ੍ਰਤੀ ਸਾਲ ਕੁੱਲ ?12,000 ਦੀ ਨਕਦ ਸਹਾਇਤਾ ਮਿਲ ਰਹੀ ਹੈ। ਇਸ ਰਕਮ ਵਿੱਚ ਕੇਂਦਰ ਸਰਕਾਰ ਵੱਲੋਂ ?6,000 ਅਤੇ ਰਾਜ ਸਰਕਾਰ ਵੱਲੋਂ ?6,000 ਰੁਪਏ ਦਿੱਤੇ ਜਾਂਦੇ ਹਨ। ਇਹ ਪੈਸਾ ਸਿੱਧਾ ਕਿਸਾਨਾਂ ਦੇ ਬੈਂਕ ਖਾਤਿਆਂ ਵਿੱਚ ਟ?ਰਾਂਸਫਰ ਕੀਤਾ ਜਾਂਦਾ ਹੈ, ਜਿਸ ਨਾਲ ਪਾਰਦਰਸ਼ਤਾ ਯਕੀਨੀ ਬਣਦੀ ਹੈ ਅਤੇ ਵਿਚੋਲਿਆਂ ਦੀ ਭੂਮਿਕਾ ਖ਼ਤਮ ਹੁੰਦੀ ਹੈ। ਇਹ ਸਹਾਇਤਾ ਛੋਟੇ ਅਤੇ ਸੀਮਾਂਤ ਕਿਸਾਨਾਂ ਲਈ ਖਾਦ, ਬੀਜ ਅਤੇ ਖੇਤੀਬਾੜੀ ਲਾਗਤਾਂ ਖਰੀਦਣ ਵਿੱਚ ਇੱਕ ਮਹੱਤਵਪੂਰਨ ਰਾਹਤ ਸਾਬਤ ਹੋ ਰਹੀ ਹੈ।



ਸਮੇਂ ਸਿਰ ਨਕਦੀ ਮਿਲਣ ਕਾਰਨ ਖੇਤੀ ਦੀਆਂ ਤਿਆਰੀਆਂ ਸੁਚਾਰੂ ਢੰਗ ਨਾਲ ਹੋ ਰਹੀਆਂ ਹਨ ਅਤੇ ਕਰਜ਼ੇ ਦਾ ਬੋਝ ਵੀ ਘੱਟ ਰਿਹਾ ਹੈ। ਕਿਸਾਨਾਂ ਨੂੰ ਸਿੰਚਾਈ ਸਹੂਲਤਾਂ ਤੱਕ ਪਹੁੰਚ ਪ੍ਰਦਾਨ ਕਰਨ ਅਤੇ ਬਿਜਲੀ ਦੀ ਲਾਗਤ ਘਟਾਉਣ ਲਈ ਸਰਕਾਰ ਨੇ ?3,000 ਕਰੋੜ ਦੀ ਲਾਗਤ ਨਾਲ 100,000 ਸੋਲਰ ਪੰਪ ਪ੍ਰਦਾਨ ਕਰਨ ਦੀਆਂ ਯੋਜਨਾਵਾਂ ਦਾ ਐਲਾਨ ਕੀਤਾ ਹੈ। ਸੋਲਰ ਪੰਪ ਕਿਸਾਨਾਂ ਨੂੰ ਦਿਨ ਵੇਲੇ ਬਿਨਾਂ ਕਿਸੇ ਰੁਕਾਵਟ ਦੇ ਸਿੰਚਾਈ ਕਰਨ ਦੇ ਯੋਗ ਬਣਾਉਣਗੇ। ਇਸ ਨਾਲ ਡੀਜ਼ਲ ਅਤੇ ਬਿਜਲੀ 'ਤੇ ਨਿਰਭਰਤਾ ਘਟੇਗੀ, ਲਾਗਤਾਂ ਘਟਣਗੀਆਂ ਅਤੇ ਵਾਤਾਵਰਣ ਸੁਰੱਖਿਆ ਨੂੰ ਉਤਸ਼ਾਹਿਤ ਕੀਤਾ ਜਾਵੇਗਾ। ਲੰਬੇ ਸਮੇਂ ਵਿੱਚ ਇਹ ਕਦਮ ਕਿਸਾਨਾਂ ਦੀ ਆਮਦਨ ਵਧਾਉਣ ਵਿੱਚ ਮਦਦਗਾਰ ਮੰਨਿਆ ਜਾ ਰਿਹਾ ਹੈ। ਸਰਕਾਰ ਦਾ ਧਿਆਨ ਸਪੱਸ਼ਟ ਹੈ - ਕਿਸਾਨਾਂ ਦੀ ਆਮਦਨ ਵਿੱਚ ਟਿਕਾਊ ਵਾਧਾ। ਸਿੱਧੀ ਨਕਦ ਸਹਾਇਤਾ, ਆਧੁਨਿਕ ਸਿੰਚਾਈ ਸਰੋਤ ਅਤੇ ਊਰਜਾ ਬੱਚਤ ਵਰਗੇ ਕਦਮ ਖੇਤੀਬਾੜੀ ਖੇਤਰ ਨੂੰ ਸਵੈ-ਨਿਰਭਰ ਅਤੇ ਮਜ਼ਬੂਤ ??ਬਣਾਉਣ ਵਿੱਚ ਮਹੱਤਵਪੂਰਨ ਸਾਬਤ ਹੋਣਗੇ। ਮੱਧ ਪ੍ਰਦੇਸ਼ ਦੇ ਬਜਟ ਵਿੱਚ ਕੀਤੇ ਗਏ ਇਨ੍ਹਾਂ ਐਲਾਨਾਂ ਨੂੰ ਪੇਂਡੂ ਅਰਥਵਿਵਸਥਾ ਨੂੰ ਨਵੀਂ ਗਤੀ ਦੇਣ ਅਤੇ ਕਿਸਾਨਾਂ ਨੂੰ ਆਰਥਿਕ ਤੌਰ 'ਤੇ ਸਸ਼ਕਤ ਬਣਾਉਣ ਲਈ ਮਹੱਤਵਪੂਰਨ ਮੰਨਿਆ ਜਾ ਰਿਹਾ ਹੈ। ਨੀਲੀ ਕ੍ਰਾਂਤੀ ਨੂੰ ਉਤਸ਼ਾਹਿਤ ਕਰਨ ਲਈ ਸਰਕਾਰ ਨੇ ਬਜਟ ਵਿੱਚ ਮੱਛੀ ਪਾਲਣ ਖੇਤਰ ਵਿੱਚ ?412 ਕਰੋੜ ਦਾ ਨਿਵੇਸ਼ ਅਲਾਟ ਕੀਤਾ ਹੈ। ਵਿੱਤ ਮੰਤਰੀ ਨੇ ਕਿਹਾ ਕਿ ਇਸ ਨਾਲ ਨਾ ਸਿਰਫ਼ ਮਛੇਰਿਆਂ ਦੀ ਆਰਥਿਕ ਸਥਿਤੀ ਵਿੱਚ ਸੁਧਾਰ ਹੋਵੇਗਾ ਸਗੋਂ ਸੂਬੇ ਦੀ ਆਰਥਿਕਤਾ ਵਿੱਚ ਇਸ ਖੇਤਰ ਦਾ ਹਿੱਸਾ ਵੀ ਵਧੇਗਾ।

## 34 ਕਰੋੜ ਰੁਪਏ ਖ਼ਰਚ ਹੋਣ ਦੇ ਬਾਵਜੂਦ ਗੰਦਗੀ ਨਾਲ ਭਰੀ ਕਾਲਾ ਸੰਘਿਆਂ ਡਰੇਨ, ਸੰਤ ਸੀਚੇਵਾਲ ਨੇ ਪ੍ਰਗਟਾਈ ਨਰਾਜ਼ਗੀ

ਜਲੰਧਰ 23 ਫਰਵਰੀ। ਰਾਜ ਸਭਾ ਮੈਂਬਰ ਅਤੇ ਵਾਤਾਵਰਣ ਪ੍ਰੇਮੀ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਬੀਤੇ ਦਿਨ ਕਾਲਾ ਸੰਘਿਆਂ ਡਰੇਨ ਦਾ ਅਚਾਨਕ ਦੌਰਾ ਕੀਤਾ। ਉਨ੍ਹਾਂ ਨੇ ਡਰੇਨ ਦੀ ਹਾਲਤ ਵੇਖ ਕੇ ਨਾਰਾਜ਼ਗੀ ਜਤਾਈ। ਉਨ੍ਹਾਂ ਕਿਹਾ ਕਿ ਸਰਕਾਰ ਨੇ ਡਰੇਨ ਦੇ ਦੋਵੇਂ ਕਿਨਾਰਿਆਂ ਨੂੰ ਪੱਕਾ ਕਰਨ ਲਈ 34 ਕਰੋੜ ਰੁਪਏ ਖ਼ਰਚ ਕੀਤੇ, ਇੰਨਾ ਖ਼ਰਚਾ ਹੋਣ ਦੇ ਬਾਵਜੂਦ ਡਰੇਨ ਗੰਦਗੀ ਨਾਲ ਭਰੀ ਹੋਈ ਹੈ। ਜ਼ਿਕਰਯੋਗ ਹੈ ਕਿ ਸੰਤ ਸੀਚੇਵਾਲ ਪਿਛਲੇ 18 ਸਾਲਾਂ ਤੋਂ ਕਾਲਾ ਸੰਘਿਆਂ ਡਰੇਨ ਦੇ ਪ੍ਰਦੂਸ਼ਣ ਵਿਰੁੱਧ ਆਵਾਜ਼ ਚੁੱਕ ਰਹੇ ਹਨ। ਉਨ੍ਹਾਂ ਦੱਸਿਆ ਕਿ 23 ਫਰਵਰੀ 2008 ਅਤੇ 18 ਮਈ 2011 ਨੂੰ ਵੀ ਗੰਦੇ ਪਾਣੀ ਨੂੰ ਰੋਕਣ ਲਈ ਬੰਨ੍ਹ ਲਾਏ ਗਏ ਸਨ। ਸੰਤ ਸੀਚੇਵਾਲ ਨੇ ਕਿਹਾ ਕਿ ਜਨਤਾ ਦੇ ਟੈਕਸ ਦਾ ਪੈਸਾ ਖ਼ਰਚ ਹੋਣ ਤੋਂ ਬਾਅਦ ਵੀ ਲੋਕਾਂ ਨੂੰ ਰਾਹਤ ਨਹੀਂ ਮਿਲ ਰਹੀ। ਡਰੇਨ 'ਚ ਗੰਦਾ ਪਾਣੀ ਅਤੇ ਕਚਰਾ ਵਹਿ ਰਿਹਾ ਹੈ। ਕਈ ਫੈਕਟਰੀਆਂ ਦਾ ਕਚਰਾ ਵੀ ਖੁੱਲ੍ਹੇਆਮ ਡਰੇਨ 'ਚ ਪਾਇਆ ਜਾ ਰਿਹਾ ਹੈ। ਇਹ ਕੰਮ ਸਮਾਰਟ ਸਿਟੀ ਪ੍ਰਾਜੈਕਟ ਤਹਿਤ 13 ਕਿਲੋਮੀਟਰ ਹਿੱਸੇ 'ਚ ਕੀਤਾ ਗਿਆ ਸੀ। ਉਨ੍ਹਾਂ ਨੇ ਬਸਤੀ ਪੀਰਦਾਦ ਦੇ 50 ਐੱਮ. ਐੱਲ. ਡੀ. ਤੇ 15 ਐੱਮ. ਐੱਲ. ਡੀ. ਟ?ਰੀਟਮੈਂਟ ਪਲਾਂਟਾਂ ਦੀ ਕਾਰਜਪ੍ਰਣਾਲੀ ਉੱਤੇ ਵੀ ਸਵਾਲ ਉਠਾਏ। ਨਗਰ ਨਿਗਮ ਦੇ ਕਮਿਸ਼ਨਰ ਸੰਦੀਪ ਰਿਸ਼ੀ ਦੀ ਮੌਜੂਦਗੀ 'ਚ ਉਨ੍ਹਾਂ ਕਿਹਾ ਕਿ ਪਲਾਂਟਾਂ 'ਚੋਂ ਨਿਕਲਣ ਵਾਲੇ ਕਚਰੇ ਦਾ ਸਹੀ ਹਿਸਾਬ ਨਹੀਂ ਰੱਖਿਆ ਜਾ ਰਿਹਾ। 50 ਐੱਮ. ਐੱਲ. ਡੀ. ਪਲਾਂਟ ਦੀ ਸੁੱਕੀ ਪਈ ਸਲੱਜ ਦੇਖ ਕੇ ਉਨ੍ਹਾਂ ਨੇ ਖਦਸ਼ਾ ਪ੍ਰਗਟਾਇਆ ਕਿ ਗੰਦਗੀ ਸਿੱਧੀ ਡਰੇਨ 'ਚ ਪਾਈ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਡਰੇਨ ਨੂੰ ਸਾਫ਼ ਕਰਨ ਦੀ ਜ਼ਿੰਮੇਵਾਰੀ ਕੋਈ ਵਿਭਾਗ ਸਹੀ ਢੰਗ ਨਾਲ ਨਹੀਂ ਨਿਭਾਅ ਰਿਹਾ। ਮੌਕੇ ਉੱਤੇ ਨਗਰ ਨਿਗਮ ਦੀ ਜੁਆਇੰਟ ਕਮਿਸ਼ਨਰ ਸੁਮਨਦੀਪ ਕੌਰ, ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਦੇ ਐਕਸੀਅਨ ਬਚਨਪਾਲ ਸਿੰਘ ਅਤੇ ਡਰੇਨੇਜ ਵਿਭਾਗ ਦੇ ਐੱਸ. ਡੀ. ਓ. ਸੁਖਪਾਲ ਸਿੰਘ ਸਹਿਤ ਹੋਰ ਅਧਿਕਾਰੀ ਮੌਜੂਦ ਸਨ।



## ਅਮਰੀਕਾ ਤੋਂ ਡਿਪੋਰਟ ਹੋਇਆ ਲਾਰੈਂਸ ਗੈਂਗ ਦਾ ਖ਼ਤਰਨਾਕ ਗੈਂਗਸਟਰ, ਦਿੱਲੀ ਏਅਰਪੋਰਟ ਤੋਂ ਗ੍ਰਿਫ਼ਤਾਰ

**ਏਜੰਸੀਆਂ**

ਨੈਸ਼ਨਲ ਡੈਸਕ 23 ਫਰਵਰੀ। ਹਰਿਆਣਾ, ਦਿੱਲੀ ਅਤੇ ਰਾਜਸਥਾਨ ਵਿੱਚ ਦਹਿਸ਼ਤ ਪਾਉਣ ਵਾਲਾ ਅਤੇ ਲਾਰੈਂਸ ਤੇ ਕਾਲਾ ਜਠੇੜੀ ਗੈਂਗ ਨਾਲ ਜੁੜੇ ਗੈਂਗਸਟਰ ਸੋਮਬੀਰ ਉਰਫ਼ ਮੋਟਾ ਨੂੰ ਅਮਰੀਕਾ ਤੋਂ ਡਿਪੋਰਟ ਕਰ ਕੇ ਭਾਰਤ ਲਿਆਂਦਾ ਗਿਆ ਹੈ। ਹਰਿਆਣਾ ਸਪੈਸ਼ਲ ਟਾਸਕ ਫੋਰਸ ਨੇ ਮੰਗਲਵਾਰ ਸ਼ਾਮ ਨੂੰ ਉਸ ਨੂੰ ਦਿੱਲੀ ਦੇ ਇੰਦਰਾ ਗਾਂਧੀ ਅੰਤਰਰਾਸ਼ਟਰੀ ਹਵਾਈ ਅੱਡੇ ਤੋਂ ਗ੍ਰਿਫ਼ਤਾਰ ਕਰ ਲਿਆ ਹੈ। ਸੋਮਬੀਰ 'ਤੇ ਹੱਤਿਆ ਸਮੇਤ 26 ਸੰਗੀਨ ਅਪਰਾਧਿਕ ਮਾਮਲੇ ਦਰਜ ਹਨ। ਸੋਮਬੀਰ 3 ਜਨਵਰੀ 2024 ਨੂੰ ਮੁੰਬਈ ਹਵਾਈ ਅੱਡੇ ਰਾਹੀਂ ਬੈਂਕਾਕ ਫ਼ਰਾਰ ਹੋ ਗਿਆ ਸੀ। ਇਸ ਤੋਂ ਬਾਅਦ ਉਹ ਸਪੇਨ ਦੇ ਰਸਤੇ ਐਰੀਜ਼ੋਨਾ ਸਰਹੱਦ ਤੋਂ ਗੈਰ-ਕਾਨੂੰਨੀ ਤਰੀਕੇ ਨਾਲ ਅਮਰੀਕਾ ਵਿੱਚ ਦਾਖ਼ਲ ਹੋਣ ਦੀ ਕੋਸ਼ਿਸ਼ ਕਰਦਿਆਂ ਫੜਿਆ ਗਿਆ। ਉਹ ਲਗਭਗ 17 ਮਹੀਨਿਆਂ ਤੱਕ ਅਮਰੀਕਾ ਦੇ ਡਿਟੈਂਸ਼ਨ ਸੈਂਟਰ ਵਿੱਚ ਰਿਹਾ। ਭਾਰਤ ਸਰਕਾਰ ਅਤੇ ਜਾਂਚ ਏਜੰਸੀਆਂ ਦੇ ਲਗਾਤਾਰ ਯਤਨਾਂ ਤੋਂ ਬਾਅਦ ਉਸ ਨੂੰ ਡਿਪੋਰਟ ਕੀਤਾ ਗਿਆ ਹੈ। ਦੱਸਣਯੋਗ ਹੈ ਕਿ ਰੋਹਤਕ ਪੁਲਿਸ ਨੇ 31 ਮਈ 2024 ਨੂੰ ਉਸ ਨੂੰ ਭਗੌੜਾ ਐਲਾਨਿਆ ਸੀ। ਜਾਂਚ ਦੌਰਾਨ ਇਹ ਵੱਡਾ ਖ਼ੁਲਾਸਾ ਹੋਇਆ ਹੈ ਕਿ ਸੋਮਬੀਰ ਨੇ ਦਿੱਲੀ ਦੇ ਲਾਜਪਤ ਨਗਰ ਦੇ ਇੱਕ ਫ਼ਰਜ਼ੀ ਪਤੇ 'ਤੇ ਆਪਣਾ ਪਾਸਪੋਰਟ ਬਣਵਾਇਆ ਸੀ। ਇਸ ਤੋਂ ਪਹਿਲਾਂ ਗਾਜ਼ੀਆਬਾਦ ਦੇ ਮੋਦੀਨਗਰ ਇਲਾਕੇ ਵਿੱਚ ਫ਼ਰਜ਼ੀ ਪਤਿਆਂ 'ਤੇ 22 ਪਾਸਪੋਰਟ ਬਣਾਉਣ ਦਾ ਮਾਮਲਾ ਵੀ ਸਾਹਮਣੇ ਆਇਆ ਸੀ, ਜਿਸ ਵਿੱਚ 11 ਪੁਲਿਸ ਕਰਮਚਾਰੀਆਂ ਵਿਰੁੱਧ ਕਾਰਵਾਈ ਕੀਤੀ ਗਈ ਸੀ। ਇਸ ਮਾਮਲੇ ਵਿੱਚ ਦਿੱਲੀ ਪਾਸਪੋਰਟ ਦਫ਼ਤਰ ਦੇ ਇੱਕ ਕਲਰਕ ਨੂੰ ਵੀ ਗ੍ਰਿਫ਼ਤਾਰ ਕੀਤਾ ਗਿਆ ਹੈ। ਸੋਮਬੀਰ 'ਤੇ ਦਰਜ 26 ਅਪਰਾਧਿਕ ਮਾਮਲਿਆਂ ਵਿੱਚੋਂ 10 ਸਿਰਫ਼ ਕਤਲ ਦੇ ਹਨ। ਉਹ 2022 ਵਿੱਚ ਜ਼ਮਾਨਤ 'ਤੇ ਬਾਹਰ ਆਇਆ ਸੀ ਅਤੇ ਫਿਰ ਫ਼ਰਾਰ ਹੋ ਗਿਆ ਸੀ। ਉਹ ਗੈਂਗਸਟਰ ਅਨਿਲ ਛਿੱਪੀ ਦਾ ਸਕਾ ਭਰਾ ਹੈ, ਜੋ ਇਸ ਸਮੇਂ ਦਿੱਲੀ ਦੀ ਮੰਡੋਲੀ ਜੇਲ੍ਹ ਵਿੱਚ ਬੰਦ ਹੈ। ਐਸ.ਟੀ.ਐਫ. ਦੇ ਐਸ.ਪੀ. ਵਸੀਮ ਅਕਰਮ ਨੇ ਦੱਸਿਆ ਕਿ ਮੁਲਜ਼ਮ ਨੂੰ ਅਦਾਲਤ ਵਿੱਚ ਪੇਸ਼ ਕਰਕੇ ਰਿਮਾਂਡ 'ਤੇ ਲਿਆ ਜਾਵੇਗਾ ਅਤੇ ਅਗਲੇਰੀ ਪੁੱਛਗਿੱਛ ਕੀਤੀ ਜਾਵੇਗੀ।

## ਮਾਨ ਸਰਕਾਰ ਦੇ ਰੰਗਲੇ ਪੰਜਾਬ ਦੀ ਸਿਰਜਣਾ ਲਈ ਸੰਘਰਸ਼ੀਲ ਯਤਨ ਤੇ ਵੱਡੀਆਂ ਪ੍ਰਾਪਤੀਆਂ ਦੇਸ਼ ਹੀ ਨਹੀਂ ਸਗੋਂ ਵਿਸ਼ਵ ਦਾ ਮੁੱਖ ਆਕਰਸ਼ਨ ਕੇਂਦਰ ਬਣੀਆਂ-ਧਾਲੀਵਾਲ

**ਕੌਮੀ ਪਤ੍ਰਿਕਾ**

**ਕ੍ਰਿਸ਼ਨ ਸਿੰਘ ਦੁਸਾਂਝ**

ਅੰਮ੍ਰਿਤਸਰ/ਅਜਨਾਲਾ, 23 ਫਰਵਰੀ : ਅੱਜ ਆਮ ਆਦਮੀ ਪਾਰਟੀ ਦੇ ਸੂਬਾਈ ਮੁੱਖ ਬੁਲਾਰੇ , ਵਿਧਾਇਕ ਤੇ ਸਾਬਕਾ ਕੈਬਨਿਟ ਮੰਤਰੀ ਸ. ਕੁਲਦੀਪ ਸਿੰਘ ਧਾਲੀਵਾਲ ਨੇ ਹਲਕਾ ਅਜਨਾਲਾ ਦੇ ਝੰਡੇਰ, ਸਹਿੰਸਰਾ ਕਲਾਂ, ਖਤਰਾਏ ਕਲਾਂ, ਤੇੜਾ ਖੁਰਦ, ਤੇੜਾ ਕਲਾਂ, ਬਾਠ , ਧਾਰੀਵਾਲ ਕਲੇਰ , ਚੱਕ ਸਿਕੰਦਰ , ਤਲਵੰਡੀ ਨਾਹਰ ਆਦਿ 11 ਪਿੰਡਾਂ 'ਚ 3.74 ਕਰੋੜ ਰੁਪਏ ਦੀ ਲਾਗਤ ਨਾਲ ਨਿਰਮਾਣ ਅਧੀਨ ਮਾਡਲ ਖੇਡ ਮੈਦਾਨਾਂ ਦਾ ਭੌਤਿਕ ਤੌਰ ਤੇ ਨਰੀਖਣ ਕੀਤਾ ਅਤੇ ਇਸ ਨਰੀਖਣ ਪ੍ਰਕਿ?ਰਆ ਦੌਰਾਨ ਮੌਜੂਦ ਵਿਭਾਗਾਂ ਦੇ ਅਧਿਕਾਰੀਆਂ, ਠੇਕੇਦਾਰਾਂ ਨੂੰ ਸਪੱਸ਼ਟ ਦਿਸ਼ਾ ਨਿਰਦੇਸ਼ ਜਾਰੀ ਕੀਤੇ ਕਿ ਵਿਧਾਨ ਸਭਾ ਹਲਕਾ ਅਜਨਾਲਾ 'ਚ 10.34 ਕਰੋੜ ਰੁਪਏ ਦੀ ਲਾਗਤ ਨਾਲ ਬਨਣ ਵਾਲੇ ਮਾਡਲ ਖੇਡ ਮੈਦਾਨਾਂ ਦੇ ਨਿਰਮਾਣ ਦੌਰਾਨ ਪਾਰਦਰਸ਼ਤਾ, ਇਮਾਨਦਾਰੀ , ਸੰਬੰਧਤ ਪਿੰਡਾਂ ਦੇ ਲੋਕਾਂ ਦੀ ਭਾਗੀਦਾਰੀ ਤੇ ਗੁਣਵੱਤਾ 'ਚ ਕਿਸੇ ਵੀ ਕਿਸਮ ਦੀ ਕੋਤਾਹੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਜਾਇਜ਼ੇ ਦੌਰਾਨ ਕੁੱਝ ਖੇਡ ਮੈਦਾਨਾਂ ਦੇ ਨਿਰਮਾਣ ਕਾਰਜਾਂ 'ਚ ਢਿੱਲ ਦੀਆਂ ਪਾਈਆਂ ਗਈਆਂ ਸ਼ਿਕਾਇਤਾਂ ਤੇ ਸ. ਧਾਲੀਵਾਲ ਨੇ ਇਹ ਵੀ ਸਪੱਸ਼ਟ ਕੀਤਾ ਕਿ ਹਲਕਾ ਅਜਨਾਲਾ 'ਚ ਨਵ ਨਿਰਮਾਣ ਅਧੀਨ 34 ਪਿੰਡਾਂ 'ਚ 10.34 ਕਰੋੜ ਰੁਪਏ ਦੀ ਲਾਗਤ ਨਾਲ ਮਾਡਲ ਖੇਡ ਮੈਦਾਨਾਂ ਦਾ ਨਿਰਮਾਣ ਕਾਰਜ 31 ਮਾਰਚ ਤੱਕ ਹਰ ਹੀਲੇ ਮੁਕੰਮਲ ਕੀਤੇ ਜਾਣ । ਢਿੱਲ ਅਤੇ ਨਿਰਮਾਣ ਸਮੱਗਰੀ ਦੀ ਗੁਣਵੱਤਾ ਨਾਲ ਕੋਈ ਸਮਝੌਤਾ ਨਹੀਂ ਕੀਤਾ ਜਾਵੇਗਾ। ਕੋਤਾਹੀ ਕਰਨ ਵਾਲੇ ਵਿਭਾਗੀ ਅਧਿਕਾਰੀਆਂ , ਕਰਮਚਾਰੀਆਂ ਤੇ ਠੇਕੇਦਾਰਾਂ ਵਿਰੁੱਧ ਪੁਲੀਸ ਮੁਕਦਮੇ ਦਰਜ ਕਰਵਾਉਣ ਤੋਂ ਵੀ ਕੋਈ ਝਿਜਕ ਨਹੀਂ ਵਿਖਾਈ ਜਾਵੇਗੀ। ਉਕਤ 11 ਪਿੰਡਾਂ 'ਚ ਮਾਡਲ ਖੇਡ ਮੈਦਾਨਾਂ ਦਾ ਭੌਤਿਕ ਤੌਰ ਤੇ ਜਾਜ਼ਿਾ ਲੈਣ ਸਮੇਂ ਹੋਈਆਂ ਪੇਂਡੂ ਵਿਕਾਸ ਨੁਕੜ ਮੀਟਿੰਗਾਂ ਨੂੰ ਸੰਬੋਧਨ ਕਰਦਿਆਂ ਸ. ਧਾਲੀਵਾਲ ਨੇ ਕਿਹਾ ਕਿ ਪੰਜਾਬ ਭਰ 'ਚ ਖੇਡ ਸਭਿਆਚਾਰ ਨੂੰ ਉਤਸ਼ਾਹਿਤ ਕਰਨ ਲਈ 3100 ਕਰੋੜ ਰੁਪਏ ਦੀ ਲਾਗਤ ਨਾਲ ਉਸਾਰੇ ਜਾ ਰਹੇ ਦਰਜਨਾਂ ਪਿੰਡਾਂ 'ਚ ਮਾਡਲ ਖੇਡ ਮੈਦਾਨਾਂ, 10 ਲੱਖ ਰੁਪਏ ਤੱਕ ਪੰਜਾਬ ਦੇ 3 ਕਰੋੜ ਨਾਗਰਿਕਾਂ ਨੂੰ ਮੁਫਤ ਸਿਹਤ ਬੀਮਾ ਦਾ ਬਿਨ੍ਹਾਂ ਸ਼ਰਤ ਲਾਭ ਦੇਣ , ਹਰੇਕ ਘਰੇਲੂ ਬਿਜਲੀ ਖਪਤਕਾਰਾਂ ਨੂੰ ਬਿਨ੍ਹਾਂ ਕਿਸੇ ਜਾਤੀ ਭੇਦਭਾਵ ਤੋਂ 600 ਯੂਨਿਟ ਮੁਫਤ ਬਿਜਲੀ ਸਪਲਾਈ ਦੇ ਕੇ ਪ੍ਰਤੀ ਖਪਤਕਾਰ 5000 ਰੁਪਏ ਦੇ ਕਰੀਬ ਵਿੱਤੀ ਲਾਭ ਪਹੁੰਚਾਉਣ, ਸਿੱਖਿਆ ਕ੍ਰਾਂਤੀ 'ਚ ਸਰਕਾਰੀ ਸਕੂਲਾਂ ਦੇ ਬੁਨਿਆਦੀ ਢਾਂਚੇ ਸਮੇਤ ਸਿੱਖਿਆ ਦੇ ਮਿਆਰ ਨੂੰ ਦੇਸ਼ ਪੱਧਰੀ ਬਣਾਉਣ , ਮਿਆਰੀ ਮੁਫਤ ਸਿਹਤ ਸਹੂਲਤਾਂ ਲਈ ਆਮ ਆਦਮੀ ਪਾਰਟੀ ਕਲੀਨਿਕ ਖੋਲ੍ਹੇ?ਹ ਜਾਣ ਸਮੇਤ ਸੂਬੇ ਭਰ 'ਚ ਅਮਨ ਕਾਨੂੰਨ ਤੇ ਫਿਰਕੂ ਸਦਭਾਵਨਾ ਦੀ ਸਥਿਤੀ ਮਜਬੂਤ ਕਰਨ ਲਈ ਗੈਂਗਸਟਰਵਾਦ, ਫਿਰੌਤੀਆਂ, ਤੇ ਨਸ਼ਾ ਤਸਕਰਾਂ ਨਾਲ ਲੋਹਾ ਲੈਣ ਲਈ ਚਲਾਏ ਗਏ ਯੁੱਧ ਨਸ਼ਿਆਂ ਵਿਰੁੱਧ ਤੇ ਅਪਰੇਸ਼ਨ ਪ੍ਰਹਾਰ ਆਦਿ ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਦੀਆਂ ਰੰਗਲੇ ਪੰਜਾਬ ਦੀ ਸਿਰਜਣਾ ਲਈ ਇਨ੍ਹਾਂ ਸੰਘਰਸ਼ੀਲ ਯਤਨਾਂ ਸਦਕਾ ਵੱਡੀਆਂ ਲੋਕ ਹਿੱਤੂ ਪ੍ਰਾਪਤੀਆਂ ਸਿਰਫ ਪੰਜਾਬ ਸੂਬੇ ਜਾਂ ਦੇਸ਼ ਦੇ ਲੋਕਾਂ ਦਾ ਹੀ ਨਹੀਂ ਸਗੋਂ ਵਿਸ਼ਵ ਭਰ ਦੇ ਲੋਕਾਂ ਦਾ ਮੁੱਖ ਆਕਰਸ਼ਨ ਕੇਂਦਰ ਬਣੀਆਂ ਹੋਈਆਂ ਹਨ। ਸ. ਧਾਲੀਵਾਲ ਨੇ ਪੇਂਡੂ ਜਨਤਕ ਨੁਕੜ ਮੀਟਿੰਗਾਂ 'ਚ ਸ਼ਾਮਲ ਲੋਕਾਂ ਨੂੰ ਭਰੋਸਾ ਦਿੱਤਾ ਕਿ ਪਿਛਲੀਆਂ ਸਾਬਕਾ ਕਾਂਗਰਸ ਤੇ ਅਕਾਲੀ ਭਾਜਪਾ ਸਰਕਾਰਾਂ ਦੇ ਮੁਕਾਬਲੇ ਪੰਜਾਬ ਦੇ ਇਤਿਹਾਸ 'ਚ ਮੁੱਖ ਮੰਤਰੀ ਸ. ਮਾਨ ਦੀ ਅਗਵਾਈ ਵਾਲੀ ਅਜਿਹੀ ਪਹਿਲੀ ਸਰਕਾਰ ਹੈ, ਜੋ ਸ਼ਹਿਰੀ ਵਿਕਾਸ ਤੋਂ ਇਲਾਵਾ ਪਿੰਡਾਂ ਨੂੰ ਆਤਮ ਨਿਰਭਰ ਤੇ ਮਾਡਲ ਪਿੰਡਾਂ ਵੱਜੋਂ ਵਿਕਸਿਤ ਕਰਨ ਦੇ ਵਿਜ਼ਨ ਤੇ ਕੰਮ ਕਰ ਰਹੀ ਹੈ, ਜਿਸ ਦੇ ਨਤੀਜੇ ਵਜੋਂ ਪੇਂਡੂ ਵਿਕਾਸ 'ਚ ਕੋਈ ਘਾਟ ਨਹੀਂ ਆਉਣ ਦਿੱਤੀ ਜਾ ਰਹੀ ।

